ਪ੍ਰਵਾਸੀ ਪੰਜਾਬੀ ਜਨ-ਜੀਵਨ ਅਤੇ ਸਾਹਿਤ

ਸਵਰਨ ਚੰਦਨ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਬ੍ਰਤਾਨਵੀ ਪੰਜਾਬੀ ਜਨ-ਜੀਵਨ
ਅਤੇ
ਸਾਹਿਤ

ਬ੍ਰਿਤਾਨਵੀ ਪੰਜਾਬੀ ਜਨ-ਜੀਵਨ

ਅਤੇ

ਸਾਹਿਤ

ਸਵਰਨ ਚੰਦਨ

ਸੂਰਜ ਪ੍ਰਕਾਸ਼ਨ ਦਿੱਲੀ—92

British Punjabi Life
And
Literature
By
Dr. Swaran Chandan

Year : 1994

Price : Rs. 100/-

Title : Swarnjit Savi

Publishers :
Suraj Prakashan
51, Desh Bandhu Society
Patpar Gang, Delhi—92
Tel : 2225087

Printers :
Bajaj Printers,
23/7, Pant Nagar, Jangpura,
New Delhi-110014
Tel : 4636438

ਸਮਰਪਣ

ਡਾ: ਟੀ. ਆਰ. ਵਿਨੋਦ ਨੂੰ

ਲੇਖਕ ਦੀਆਂ ਹੋਰ ਸਮੀਖਿਆ ਪੁਸਤਕਾਂ

ਸੰਵੇਦਨਾ ਅਤੇ ਸਾਹਿਤ
ਅੰਮ੍ਰਿਤਾ ਪ੍ਰੀਤਮ ਦੀ ਗਲਪ ਅਤੇ ਕਾਵਿ-ਚੇਤਨਾ
ਦਵੰਦਵਾਦੀ ਸਮੀਖਿਆ ਪ੍ਰਣਾਲੀ

ਛਪਣ ਵਾਲੀਆਂ

ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਸਮਸਿਆਵਾਂ
ਸਾਹਿਤ, ਸਮਾਜ ਤੇ ਸਿਆਸਤ

ਤਰਤੀਬ

ਬ੍ਰਤਾਨਵੀ ਪੰਜਾਬੀ ਕਹਾਣੀ ਦਾ ਇਤਿਹਾਸਿਕ ਪਿਛੋਕੜ ਅਤੇ ਅਧਿਐਨ ਦੀਆਂ ਸਮੱਸਿਆਵਾਂ

ਬ੍ਰਤਾਨਵੀ ਪੰਜਾਬੀ ਕਹਾਣੀ ਦੀ ਪ੍ਰਕ੍ਰਿਤੀ, ਪ੍ਰਵਿਰਤੀ ਅਤੇ ਸੰਵੇਦਨਾ, ਭਾਰਤੀ, ਪਾਕਿਸਤਾਨੀ ਅਤੇ ਵਿਸ਼ਵ ਦੇ ਦੂਜੇ ਭਾਗਾਂ ਵਿਚ ਸਿਰਜਿਤ ਪੰਜਾਬੀ ਕਹਾਣੀ ਨਾਲੋਂ ਵੱਖਰੀ ਅਤੇ ਵਿਸ਼ਿਸ਼ਟ ਹੈ, ਅਤੇ ਇਸ ਨਿਰਣੇ ਦਾ ਮੂਲ ਆਧਾਰ ਉਹ ਨਿਖੇੜੂ-ਅੰਗ ਹੈ ਜਿਸ ਨੂੰ ਪਰਵਾਸੀ ਚੇਤਨਾ ਦਾ ਨਾਮ ਦਿਤਾ ਜਾਂਦਾ ਹੈ।

ਬ੍ਰਤਾਨਵੀ ਪੰਜਾਬੀ ਕਹਾਣੀ ਦੇ ਇਤਿਹਾਸਕ ਪਿਛੋਕੜ ਅਤੇ ਅਧਿਐਨ ਦੀਆਂ ਸਮੱਸਿਆਵਾਂ ਨੂੰ ਪ੍ਰਵਾਸੀ ਚੇਤਨਾ ਦੇ ਸੰਦਰਭ ਵਿਚ ਵਿਚਾਰਨ ਤੋਂ ਪਹਿਲਾਂ ਦੋ ਸੰਕਲਪਾਂ ਨੂੰ ਪਰਿਭਾਸ਼ਤ ਕਰ ਲੈਣਾ ਜ਼ਰੂਰੀ 'ਤੇ ਅਨਿਵਾਰੀ ਜਾਪਦਾ ਹੈ : ਇਕ ; ਪੰਜਾਬੀ ਕਹਾਣੀ ਨਾਲ ਲੱਗਾ ਵਿਸ਼ੇਸ਼ਣ-ਬ੍ਰਤਾਨਵੀ, ਅਤੇ ਦੋ ; ਪ੍ਰਵਾਸੀ-ਚੇਤਨਾ।

ਬ੍ਰਤਾਨਵੀ ਪੰਜਾਬੀ ਕਹਾਣੀ :

ਬ੍ਰਤਾਨਵੀ ਪੰਜਾਬੀ ਸਾਹਿਤ ਦਾ ਵਿਸ਼ੇਸ਼ ਚਰਿਤਰ ਹੀ ਇਸ ਦੇ ਇਸ ਵਿਸ਼ੇਸ਼ਣ ਦਾ ਉੱਤਰ ਵੀ ਹੈ। ਇਹ ਸਾਹਿਤ ਕੇਵਲ ਅਤੇ ਕੇਵਲ ਬ੍ਰਤਾਨੀਆਂ ਵਿਚ ਹੀ ਸਿਰਜਿਤ ਹੋ ਸਕਦਾ ਸੀ। ਜੇ ਸਾਹਿਤ ਅਤੇ ਸਮਾਜ ਦੇ ਦਵੰਦਾਤਮਕ ਰਿਸ਼ਤੇ ਨੂੰ ਪਰਿਕਲਪਨਾ ਮੰਨ ਲਿਆ ਜਾਵੇ ਤਾਂ ਇਸ ਤੱਥ ਦੀ ਸਚਾਈ ਨਿਰਸੰਦੇਹ ਦ੍ਰਿਸ਼ਟੀਗੋਚਰ ਹੁੰਦੀ ਪ੍ਰਤੀਤ ਹੋਵੇਗੀ ਕਿ ਬ੍ਰਤਾਨਵੀ ਪੰਜਾਬੀ ਸਾਹਿਤ ਇੰਗਲੈਂਡ ਦੀਆਂ ਵਿਸ਼ੇਸ਼ ਪਰਿਸਥਿਤੀਆਂ ਦੀ ਪੈਦਾਵਾਰ ਹੈ। ਬ੍ਰਤਾਨਵੀ ਪੰਜਾਬੀ ਸਾਹਿਤ ਦੇ ਵਿਸ਼ੇਸ਼ ਕਿਰਦਾਰ ਦਾ ਪਛਾਣ-ਚਿੰਨ੍ਹ ਬ੍ਰਤਾਨੀਆਂ ਵਿਚ ਪੰਜਾਬੀਆਂ ਦੇ ਪਿਛਲੇ ਚੌਵੀ-ਪੰਝੀ ਵਰ੍ਹਿਆਂ (ਹੁਣ ਤੀਹ ਵਰ੍ਹੇ ਦੇ ਕਰੀਬ) ਦੇ ਜੀਵਨ ਅਨੁਭਵ 'ਚੋਂ ਮਿਲਦਾ ਹੈ। ਜੀਵਨ ਦੀ ਜਿਹੜੀ ਵੀ ਰੌਅ ਪੰਜਾਬੀ ਜਨ-ਜੀਵਨ ਨੂੰ ਏਥੇ ਪੇਸ਼ ਆਈ ਉਸੇ ਦਾ ਪ੍ਰਗਟਾਅ ਏਥੋਂ ਦੇ ਸਾਹਿਤ ਨੇ ਪੁਨਰ-ਅਭਿਵਿਅਕਤੀ ਦੇ ਰੂਪ ਵਿਚ ਕੀਤਾ ਹੈ।[1]

ਉਪ੍ਰੋਕਤ ਕਾਰਨਾਂ ਕਰਕੇ ਹੀ ਅਸੀਂ ਇਸ ਖੋਜ-ਪੱਤਰ ਦੇ ਅਗਲੇ ਭਾਗਾਂ ਵਿਚ ਬ੍ਰਤਾਨਵੀ ਕਹਾਣੀ ਵਜੋਂ ਕੇਵਲ ਉਸ ਕਹਾਣੀ ਨੂੰ ਹੀ ਵਿਚਾਰ ਦਾ ਆਧਾਰ ਬਣਾਵਾਂਗੇ ਜਿਹੜੀ ਬ੍ਰਤਾਨਵੀ ਸਮਾਜਕ ਯਥਾਰਥ ਦੀ ਬਿੰਬ-ਰੂਪ ਵਿਚ ਪੁਨਰ ਅਭਿਵਿਅਕਤੀ ਕਰਦੀ ਹੈ — ਇਹ ਸਾਡੀ ਸੀਮਾ ਵੀ ਹੋਵੇਗੀ ਅਤੇ ਸੰਭਾਵਨਾ ਵੀ। 'ਚੇਤਨਾ, ਹੋਂਦ ਨੂੰ ਨਿਸ਼ਚਿਤ ਨਹੀਂ ਕਰਦੀ ਸਗੋਂ ਇਸ ਦੇ ਉਲਟ ਹੋਂਦ ਚੇਤਨਾ ਨੂੰ ਨਿਸ਼ਚਿਤ ਕਰਦੀ ਹੈ।'

ਪ੍ਰਵਾਸੀ-ਚੇਤਨਾ :

ਪ੍ਰਵਾਸੀ ਮਨੁੱਖ ਉਹ ਹੁੰਦਾ ਹੈ ਜਿਹੜਾ 'ਅਨਿਸਚਿਤ' ਸਮੇਂ ਲਈ ਰੋਟੀ ਰੋਜ਼ੀ ਦੀ ਤਲਾਸ਼ ਵਿਚ ਪਰਾਈਆਂ ਧਰਤੀਆਂ ਤੇ ਵਿਚਰਦਾ ਹੈ। ਉਹਦਾਂ ਇਹ ਵਿਚਰਨ, ਅਸਲ ਵਿਚ ਇਕ ਭਟਕਣ ਹੀ ਹੈ। ਅਤੇ ਭਟਕਣ ਇਕ ਅਜਿਹੀ ਪ੍ਰਕ੍ਰਿਆ ਹੈ ਜਿਹੜੀ ਮਾਨਸਿਕਤਾ ਨੂੰ ਸੰਤੁਲਿਤ ਹੋ ਕੇ ਇਕ ਸੱਚੇ ਵਿਚ ਢਲਣੋਂ ਰੋਕਦੀ ਰਹਿੰਦੀ ਹੈ। ਮਨੁੱਖ, ਬੇਭਰੋਸਗੀ ਅਤੇ ਬੇਪ੍ਰਤੀਤੀ ਦੀ ਜਿੱਲ੍ਹਣ ਵਿਚ ਖੁੱਭਿਆ ਰਹਿੰਦਾ ਹੈ। ਉਹਦੇ ਅੱਗੇ ਕੁਝ ਵੀ ਨਿਸ਼ਚਿਤ ਨਹੀਂ ਹੁੰਦਾ : ਉਹਦਾ ਘਰ-ਘਾਟ, ਉਹਦਾ ਵਰਤਮਾਨ, ਉਹਦਾ ਭਵਿੱਖ ਸਭ ਅਨਿਸ਼ਚਿਤ ਹੁੰਦੇ ਹਨ। ਅਸਥਿਰਤਾ ਦੀ ਇਹ ਪ੍ਰਵਿਰਤੀ ਉਹਦੀ ਮਾਨਸਿਕਤਾ ਨੂੰ ਵੀ ਅਸਥਿਰ ਬਣਾ ਦੇਂਦੀ ਹੈ, ਅਤੇ ਇਸ ਮਾਨਸਿਕਤਾ ਦਾ, ਸਮਾਜੀਕ੍ਰਿਤ ਰੂਪ, ਚੇਤਨਾ ਵੀ ਅਸਥਿਰਤਾ ਦਾ ਅਹਿਸਾਸ ਭੋਗਦੀ ਹੈ।[2]

ਅਸਥਿਰ ਮਨੁੱਖੀ ਚੇਤਨਾ ਉਤੇ ਬਾਹਰਮੁਖੀ ਪਰਿਸਥਿਤੀਆਂ ਦੇ ਪ੍ਰਭਾਵ ਬਹੁਪਰਤੀ ਤੇ ਡੂੰਘੇ ਹੁੰਦੇ ਹਨ। ਦਰਅਸਲ, ਮਨੁੱਖ ਦਾ ਅਸਤਿੱਤਵ ਹੀ ਵਿਕਸਿਤ ਹੋਣੋਂ ਰੁਕ ਜਾਂਦਾ ਹੈ ਜਿਸ ਦਾ ਸਿੱਟਾ ਉਹਦੇ ਉਪਭਾਵੁਕ ਅਤੇ ਅਦ੍ਰਿੜ੍ਹ ਹੋਣ ਵਿਚ ਹੁੰਦਾ ਹੈ। ਮਨੁੱਖ ਕਈ ਅਜਿਹੇ ਫ਼ੈਸਲੇ ਕਰ ਲੈਂਦਾ ਹੈ ਜਿਹੜੇ ਠੀਕ ਲਗਦੇ ਹੋਏ ਵੀ ਠੀਕ ਨਹੀਂ ਹੁੰਦੇ। ਇਸ ਤਰ੍ਹਾਂ ਇਹਨਾਂ ਫੈਸਲਿਆਂ ਦੇ ਸਿੱਟੇ ਹੋਰ ਭਿਆਨਕ ਰੂਪ ਵਿਚ ਉਜਾਗਰ ਹੁੰਦੇ ਹਨ ; ਤੇ ਮਨੁੱਖ ਹੋਰ ਦੁਖੀ, ਹੋਰ ਆਤੰਕਿਤ ਤੇ ਹੋਰ ਆਹਤ ਹੁੰਦਾ ਹੈ।[3]

ਉਪ੍ਰੋਕਤ ਟਿੱਪਣੀਆਂ ਵਿਚੋਂ ਕੁਝ ਵਿਸ਼ੇਸ਼ ਸੰਕਲਪ ਸਾਡੇ ਸਾਹਮਣੇ ਉਜਾਗਰ ਹੁੰਦੇ ਹਨ :

1. ਅਗੇਤਰ ਬ੍ਰਤਾਨਵੀ ਦਾ ਨਿਸ਼ਚਿਤ ਅਰਥ ;
2. 'ਪ੍ਰਵਾਸੀ' ਸੰਕਲਪ ਦੀ ਵਿਸ਼ੇਸ਼ ਸੀਮਾ ;
3. ਪ੍ਰਵਾਸੀ ਮਨੁੱਖ ਦੀ ਸਥਿਤੀ ਦਾ ਸਪਸ਼ਟੀਕਰਣ ਕਰਦੀ 'ਅਨਿਸ਼ਚਿਤਤਾ' ਅਤੇ ਇਸ ਅਨਿਸ਼ਚਿਤਤਾ ਦਾ ਸਮੇਂ ਅਤੇ ਸਥਾਨ ਦੇ ਬਿੰਦੂਆਂ 'ਤੇ ਫੈਲੇ ਹੋਣਾ।
4. ਅਸਥਿਰ ਮਾਨਸਿਕਤਾ ਅਤੇ ਅਸਥਿਰ ਚੇਤਨਾ : ਇਹਨਾਂ ਦੋਹਾਂ ਪੱਖਾਂ ਨੂੰ ਸਥਿਰ ਅਤੇ ਅਸਥਿਰ ਦੇ ਪ੍ਰਵਰਗ ਜੁੱਟ ਰਾਹੀਂ ਸਮਝਣ ਦੀ ਕੋਸ਼ਿਸ਼।

5. ਚੇਤਨਾ : ਇਹ ਵਿਸ਼ੇਸ਼ ਪਰਿਸਥਿਤੀਆਂ ਵਿਚ ਜੀਅ ਰਹੇ ਮਨੁੱਖ ਦੀ ਚੇਤਨਾ ਹੈ ਜਿਸ ਨੂੰ ਸੁਵਿਸਤਾਰ ਸਮਝਿਆ ਜਾਣਾ ਚਾਹੀਦਾ ਹੈ ।

6. ਉਪਭਾਵੁਕ ਅਤੇ ਅਦ੍ਰਿੜ ਫੈਸਲੇ, ਅਤੇ ਇਹਨਾਂ ਦੇ ਸਿੱਟੇ-ਦੁੱਖੀ, ਆਤੰਕਤ ਤੇ ਆਹਤ ਹੋਣਾ ।

'ਬ੍ਰਤਾਨਵੀ ਪੰਜਾਬੀ ਮਾਨਵ ਦਾ ਏਹੋ ਰੂਪ ਹੈ । ਉਹਨੂੰ ਅਜਿਹੀਆਂ ਅਨੁਭੂਤੀਆਂ ਮੁਯੱਸਰ ਹੋਈਆਂ ਹਨ ਜਿਹਨਾਂ ਦੇ ਫਲਸਰੂਪ ਉਹ ਅੰਦਰੋਂ ਤੇ ਬਾਹਰੋਂ ਤਿੜਕਿਆ ਹੈ । ਵਰਤਮਾਨ ਬ੍ਰਤਾਨਵੀ ਪੰਜਾਬੀ ਮਨੁੱਖ ਅੱਗੇ ਕਈ ਪ੍ਰਸ਼ਨ ਲਟਕਦੇ ਹਨ : ਪ੍ਰਵਾਸੀ ਕਾਨੂੰਨਾਂ ਦੀਆਂ ਧਾਰਾਵਾਂ, ਦੂਜੀ ਪੀੜ੍ਹੀ ਦਾ ਭਵਿੱਖ, ਅਤੇ ਉਹਨਾਂ ਦਾ ਮਾਪਿਆਂ ਪ੍ਰਤੀ ਵਤੀਰਾ ਅਰਥਾਤ ਪੀੜ੍ਹੀ-ਪਾੜਾ, ਮੰਗੇਤਰ ਸਮੱਸਿਆ, ਵਧਦੀ ਹੋਈ ਬੇਕਾਰੀ, ਭਾਰਤ ਵਿਚ ਬਚੀ-ਖੁਚੀ ਜ਼ਮੀਨ ਦੀ ਪ੍ਰਾਪਤੀ ਦਾ ਮਸਲਾ, ਵਾਪਸ ਪਰਤਣ ਦਾ ਹੇਰਵਾ, ਏਥੋਂ ਦੀ ਸੰਸਕ੍ਰਿਤੀ ਦੇ ਅਸਰ 'ਤੇ ਪੰਜਾਬੀ ਮਾਨਸਿਕਤਾ ਦਾ ਭਵਿੱਖ ਆਦਿ । ਇਹ ਤਾਂ ਉਹ ਪ੍ਰਸ਼ਨ ਹਨ ਜਿਹੜੇ ਵਰਤਮਾਨ ਵਿਚ ਉਹਦੇ ਸਾਹਮਣੇ ਪਏ ਹਨ । ਪਰ ਇਸ ਤੋਂ ਪਹਿਲਾਂ ਉਹ ਹੋਰ ਕਈ ਪ੍ਰਸ਼ਨਾਂ ਨੂੰ ਤੇ ਉਹਨਾਂ ਦੇ ਉੱਤਰਾਂ ਨੂੰ ਜਾਂ ਫਿਰ ਸਿੱਟਿਆਂ ਨੂੰ ਹੰਢਾ ਚੁੱਕਿਆ ਹੈ । ਏਥੇ ਟਿਕਣ ਦਾ ਮਸਲਾ, ਸਥਾਨਕ ਸਮਾਜ ਨਾਲ ਸਾਂਝ ਜਾਂ ਅਸਾਂਝ ਵਿਚਲਾ ਦਵੰਦਾਤਮਕ ਸੰਘਰਸ਼, ਭੂਹੇਰਵਾ, ਵਿਦਿਅਕ ਮੁਸ਼ਕਿਲਾਂ — ਅਜਿਹੇ ਅਨੇਕਾਨੇਕ ਪ੍ਰਸ਼ਨ ਉਹਦੀ ਮਾਨਸਿਕਤਾ ਤੇ ਚੇਤਨਾ ਦਾ ਕੇਂਦਰ-ਬਿੰਦੂ ਪਿੱਛਲੇ ਵੀਹਾਂ ਬ੍ਹਾਈਆਂ-ਵਰ੍ਹਿਆਂ ਤੋਂ ਤੁਰੇ ਆ ਰਹੇ ਹਨ ।

ਸਾਹਿਤ ਵਿਚ ਇਹਨਾਂ ਪ੍ਰਸ਼ਨਾਂ ਦੀ ਪ੍ਰਤੀਪਾਦਨਾ ਹੀ ਪ੍ਰਵਾਸੀ ਚੇਤਨਾ ਦੀ ਸਾਹਿਤ ਵਿਚ ਪੇਸ਼ਕਾਰੀ ਨੂੰ ਰੇਖਾਂਕਿਤ ਕਰਨ ਦਾ ਨਾਂ ਹੈ । ਪ੍ਰਵਾਸੀ ਮਨਾਂ ਵਿਚ ਲਟਕਦੇ ਪ੍ਰਸ਼ਨਾਂ, ਇਹਨਾਂ ਦੇ ਉੱਤਰਾਂ ਅਤੇ ਆਪਣੀਆਂ ਜਿੱਤਾਂ, ਹਾਰਾਂ ਦੀ ਕਹਾਣੀ ਸਮੇਤ ਪੰਜਾਬੀ ਮਨੁੱਖ ਦੀ ਮੂਲ ਪ੍ਰਵਿਰਤੀ, ਇਹਦੇ ਪਰਿਵਰਤਿਤ ਰੂਪਾਂ ਅਤੇ ਇਹਨਾਂ ਰੂਪਾਂ ਦਾ ਪਰਿਵੇਸ਼ ਨਾਲ ਸਾਖਿਆਤਕਾਰ ਆਦਿ ਪੰਜਾਬੀ ਕਹਾਣੀ ਦੇ ਸਾਮ੍ਹਣੇ ਪਏ ਉਹ ਮਸਲੇ ਹਨ ਜਿਨ੍ਹਾਂ ਨੂੰ ਨਜਿੱਠਣਾ ਸਮਾਂ-ਸਾਪੇਖ ਅਤੇ ਸਮਾਨ-ਅੰਤਰ ਕਹਾਣੀ ਦਾ ਪ੍ਰਮੁੱਖ ਕਰਤੱਵ ਹੈ ।[4]

ਉਪ੍ਰੋਕਤ ਤੋਂ ਇਕ ਗੱਲ ਤਾਂ ਸੁਪਸ਼ਟ ਹੁੰਦੀ ਹੀ ਹੈ ਕਿ ਜਦੋਂ ਅਸੀਂ ਬ੍ਰਤਾਨੀਆਂ ਵਿਚ ਪਹਿਲਾਂ ਪ੍ਰਵਾਸੀ ਬਣ ਕੇ ਆਏ ਅਤੇ ਹੁਣ ਆਬਾਦਕਾਰ ਬਣ ਕੇ ਰਹਿ ਰਹੇ ਪੰਜਾਬੀ ਮਨੁੱਖ ਦੇ ਵਸਤੂਪਰਕ ਇਤਿਹਾਸ ਦੀ ਗੱਲ ਕਰਦੇ ਹਾਂ ਤਾਂ ਇਹ ਗੱਲ ਪ੍ਰਵਾਸੀ ਚੇਤਨਾ ਦੀ ਹੀ ਗੱਲ ਹੁੰਦੀ ਹੈ, ਅਤੇ ਪ੍ਰਵਾਸੀ ਚੇਤਨਾ ਦੀ ਗੱਲ ਉਹਨਾਂ ਸਮੱਸਿਆਵਾਂ ਦੀ ਗੱਲ ਹੈ ਜਿਹੜੀਆਂ ਵਸਤੂਪਰਕ ਯਥਾਰਥ ਦੀ ਸ਼ਕਲ ਵਿਚ ਪ੍ਰਵਾਸੀ ਮਨੁੱਖ ਦੇ ਤੀਹ-ਸਾਲਾ ਇਤਿਹਾਸ ਉਤੇ ਫੈਲੀਆਂ ਹੋਈਆਂ ਹਨ । ਤੇ ਜਦੋਂ ਅਸੀਂ ਬ੍ਰਤਾਨਵੀ ਪੰਜਾਬੀ ਕਹਾਣੀ ਦੇ ਇਤਿਹਾਸਕ ਪਿਛੋਕੜ ਨੂੰ ਉਲੀਕ ਰਹੇ ਹੋਵਾਂਗੇ ਤਾਂ ਇਹ ਪ੍ਰਵਾਸੀ ਚੇਤਨਾ ਵਿਚ ਪ੍ਰਤਿਬਿੰਬਤ ਉਸ ਸਮਾਜਕ ਯਥਾਰਥ ਦੀ ਗੱਲ ਹੋਵੇਗੀ ਜਿਸ ਨੂੰ ਬ੍ਰਤਾਨਵੀ ਪੰਜਾਬੀ ਕਹਾਣੀ ਬਿੰਬ-ਰੂਪ ਵਿਚ ਰੂਪਾਂਤਰਿਤ ਕਰਦੀ ਆਈ ਹੈ ।

ਇਤਿਹਾਸਕ ਪਿਛੋਕੜ ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ, ਇਕ ਵਾਰੀ ਫਿਰ ਸੰਕਲਪ 'ਅਨਿਸ਼ਚਿਤ' ਨੂੰ ਸਮਝ ਲਿਆ ਜਾਏ। ਅਸੀਂ ਇਸ ਦੇ ਵਿਰੋਧ 'ਨਿਸ਼ਚਿਤ' ਨੂੰ ਹੀ ਸਪਸ਼ਟ ਕਰਨਾ ਚਾਹਵਾਂਗੇ। ਨਿਸ਼ਚਿਤ ਸਮਾਂ, ਨਿਸ਼ਚਿਤ ਸਥਿਤੀਆਂ/ਪਰਿਸਥਿਤੀਆਂ ਅਤੇ ਨਿਸ਼ਚਿਤ ਸਥਾਨ — ਇਹਨਾਂ ਸਭ ਦਾ ਸੰਬੰਧ ਨਾ ਤਾਂ ਪ੍ਰਵਾਸੀ ਨਾਲ ਹੈ ਅਤੇ ਨਾ ਹੀ ਆਬਾਦਕਾਰ (Settler) ਨਾਲ; ਇਹਨਾਂ ਦਾ ਸੰਬੰਧ ਕੇਵਲ 'ਬਦੇਸ਼ਤਾ' ਨਾਲ ਹੈ। 'ਬਦੇਸ਼ਤਾ' ਦਾ ਸੰਕਲਪ ਉਹਨਾਂ ਲੋਕਾਂ ਨਾਲ ਸੰਬੰਧ ਰਖਦਾ ਹੈ ਜਿਹੜੇ ਕਿਸੇ ਦੂਜੇ ਦੇਸ਼ ਵਿਚ, ਕਿਸੇ ਵੀ ਕਾਰਜ ਲਈ, ਨਿਸ਼ਚਿਤ ਸਮੇਂ, ਸਥਿਤੀਆਂ ਅਤੇ ਪਰਿਸਥਿਤੀਆਂ ਵਿਚ ਲਈ ਜਾਣ। ਬਦੇਸ਼ੀ ਵਿਦਿਆਰਥੀ, ਬਦੇਸ਼ੀ ਲੋਕ, ਬਦੇਸ਼ੀ ਸਾਹਿਤ ਆਦਿ ਇਸ ਦੀਆਂ ਮਿਸਾਲਾਂ ਹੋ ਸਕਦੀਆਂ ਹਨ। ਆਬਾਦਕਾਰ ਦਾ ਸੰਬੰਧ (ਵਿਸ਼ੇਸ਼ ਰੂਪ ਵਿਚ ਪਹਿਲੀ ਪੀੜ੍ਹੀ ਦੇ ਆਬਾਦਕਾਰ ਦਾ) ਉਹਨਾਂ ਪਰਿਪੇਖਾਂ ਨਾਲ ਹੈ ਜਿਹੜੇ ਨਿਸ਼ਚਿਤ ਅਤੇ ਅਨਿਸ਼ਚਿਤ ਦੇ ਬਿੰਦੂਆਂ ਦੇ ਵਿਚਾਲੇ ਜਿਹੇ ਸਥਿੱਤ ਹਨ। ਇਹਨਾਂ ਸੰਕਲਪਾਂ ਨੂੰ ਵਿਸਥਾਰ ਵਿਚ ਅਸੀਂ ਅੱਗੇ ਕਿਤੇ ਜਾ ਕੇ ਵਿਚਾਰਾਂਗੇ।

ਦੂਜੀ ਵੱਡੀ ਜੰਗ ਤੋਂ ਪਿਛੋਂ ਬ੍ਰਤਾਨੀਆਂ ਨੂੰ ਆਪਣੀਆਂ ਫੈਕਟਰੀਆਂ ਅਤੇ ਫੌਂਡਰੀਆਂ ਨਾ ਸਿਰਫ ਚਲਦੀਆਂ ਰੱਖਣ ਲਈ ਸਗੋਂ ਉਤਪਾਦਨ ਨੂੰ ਵਧਾਉਣ ਲਈ ਗ਼ੈਰ-ਹੁਨਰਮੰਦ ਕਿਰਤ-ਸ਼ਕਤੀ ਦੀ ਬੜੀ ਲੋੜ ਸੀ। 'ਤੇ ਇਸ ਕਿਰਤ-ਸ਼ਕਤੀ ਦੀ ਪ੍ਰਾਪਤੀ ਲਈ ਕੁਦਰਤੀ ਤੌਰ ਤੇ ਸਭ ਤੋਂ ਪਹਿਲਾਂ ਉਹਨਾਂ ਦਾ ਧਿਆਨ ਆਪਣੀਆਂ ਸਾਬਕਾ ਬਸਤੀਆਂ ਵੱਲ ਹੀ ਗਿਆ ਜਿਥੋਂ ਦੀ ਸਵੈ-ਉਤਪਾਦਿਤ ਗਰੀਬੀ, ਅਭਾਵ-ਗ੍ਰਸਤ ਜ਼ਿੰਦਗੀ, ਉੱਧੜੀ ਹੋਈ ਆਰਥਕਤਾ ਅਤੇ ਬੇਕਾਰੀ ਦੀ ਸੰਗੀਨ ਅਵਸਥਾ ਤੋਂ ਇਹ ਵਾਕਿਫ਼ ਹੀ ਸਨ। ਇਹਨਾਂ ਬਸਤੀਆਂ ਨੂੰ ਹੁਣ ਕਾਮਨਵੈਲਥ ਯਾਨਿ ਸਾਂਝੀ-ਦੌਲਤ ਕਿਹਾ ਜਾਣ ਲਗ ਪਿਆ ਸੀ। ਇਸ ਤਰ੍ਹਾਂ 1950ਵਿਆਂ ਵਿਚ ਭਾਰਤ, ਪਾਕਿਸਤਾਨ ਤੋਂ ਕਿਰਤੀ ਜਨਤਾ ਏਥੇ ਆਉਣੀ ਸ਼ੁਰੂ ਹੋ ਗਈ। ਇਸ ਤੋਂ ਪਹਿਲਾਂ ਯਾਨਿ ਜੰਗ ਤੋਂ ਇਕ ਦਮ ਬਾਅਦ ਬਹੁਤ ਸਾਰੀ ਗਿਣਤੀ ਪੌਲਿਸ਼ ਸਾਬਕਾ-ਫੌਜੀਆਂ ਦੀ ਏਥੇ ਆਈ ਸੀ।

ਹਾਲਾਂਕਿ ਪੰਜਾਬ ਅੰਗ੍ਰੇਜ਼ਾਂ ਦੇ ਅਧੀਨ ਸਭ ਤੋਂ ਪਿਛੋਂ ਹੋਇਆ ਸੀ, ਪਰ ਇਕ ਤੋਂ ਵਧੇਰੇ ਕਾਰਨਾਂ ਕਰਕੇ ਇਸ ਦੀ ਆਰਥਕਤਾ ਨੂੰ ਵਧੇਰੇ ਢਾਹ ਲੱਗੀ ਸੀ। ਅਤੇ ਪੰਜਾਬੀ ਨੌਜਵਾਨ, ਵਿਸ਼ੇਸ਼ ਕਰਕੇ ਥਲਵੀਂ ਕਿਸਾਣੀ ਨਾਲ ਸੰਬੰਧਤ ਲੋਕ ਅਜਿਹਾ ਮੌਕਾ ਹੀ ਭਾਲਦੇ ਸਨ। ਇਸ ਲਈ ਇੰਗਲੈਂਡ ਪਹੁੰਚਣ ਵਾਲੇ ਪਹਿਲੇ ਲੋਕ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕਿਸਾਨ ਪਰਿਵਾਰਾਂ ਦੇ ਨੌਜਵਾਨ ਸਿੱਖ ਸਨ। 1857 ਦੇ ਗ਼ਦਰ ਤੋਂ ਪਿਛੋਂ ਅੰਗ੍ਰੇਜ਼ਾਂ ਨੇ ਬਹੁਤੀ ਫੌਜੀ ਭਰਤੀ ਇਹਨਾਂ ਹੀ ਇਲਾਕਿਆਂ ਵਿਚੋਂ ਕੀਤੀ ਸੀ; ਅਤੇ ਇਹਨਾਂ ਹੀ ਫੌਜੀ ਜਵਾਨਾਂ ਨੇ ਬ੍ਰਤਾਨਵੀ ਸਾਮਰਾਜੀ ਹਿੱਤਾਂ ਦੀ ਸੰਸਾਰ ਭਰ ਵਿਚ ਰਾਖੀ ਕੀਤੀ ਸੀ। 1857 ਤੋਂ ਪਿਛੋਂ ਪੰਜਾਬ ਦੀ 'ਭੂਮੀਪਤੀ-ਇਲੀਟ' ਨੂੰ ਆਪਣੇ ਪੱਖ ਵਿਚ ਰੱਖਣ ਲਈ ਤਕੜਿਆਂ ਵੀ ਕੀਤਾ ਸੀ ਅਤੇ ਪੱਛਮੀ

ਪੰਜਾਬ ਦੀ ਕੁਝ ਸੋਕੇ-ਮਾਰੀ ਧਰਤੀ ਨੂੰ ਬ੍ਰਤਾਨਵੀ ਮੰਡੀ ਲਈ ਕੈਸ਼-ਫਸਲਾਂ ਉਗਾਉਣ ਦੀ ਪ੍ਰਕ੍ਰਿਆ ਵਿਚ ਧਨੀ ਕਿਸਾਨਾਂ ਦੀ ਇਕ ਜਮਾਤ ਵੀ ਪੈਦਾ ਕੀਤੀ ਸੀ। ਇਹ ਧਨੀ ਕਿਸਾਨ, ਦਰਅਸਲ, ਬਹੁਤੇ ਸਾਬਕਾ ਤੇ ਰਿਟਾਇਰਡ-ਸ਼ੁਦਾ ਫੌਜੀ ਸਨ। ਪਰ ਏਸ ਭੂਮੀ-ਪ੍ਰਬੰਧ ਦਾ ਸਮਾਜਕ ਅਤੇ ਆਰਥਕ ਤੌਰ ਤੇ ਸਮਾਜ ਨੂੰ ਕਾਫੀ ਨੁਕਸਾਨ ਹੋਇਆ, 'ਤੇ ਇਸ ਦੇ ਸਿੱਟੇ ਵਜੋਂ ਪੰਜਾਬੀ ਨੌਜਵਾਨ ਈਸਟ ਅਫਰੀਕਾ ਵੱਲ, ਨੀਯਤ-ਸਮੇਂ ਦੇ ਕਿਰਤੀਆਂ ਵਜੋਂ ਬ੍ਰਤਾਨਵੀ ਰੇਲਵੇ ਦੀ ਉਸਾਰੀ ਕਰਨ ਲਈ ਤੁਰ ਪਏ ਸਨ। 1947 ਵਿਚ ਪੰਜਾਬ ਵੰਡਿਆ ਗਿਆ ਅਤੇ ਇਸ ਤਰ੍ਹਾਂ ਜੜ੍ਹੋਂ ਉੱਖੜੇ ਹੋਏ ਅਤੇ ਟਿਕਾਣਾ ਲਭਦੇ ਲੋਕਾਂ ਦੀ ਇਕ ਵੱਡੀ ਗਿਣਤੀ ਵਜੂਦ ਵਿਚ ਆ ਗਈ। ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਇਸ ਦੌਰਾਨ ਵਸੋਂ ਦੇ ਵਧਣ ਨਾਲ ਵੀ ਅਤੇ ਪਾਕਿਸਤਾਨੋਂ ਆਏ ਸ਼ਰਨਾਰਥੀਆਂ ਕਰਕੇ ਵੀ ਵਸੋਂ ਬਹੁਤ ਵਧ ਗਈ, ਅਤੇ ਲੋਕ ਰੋਟੀ-ਰੋਜ਼ੀ ਲਈ ਕੋਈ ਵੀ ਬਾਹਰ ਨੂੰ ਜਾਂਦਾ ਰਸਤਾ ਲਭਦੇ ਸਨ।[5]

1951 ਦੀ ਮਰਦਮ ਸ਼ੁਮਾਰੀ ਅਨੁਸਾਰ ਸਾਊਥਾਲ ਦੇ ਇਲਾਕੇ ਦੀ ਕੁੱਲ 55,896 ਦੀ ਅਬਾਦੀ ਵਿਚੋਂ 330 ਕਾਮਨਵੈਲਥ ਦੇ ਲੋਕ ਸਨ। ਇਹ ਲੋਕ ਆਮ ਕਰਕੇ ਕਿਸਾਣਾ-ਪਰਿਵਾਰਾਂ ਵਿਚੋਂ ਸਨ ਜਿਹਨਾਂ ਕੋਲ ਜਾਂ ਤਾਂ ਜ਼ਮੀਨ ਦੀ ਘਾਟ ਸੀ, ਅਤੇ ਜਾਂ ਪ੍ਰਾਪਤ ਜ਼ਮੀਨ ਉਤੇ ਨਿਰਭਰ ਜੀਆਂ ਦੀ ਬਹੁਤਾਤ ਸੀ, ਜਾਂ ਇਸ ਜ਼ਮੀਨ ਵਿਚੋਂ ਸਾਧਨਾਂ ਦੀ ਘਾਟ ਕਰਕੇ ਯੋਗ ਪੈਦਾਵਾਰ ਨਹੀਂ ਸੀ ਹੋ ਸਕਦੀ। ਇਹ ਲੋਕ ਜ਼ਮੀਨ ਦਾ ਇਕ ਅੱਧ ਟੋਟਾ ਵੇਚ ਕੇ ਜਾਂ ਹੱਥ-ਹੁਦਾਰ ਫੜ ਕੇ ਬ੍ਰਤਾਨੀਆਂ ਪਹੁੰਚੇ। ਇਹਨਾਂ ਲੋਕਾਂ ਦੀਆਂ ਆਪਣੀਆਂ ਵਿਸ਼ੇਸ਼ ਧਾਰਮਿਕ, ਸਭਿਆਚਾਰਕ ਅਤੇ ਸਮਾਜਿਕ ਮਾਨਤਾਵਾਂ ਅਤੇ ਆਸਥਾਵਾਂ ਸਨ। ਨਵਾਂ ਪਰਿਵੇਸ਼ ਇਹਨਾਂ ਲਈ ਨਾ ਸਿਰਫ ਓਪਰਾ ਸੀ ਸਗੋਂ ਇਹਨਾਂ ਦੀ ਤਰਜ਼ੇ ਜ਼ਿੰਦਗੀ ਦੇ ਘੋਰ ਵਿਪਰੀਤ ਵੀ। ਅੰਗ੍ਰੇਜ਼ੀ ਭਾਸ਼ਾ ਦੀ ਅਣਹੋਂਦ ਇਹਨਾਂ ਲਈ ਸੰਚਾਰ ਦੀ ਸੁਵਿਧਾ ਦੇ ਰਾਹ ਵਿਚ ਬੜੀ ਭਾਰੀ ਰੁਕਾਵਟ ਸੀ। ਪਿਛੋਂ ਆ ਕੇ, ਜੀਵਨ ਦੇ ਤਜਰਬੇ ਰਾਹੀਂ ਇਹਨਾਂ ਲੋਕਾਂ ਨੇ ਅੰਗ੍ਰੇਜ਼ੀ ਭਾਸ਼ਾ ਦੇ ਕੁਝ ਸ਼ਬਦਾਂ ਦਾ ਪੰਜਾਬੀਕਰਣ ਕੁਝ ਇਸ ਤਰ੍ਹਾਂ ਕਰ ਲਿਆ ਕਿ ਇਹ ਸਥਾਨਕ ਗੋਰੀ ਵਸੋਂ ਨਾਲ ਭਾਸ਼ਕ ਸੰਚਾਰ ਸਥਾਪਿਤ ਕਰ ਸੱਕਣ।

'ਭਾਸ਼ਾ, ਚੇਤਨਾ ਵਾਂਗ ਸਿਰਫ ਲੋੜ 'ਚੋਂ ਪੈਦਾ ਹੁੰਦੀ ਹੈ, ਦੂਜਿਆਂ ਨਾਲ ਸੰਚਾਰ ਦੀ ਲੋੜ ਵਿਚੋਂ। ਜਿੱਥੇ ਵੀ ਕੋਈ ਸੰਬੰਧ ਅਸਤਿੱਤਵਸ਼ੀਲ ਹੈ ਉਥੇ ਹੀ ਇਹ (ਭਾਸ਼ਾ) ਵੀ ਅਸਤਿੱਤਵਸ਼ੀਲ ਹੈ। ਭਾਸ਼ਾ ਅਮਲੀ ਤੇ ਵਾਸਤਵਿਕ ਚੇਤਨਾ ਹੈ।'[6]

ਇਹਨਾਂ ਲੋਕਾਂ ਨੇ 'ਵਿੰਡੋਜ਼' ਨੂੰ 'ਬਿੰਡੇ'; 'ਕਰਟਨਜ਼' ਨੂੰ 'ਕਾਟਨਾਂ'; 'ਟਮਾਟਰਾਂ' ਨੂੰ 'ਟਮ੍ਹਾਟੇ' ਆਦਿ ਵਿਚ ਤਬਦੀਲ ਕਰ ਲਿਆ ਅਤੇ ਇਸੇ ਤਰ੍ਹਾਂ 'ਘ੍ਹ ਵਰਕ', 'ਮੀ ਵਰਕ', ਓਵਰਟੈਮ ਆਦਿ ਅਨੇਕਾਂ ਸ਼ਬਦਾਂ ਦੀ ਪੰਜਾਬੀ ਘਾੜਤ ਕੀਤੀ। ਇਹ ਪਹਿਲੇ ਪੂਰ ਦੇ ਲੋਕ ਆਮ ਕਰਕੇ ਕਿਸ਼ਤੀਆਂ ਜਾਂ ਪਾਣੀ ਵਾਲੇ ਜਹਾਜ਼ਾਂ ਰਾਹੀਂ ਬ੍ਰਤਾਨੀਆਂ ਪਹੁੰਚੇ। ਇਹਨਾਂ 'ਚੋਂ ਬਹੁਤੇ ਤਾਂ ਈਸਟ ਲੰਡਨ ਦੇ ਬਹੁਤ ਹੀ ਪੁਰਾਣੇ ਇਲਾਕੇ 'ਆਲਡਗੇਟ' ਵਿਚ ਹੀ ਰਹਿਣ ਲਗ ਪਏ ਜਿਹੜਾ 'ਈਸਟ ਇੰਡੀਆ ਡੋਕਸ'

ਦੇ ਬਿਲਕੁਲ ਨਾਲ ਹੈ। ਅੱਜ ਕੱਲ੍ਹ 'ਆਲਡਗੇਟ' ਦਾ ਇਹ ਇਲਾਕਾ ਭਾਰਤੀ ਤੇ ਪਾਕਿਸਤਾਨੀ ਲੋਕਾਂ ਦੇ 'ਹੋਲਸੇਲ' ਵਪਾਰ ਦਾ ਮੁੱਖ ਅੱਡਾ ਹੈ। ਇਹਨਾਂ 'ਚੋਂ ਬਹੁਤੇ ਲੋਕ ਹਰ ਰੋਜ਼ ਸਵੇਰੇ ਆਲਡਗੇਟ ਤੋਂ ਸਾਊਥਾਲ ਦੀ 'ਵੂਲਫ ਰਬੜ ਫੈਕਟਰੀ' ਅਤੇ ਹੋਰਨਾਂ ਫੈਕਟਰੀਆਂ ਵਿਚ ਕੰਮ ਕਰਨ ਲਈ ਜਾਂਦੇ ਤੇ ਸ਼ਾਮ ਨੂੰ ਹਨੇਰੇ ਹੋਏ ਵਾਪਸ ਮੁੜ ਜਾਂਦੇ ਸਨ।[7]

ਕਿਉਂਕਿ ਪਹਿਲਾਂ ਪਹਿਲ ਬ੍ਰਤਾਨਵੀ ਉਦਯੋਗ ਨੂੰ ਸਸਤੀ ਕਿਰਤ-ਸ਼ਕਤੀ ਦੀ ਲੋੜ ਬੜੀ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਸੀ, ਇਸ ਲਈ ਇਹਨਾਂ ਦੀ ਵੱਖਰੀ ਸਭਿਆਚਾਰਕ ਪਛਾਣ ਨੂੰ ਮਗਰੋਂ ਆਉਣ ਵਾਲੇ ਪੂਰਾਂ ਨਾਲੋਂ ਤੁਲਨਾਤਮਿਕ ਤੌਰ ਤੇ ਘੱਟ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਦਰਅਸਲ, ਇਹਨਾਂ ਦੇ ਸੰਕਟ ਸੰਚਾਰ ਅਤੇ ਰਿਹਾਇਸ਼ ਦੇ ਵੱਧ ਸਨ ਅਤੇ ਆਪਾ-ਪਛਾਣ ਦੇ ਘੱਟ। ਇਹ ਲੋਕ ਪੰਜਾਬ ਅਤੇ ਪਾਕਿਸਤਾਨ (ਮੀਰਪੁਰ ਤੇ ਸਿਲਹਟ) ਵਿਚੋਂ ਇਕੱਲੇ-ਕਾਰੇ ਆਏ ਸਨ ਅਤੇ ਚਾਰ ਪੈਸੇ ਕਮਾ ਕੇ ਮੁੜ ਜਾਣਾ ਚਾਹੁੰਦੇ ਸਨ। ਪਰ ਪਿੱਛੇ ਘਰਦਿਆਂ ਨੂੰ ਪੈਸੇ ਭੇਜ ਕੇ, ਰੋਟੀ-ਪਾਣੀ ਦਾ ਖਰਚਾ ਕੱਢ ਕੇ ਪੈਸੇ ਬਚਦੇ ਹੀ ਨਹੀਂ ਸਨ। ਇਸ ਲਈ ਇਹਨਾਂ ਨੇ ਆਪਣੇ ਬ੍ਰਤਾਨੀਆਂ ਵਿਚ ਰਹਿਣ-ਸਮੇਂ ਨੂੰ ਲੰਮਾ ਕਰਕੇ ਪੈਸੇ ਜੋੜਣ ਬਾਰੇ ਸੋਚਿਆ ਅਤੇ ਕਿਰਾਏ ਦੇ ਮਕਾਨਾਂ (ਕਮਰਿਆਂ) ਵਿਚ ਰਹਿਣ ਲੱਗੇ। ਪੂਰਬੀ ਲੰਡਨ ਦੇ ਇਲਾਕੇ 'ਚੋਂ ਬਾਹਰ ਜਾ ਕੇ, 60 ਘੰਟੇ ਹਫ਼ਤਾ (ਇਹ ਕੰਮ ਦਾ ਉਦੋਂ ਆਮ ਸਮਾਂ ਸੀ ਜਦੋਂ ਕਿ ਬਹੁਤ ਦੇਰ ਪਿਛੋਂ ਟਰੇਡ-ਯੂਨੀਅਨਾਂ ਦੀਆਂ ਕੋਸ਼ਿਸ਼ਾਂ ਸਦਕਾ ਇਹ ਸਮਾਂ ਘਟਾ ਕੇ ਚਾਲ੍ਹੀ ਘੰਟੇ ਕੀਤਾ ਗਿਆ) ਕੰਮ ਕਰਕੇ ਫਿਰ ਵਾਪਸ ਜਾਣਾ ਬਹੁਤ ਔਖਾ ਕੰਮ ਸੀ। ਇਸ ਲਈ ਇਹ ਲੋਕ ਕੰਮ ਵਾਲੀ ਥਾਂ ਦੇ ਲਾਗੇ ਚਾਗੇ ਹੀ ਰਿਹਾਇਸ਼ ਦਾ ਇੰਤਜ਼ਾਮ ਕਰਨ ਦੀ ਸੋਚਣ ਲੱਗੇ। ਪਰ ਸਾਰੇ ਮਕਾਨ ਗੋਰੇ ਲੋਕਾਂ ਦੇ ਸਨ ਅਤੇ ਉਹ ਕਾਲੇ ਲੋਕਾਂ ਨੂੰ ਕੁੱਤਿਆਂ ਨਾਲੋਂ ਵੀ ਘਟੀਆ ਸਮਝਦੇ ਸਨ। ਉਹਨਾਂ ਹੀ ਦਿਨਾਂ ਵਿਚ ਖਾਲੀ ਕਮਰਾ ਕਿਰਾਏ 'ਤੇ ਦੇਣ ਲਈ ਇਕ ਅਖਬਾਰਾਂ ਵਾਲੀ ਦੁਕਾਨ ਦੇ ਬਾਹਰ ਲੱਗਾ ਇਸ਼ਤਿਹਾਰ ਇਹ ਸੀ: 'ਕਿਰਾਏ ਲਈ ਖਾਲੀ — ਬਹੁਤ ਸੋਹਣਾ ਇਕੱਲੇ ਮੰਜੇ ਵਾਲਾ ਕਮਰਾ ਜਿਸ ਵਿਚ ਖਾਣ-ਪਕਾਉਣ ਦੀਆਂ ਸਹੂਲਤਾਂ ਹਨ। ਕੰਮ ਕਰਦੇ ਕਿਸੇ ਸ਼ਰੀਫ ਆਦਮੀ ਜਾਂ ਔਰਤ ਲਈ ਢੁੱਕਵਾਂ ਹੈ। ਇਜ਼ਤਦਾਰ ਲੋਕ ਹੀ ਅਰਜ਼ ਲੈ ਕੇ ਆਉਣ। ਕਾਲੇ ਨਹੀਂ ਚਾਹੀਦੇ।'[8]

ਨਾ ਹੀ ਸਥਾਨਕ ਕਾਊਂਸਲਾਂ ਅਤੇ ਨਾ ਹੀ ਫੈਕਟਰੀਆਂ ਦੇ ਮਾਲਕ, ਇਹਨਾਂ ਲੋਕਾਂ ਦੀ ਰਿਹਾਇਸ਼ ਬਾਰੇ ਕੁਝ ਸੋਚਣ ਨੂੰ ਤਿਆਰ ਸਨ; ਤੇ ਘਰ ਖ੍ਰੀਦਣ ਲਈ ਇਹਨਾਂ ਲੋਕਾਂ ਕੋਲ ਪੈਸੇ ਨਹੀਂ ਸਨ। ਰਿਹਾਇਸ਼ ਦੀਆਂ ਤੰਗੀਆਂ ਤੋਂ ਅੱਕੇ ਹੋਇਆਂ ਇਹਨਾਂ ਲੋਕਾਂ ਨੇ ਫੇਰ ਕੁਝ ਜਣਿਆਂ ਇਕੱਠਿਆਂ ਪੈਸੇ ਪੂਲ ਕਰਕੇ ਇਕ ਘਰ, ਫੇਰ ਇਕ ਹੋਰ ਤੇ ਇਸ ਤਰ੍ਹਾਂ ਹੌਲੀ ਹੌਲੀ ਘਰ ਖ੍ਰੀਦਦੇ ਗਏ ਤੇ ਉਹਨਾਂ ਘਰਾਂ ਨੂੰ ਭਾਰਤੀ ਤੇ ਪਾਕਿਸਤਾਨੀ ਤੇ ਵੈਸਟ ਇੰਡੀਅਨ ਕਿਰਾਏਦਾਰਾਂ ਨਾਲ ਤੂੜ ਦਿਤਾ। ਪਰ ਇਹ ਘਰ (ਵਿਸ਼ੇਸ਼ ਕਰਕੇ ਸਾਊਥਾਲ ਵਿਚ) ਉਹ ਸਨ ਜਿਹਨਾਂ ਵਿਚ ਸੁਵਿਧਾਵਾਂ ਦੀ

ਬੜੀ ਵੱਡੀ ਘਾਟ ਸੀ ਕਿਉਂਕਿ ਇਹ, ਇਕ ਤਾਂ 19ਵੀਂ ਸਦੀ ਦੇ ਅਖੀਰ ਵਿਚ ਜਾਂ 20ਵੀਂ ਸਦੀ ਦੇ ਸ਼ੁਰੂ ਵਿਚ ਬਣਾਏ ਗਏ ਸਨ ਤੇ ਦੂਜਾ ਕਾਮਾ-ਜਮਾਤ ਦਾ ਏਰੀਆ ਸੀ। ਇਕ ਇੰਟਰਵਿਊ ਵਿਚ ਇਕ ਭਾਰਤੀ ਕਾਮਾ ਕਹਿੰਦਾ ਹੈ: 'ਤੁਸੀਂ ਸੋਚ ਨਹੀਂ ਸਕਦੇ ਕਿ ਅਸੀਂ ਉਹਨੀਂ ਦਿਨੀਂ ਕਿਵੇਂ ਜਾਂਗਲੀਆਂ ਵਾਂਗੂੰ ਰਹਿੰਦੇ ਸਾਂ। ਅਗਲੇ ਕਮਰੇ ਵਿਚ ਤਿੰਨ ਮੰਜੇ ਜਿਹਨਾਂ 'ਚੋਂ ਦੋ ਵੱਡੇ। ਏਦਾਂ ਹੀ ਪਿਛਲਾ ਕਮਰਾ। ਪਹਿਲੀ ਛੱਤ ਉਤੇ ਦੋ ਕਮਰਿਆਂ ਵਿਚ ਪੰਜ ਮੰਜੇ ਤੇ ਵੱਡੇ ਉਪਰਲੇ ਕਮਰੇ ਵਿਚ ਚਾਰ ਮੰਜੇ। ਤੇ ਰਹਿਣ ਵਾਲੇ 20-25 ਤੋਂ ਘੱਟ ਨਹੀਂ ਸਨ ਹੁੰਦੇ। ਦਿਨ ਵਾਲੀ ਸ਼ਿਫ਼ਟ ਵਾਲੇ ਉਹਨਾਂ ਮੰਜਿਆਂ ਨੂੰ ਰਾਤ ਨੂੰ ਇਸਤੇਮਾਲ ਕਰਦੇ ਅਤੇ ਰਾਤ ਦੀਆਂ ਸ਼ਿਫ਼ਟਾਂ ਵਾਲੇ ਦਿਨੇ ਵਰਤਦੇ ਸਨ।'[9]

ਰਿਹਾਇਸ਼ ਦੀ ਘਾਟ ਅਤੇ ਨਸਲੀ ਵਿਤਕਰੇ ਨੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਸੀ। ਆਇਰਸ਼ ਲੋਕਾਂ ਅਤੇ ਭਾਰਤੀ-ਪਾਕਿਸਤਾਨੀਆਂ ਦਾ, ਇਕੋ ਹੀ ਬਸਤੀਵਾਦੀ ਇਤਿਹਾਸ ਹੋਣ ਕਰਕੇ ਕਾਫ਼ੀ ਬਣਦੀ ਸੀ, ਤੇ ਇਸੇ ਤਰ੍ਹਾਂ ਹੀ ਵੈਸਟ ਇੰਡੀਅਨ ਵੀ ਨਾਲ ਹੀ ਸਨ।[10] 45% ਪੰਜਾਬੀ ਅੰਗ੍ਰੇਜ਼ੀ ਤੋਂ ਬਿਲਕੁਲ ਕੋਰੇ ਸਨ। 20% ਦੇ ਕਰੀਬ ਅੰਗ੍ਰੇਜ਼ੀ ਬੋਲ ਸਕਣ ਤੇ ਲਿਖ ਸਕਣ ਵਾਲੇ ਉਹਨਾਂ ਦੇ ਲੀਡਰ ਬਣ ਗਏ। ਪੜ੍ਹੇ ਹੋਏ ਇਕ ਤਾਂ ਉਲਥਾਕਾਰੀ ਦਾ ਕੰਮ ਕਰਦੇ ਅਤੇ ਦੂਜਾ, ਆਪਣੇ ਭਾਈਬੰਦਾਂ ਦੇ ਟੈਕਸ ਵਾਲੇ ਫ਼ਾਰਮ ਭਰ ਕੇ ਦੇਂਦੇ ਸਨ। ਉਹ ਨੌਕਰੀਆਂ ਅਤੇ ਰਿਹਾਇਸ਼ਾਂ ਲੱਭਾਉਣ ਵਿਚ ਵੀ ਆਪਣੇ ਭਾਈਬੰਦਾਂ ਦੀ ਮਦਦ ਕਰਦੇ ਸਨ।[11]

ਇਹ ਲੋਕ (ਪੜ੍ਹੇ ਹੋਏ) ਇੰਡੀਆ ਤੋਂ ਹੀ ਸਿਆਸਤ ਅਤੇ ਲੋਕਾਂ ਵਿਚ ਕੰਮ ਕਰਨ ਦਾ ਅਨੁਭਵ ਲੈ ਕੇ ਆਏ ਸਨ, ਅਤੇ ਭਾਰਤੀਆਂ ਨੂੰ ਆਉਂਦੀਆਂ ਮੁਸ਼ਕਿਲਾਂ ਨੂੰ ਕਿਸੇ ਤਰ੍ਹਾਂ ਸਰ ਕਰਨ ਲਈ ਇਹਨਾਂ ਨੇ ਰਲ ਕੇ, 3 ਮਾਰਚ 1957 ਨੂੰ 'ਇੰਡੀਅਨ ਵਰਕਰਜ਼ ਐਸੋਸੀਏਸ਼ਨ' ਦੀ ਨੀਂਹ ਰੱਖੀ। ਭਾਰਤ ਵਿਚ ਇਹਨਾਂ ਪੜ੍ਹਿਆਂ-ਲਿਖਿਆਂ 'ਚੋਂ ਬਹੁਤਿਆਂ ਦਾ ਸੰਬੰਧ ਇੰਡੀਆ ਦੀ ਕਮਿਊਨਿਸਟ ਪਾਰਟੀ ਨਾਲ ਰਿਹਾ ਸੀ। ਪਹਿਲਾਂ ਆਉਣ ਵਾਲੇ ਬਜ਼ੁਰਗਾਂ ਜਾਂ ਅੱਧ-ਖੜਾਂ ਨੇ 'ਇੰਡੋ-ਪਾਕ ਕਲਚਰਲ ਸੋਸਾਇਟੀ' ਪਹਿਲਾਂ ਹੀ ਬਣਾ ਲਈ ਹੋਈ ਸੀ। ਹਰੇਕ ਐਤਵਾਰ ਨੂੰ I.W.A. ਅਤੇ I.P.C.S. ਰਲ ਕੇ ਭਾਰਤੀ-ਪਾਕਿਸਤਾਨੀ ਲੋਕਾਂ ਨੂੰ ਹਿੰਦੀ-ਉਰਦੂ ਦੀਆਂ ਫਿਲਮਾਂ ਵਿਖਾਉਂਦੇ ਅਤੇ ਜਿਹੜਾ ਪੈਸਾ ਬਚ ਜਾਂਦਾ ਉਹਦੇ ਨਾਲ ਅੰਗ੍ਰੇਜ਼ੀ ਦੀ ਪੜ੍ਹਾਈ ਦੀਆਂ ਕਲਾਸਾਂ ਦਾ ਆਯੋਜਨ ਕੀਤਾ ਜਾਂਦਾ ਸੀ।[12]

1959 ਵਿਚ ਸਾਊਥਾਲ ਦਾ ਪਹਿਲਾ ਗੁਰਦੁਆਰਾ ਬਣਿਆ। ਇੰਗਲੈਂਡ ਦੇ ਸਾਰੇ ਹੀ ਟਾਊਨਾਂ ਵਿਚ ਪਹਿਲਾਂ ਪਹਿਲਾਂ ਇਹਨਾਂ ਇੰਡੀਅਨ ਵਰਕਰਜ਼ ਐਸੋਸੀਏਸ਼ਣਾਂ ਅਤੇ ਗੁਰਦੁਆਰਿਆਂ ਨੇ ਬੜਾ ਹੀ ਸਲਾਹੁਣਯੋਗ ਕੰਮ ਕੀਤਾ। ਫੈਕਟਰੀਆਂ ਅਤੇ ਫੌਂਡਰੀਆਂ ਵਿਚ ਦੇਸੀ ਲੋਕਾਂ ਨਾਲ ਇਕ ਤਾਂ ਅਕਹਿ ਨਸਲੀ ਵਿਤਕਰਾ ਹੁੰਦਾ, ਦੂਜਾ, ਉਹਨਾਂ ਨੂੰ ਬਹੁਤ ਹੀ ਗੰਦੀਆਂ 'ਜੌਬਾਂ' ਤੇ ਲਾਇਆ ਜਾਂਦਾ, ਤੇ ਤੀਜੇ, ਉਹਨਾਂ ਨੂੰ ਅੰਗ੍ਰੇਜ਼ ਕਾਮੇ ਦੇ ਮੁਕਾਬਲੇ ਘੱਟ ਤਨਖਾਹਾਂ ਦਿਤੀਆਂ ਜਾਂਦੀਆਂ ਸਨ।

ਜਦੋਂ ਉਹ ਇਹ ਸ਼ਿਕਾਇਤਾਂ ਲੈ ਕੇ ਮਜ਼ਦੂਰ-ਜੱਥੇਬੰਦੀਆਂ ਕੋਲ ਜਾਂਦੇ ਤਾਂ ਉਹ ਉਹਨਾਂ ਦੀਆਂ ਗੱਲਾਂ ਨੂੰ ਸੁਣਨ ਲਈ ਵੀ ਤਿਆਰ ਨਾ ਹੁੰਦੀਆਂ । ਸਿੱਟੇ ਵਜੋਂ ਕਾਲੇ ਮਜ਼ਦੂਰ ਆਪਣੀ ਲੜਾਈ ਆਪ ਲੜਦੇ, ਹੜਤਾਲਾਂ ਕਰਦੇ ਅਤੇ I.W.A'S. ਅਤੇ ਗੁਰਦੁਆਰੇ ਨਾ ਸਿਰਫ ਡੱਟ ਕੇ ਉਹਨਾਂ ਦੀ ਹਿਮਾਇਤ ਕਰਦੇ ਬਲਕਿ ਰੋਟੀ-ਪਾਣੀ, ਕੱਪੜਾ-ਲਤਾ ਆਦਿ ਲਈ ਪੂਰੀ ਪੂਰੀ ਪੈਰਵੀ ਕਰਦੇ ।[13]

ਸਾਊਥਾਲ ਦੇ ਇਲਾਕੇ ਵਿਚ ਪਹਿਲੀ ਕਾਲੇ ਮਜ਼ਦੂਰਾਂ ਦੀ ਹੜਤਾਲ ਵੁਲਫ ਰਬੜ ਫੈਕਟਰੀ ਵਿਚ ਹੋਈ ਜਿਹੜੀ ਸਭ ਤੋਂ ਲੰਮੀ ਸੀ, ਕਾਲਿਆਂ ਦੀ ਪਹਿਲੀ ਹੜਤਾਲ ਸੀ ਤੇ ਜਿਸ ਨੇ ਮਗਰਲੀਆਂ ਹੜਤਾਲਾਂ ਲਈ ਇਕ ਮਾਡਲ ਦਾ ਕੰਮ ਕੀਤਾ ਸੀ । ਪਿਛੋਂ ਇਸੇ ਤਰ੍ਹਾਂ ਦੀਆਂ ਹੜਤਾਲਾਂ 'ਪੈਰੀਵੇਲ ਗਟਰਮੈਨ', 'ਤੇ ਹੀਥਰੋ ਏਅਰ ਪੋਰਟ ਤੇ ਵੀ ਹੋਈਆਂ ਅਤੇ ਇੰਗਲੈਂਡ ਦੇ ਦੂਜੇ ਸ਼ਹਿਰਾਂ ਵਿਚ ਵੀ। ਹੀਥਰੋ ਏਅਰ ਪੋਰਟ ਵਾਲੀ ਹੜਤਾਲ ਭਾਰਤੀ-ਪਾਕਿਸਤਾਨੀ ਪੰਜਾਬੀ ਔਰਤਾਂ ਨੇ ਕਾਮਯਾਬੀ ਨਾਲ ਕੀਤੀ ਤੇ ਲੜਾਈ ਜਿੱਤੀ ।[14]

ਇੰਗਲੈਂਡ ਦੀਆਂ ਪਰੰਪਰਾਇਕ ਮਜ਼ਦੂਰ ਜਥੇਬੰਦੀਆਂ ਵਿਚ ਨਸਲਵਾਦ ਸਦਾ ਹੀ ਆਪਣੇ ਸੰਸਥਾਗਤ ਰੂਪ ਵਿਚ ਹਾਜ਼ਰ ਰਿਹਾ ਅਤੇ ਉਹਨਾਂ ਨੇ ਕਾਲੇ ਮਜ਼ਦੂਰਾਂ ਦੀ ਹਾਲਤ ਦੀ ਕਦੇ ਵੀ ਪਰਵਾਹ ਨਹੀਂ ਕੀਤੀ ।[15]

1960ਵਿਆਂ ਵਿਚ ਜਦੋਂ 'ਚਾਰ ਪੈਸੇ ਕਮਾ ਕੇ ਵਾਪਸ ਮੁੜਣ ਦੀ ਚਾਹਤ' ਦਮ ਤੋੜ ਗਈ ਤਾਂ ਭਾਰਤੀ ਲੋਕਾਂ ਨੇ ਆਪਣੇ ਟੱਬਰ-ਟੀਰ ਏਥੇ ਮੰਗਵਾਉਣੇ ਸ਼ੁਰੂ ਕਰ ਦਿਤੇ । ਇਸ ਨਾਲ ਘਰਾਂ, ਵਿਦਿਆ, ਸਮਾਜਕ ਸੇਵਾਵਾਂ ਆਦਿ ਦੀਆਂ ਮੁਸ਼ਕਿਲਾਂ ਪੇਸ਼ ਆਉਣੀਆਂ ਸ਼ੁਰੂ ਹੋ ਗਈਆਂ । ਤੇ ਇਹ ਸਾਰੇ ਖੇਤਰ ਸਰਕਾਰ ਨੇ ਪਹਿਲਾਂ ਹੀ ਵਿਸਾਰੇ ਹੋਏ ਸਨ । ਗੋਰੇ ਲੋਕਾਂ ਨੇ ਇਹਨਾਂ ਖੇਤਰਾਂ ਵਿਚ ਕਾਲਿਆਂ ਨੂੰ ਆਪਣੇ ਮੁਕਾਬਲੇਦਾਰ ਸਮਝਿਆ ਅਤੇ ਸਰਕਾਰ ਨੂੰ 'ਇਮੀਗ੍ਰੇਸ਼ਣ ਕੰਟਰੋਲ' ਨੂੰ ਤਿੱਖਾ ਕਰਨ ਦੀਆਂ ਸਲਾਹਾਂ ਦਿਤੀਆਂ । ਸੰਚਾਰ-ਸਾਧਨਾਂ ਅਤੇ ਸਿਆਸੀ ਲੀਡਰਾਂ ਨੇ ਕਾਲਿਆਂ ਦੇ ਖਿਲਾਫ ਖੁੱਲ੍ਹਮ-ਖੁੱਲ੍ਹਾ ਜ਼ਹਿਰ ਉਗਲਣਾ ਸ਼ੁਰੂ ਕਰ ਦਿਤਾ ਅਤੇ ਇਹਨਾਂ ਨੂੰ ਕੁਰਬਾਨੀ ਦਾ ਬੱਕਰਾ (Scapegoat) ਬਣਾ ਲਿਆ। ਉਹਨਾਂ ਅਨੁਸਾਰ ਹੁਣ ਵਧ ਰਹੀ ਬੇਰੁਜ਼ਗਾਰੀ, ਘਰਾਂ ਦੀ ਥੋੜ, ਸਮਾਜਕ ਸਹੂਲਤਾਂ ਦੀਆਂ ਕਟੌਤੀਆਂ ਆਦਿ ਸਭ ਦਾ ਕਾਰਨ ਇਹ ਕਾਲੇ ਲੋਕ ਹੀ ਸਨ । ਦੂਜੇ ਪਾਸੇ, ਬੁਰਜੁਆ ਸਟੇਟ ਦੇ ਸਾਹਮਣੇ ਇਕ ਹੋਰ ਵਿਰੋਧਤਾਈ ਪੈਦਾ ਹੋ ਗਈ। ਇਹ ਬ੍ਰਤਾਨੀਆਂ ਦੀਆਂ ਸਮਾਜਕ 'ਤੇ ਆਰਥਕ ਲੋੜਾਂ ਵਿਚਾਲੇ ਸੀ । ਕਾਲੀ-ਕਿਰਤ ਦੇ ਸ਼ੋਸ਼ਣ ਦੁਆਰਾ ਪੈਦਾ ਹੋਣ ਵਾਲਾ ਪਰਮ-ਮੁਨਾਫ਼ਾ (Super-Profit) ਉਹਨਾਂ ਦੇ ਪਰਿਵਾਰਾਂ ਦੀ ਪੁਨਰ-ਪੈਦਾਵਾਰ ਉਤੇ ਖਰਚ ਹੋਣ ਨਾਲ ਘਟਦਾ ਸੀ ਅਤੇ ਇਸ ਦੇ ਨਾਲ ਗੋਰੀ ਕਾਮਾ-ਜਮਾਤ (ਜਿਹੜੀ ਅਵਾਸੀਆਂ ਦੇ ਆਉਣ ਦੇ ਅੰਤਰ-ਬਣਤਰੀ ਖਰਚ ਦੀ ਝਾਲੂ ਸੀ) ਦਾ ਭਰੋਸਾ ਵੀ ਖੁੱਸਦਾ ਸੀ । ਦੂਜੇ ਆਰਥਕ-ਚੜ੍ਹਤ (Boom) ਦਾ ਜ਼ਮਾਨਾ ਵੀ ਹੁਣ ਖ਼ਤਮ ਹੋ ਗਿਆ ਸੀ, ਅਤੇ ਸਿੱਟੇ ਵਜੋਂ ਕਾਲੀ-ਕਿਰਤ ਦੀ ਲੋੜ ਦਿਨ-ਬ-ਦਿਨ ਘਟ ਰਹੀ

ਸੀ । ਪਾਬੰਦੀਆਂ ਤੇਜ਼ ਕਰਨ ਲਈ ਹੁਣ ਇਮੀਗ੍ਰੇਸ਼ਣ ਦੇ ਸਖ਼ਤ ਕਾਨੂੰਨ ਹੀ ਇਕੋ ਇਕ ਰਸਤਾ ਸਨ । ਤੇ ਇਹਨਾਂ ਕਾਨੂੰਨਾਂ ਦਾ ਸਿੱਧਾ ਅਰਥ ਕਾਲੇ-ਕਾਮਿਆਂ ਨੂੰ ਬਾਹਰ ਕੱਢਣਾ ਸੀ ਜਾਂ ਫਿਰ ਆਉਣ ਵਾਲੇ ਕਾਮਿਆਂ ਤੇ ਸਖ਼ਤ ਪਾਬੰਦੀਆਂ ਲਾਉਣਾ ਸੀ । ਇਸ ਤਰ੍ਹਾਂ ਕਾਲੇ ਲੋਕਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾ ਕੇ ਪ੍ਰਬੰਧਕੀ ਰੂਪ ਦੀ ਜ਼ਦ 'ਚ ਲਿਆਉਣਾ ਪਿਆ । ਤੇ ਇਹ ਕੰਮ ਕੇਂਦਰੀ ਸੱਤਾ, ਸਥਾਨਕ ਸਰਕਾਰਾਂ ਅਤੇ ਪੁਲੀਸ ਨੇ ਰਲ ਕੇ ਕੀਤਾ ।[16]

ਪੰਜਾਹਵਿਆਂ ਦੇ ਅੰਤ ਤੱਕ ਕਾਫੀ ਭਾਰਤੀ ਤੇ ਪਾਕਿਸਤਾਨੀ ਲੋਕ ਬ੍ਰਤਾਨੀਆਂ ਆ ਗਏ ਸਨ ਅਤੇ ਬ੍ਰਤਾਨਵੀ ਉਦਯੋਗ ਦੀ ਮਾਨਵੀ-ਸ਼ਕਤੀ ਦੀ ਫੌਰੀ ਲੋੜ ਦੀ ਸ਼ਿੱਦਤ ਵੀ ਕਾਫੀ ਘਟ ਗਈ ਸੀ । ਸਿੱਟੇ ਵਜੋਂ ਸੱਠਵਿਆਂ ਦੇ ਸ਼ੁਰੂ ਵਿਚ ਵਰਕ-ਪਰਮਿਟ ਜਾਂ ਵਰਕ-ਵਾਊਚਰ (1962 ਦਾ ਇਮੀਗ੍ਰੇਸ਼ਣ ਐਕਟ) ਦੇ ਸਿਸਟਮ ਦਾ ਆਗਾਜ਼ ਹੋਇਆ ਤੇ ਫੇਰ ਕੁਝ ਸਾਲਾਂ ਤੱਕ ਚਲਦਾ ਰਿਹਾ । 1960 ਤੋਂ ਪਿਛੋਂ ਉਹ ਲੋਕ ਆਏ ਜਿਹੜੇ ਕੁਝ ਪੜ੍ਹੇ ਲਿਖੇ ਸਨ ਅਤੇ ਭਾਰਤ-ਪਾਕਿਸਤਾਨ ਵਿਚ ਨੌਕਰੀ-ਪੇਸ਼ਾ ਰਹੇ ਸਨ । ਇਹ ਲੋਕ ਆਮ ਕਰਕੇ ਪੇਂਡੂ ਜਾਂ ਸ਼ਹਿਰੀ ਮੱਧ-ਸ਼੍ਰੇਣੀ ਵਿਚੋਂ ਸਨ ਜਿਹਨਾਂ ਦਾ ਵਾਹ ਇਸ ਤੋਂ ਪਹਿਲਾਂ ਸਰੀਰਕ ਮਿਹਨਤ ਨਾਲ ਸਿੱਧੇ ਤੌਰ 'ਤੇ ਨਹੀਂ ਸੀ ਪਿਆ । ਇਹੋ ਹੀ ਉਹ ਲੋਕ ਸਨ ਜਿਹਨਾਂ ਨੇ ਮਗਰੋਂ ਆਣ ਕੇ ਬ੍ਰਤਾਨੀਆਂ ਵਿਚ ਪੰਜਾਬੀ ਕਹਾਣੀ ਦੀ ਰਚਨਾ ਕਰਨੀ ਸੀ ।

'ਇਹਨਾਂ ਕਹਾਣੀਕਾਰਾਂ ਦੀ ਵੱਡੀ ਗਿਣਤੀ ਛੋਟੀ ਜ਼ਿਮੀਂਦਾਰ-ਕਿਰਸਾਣੀ ਦੀ ਜੰਮ-ਪਲ ਤੇ ਪੇਸ਼ੇ ਵਜੋਂ ਅਧਿਆਪਕ ਸੀ, ਅਰਥਾਤ ਇਹ ਕਹਾਣੀਕਾਰ ਨਿੱਕੀ ਮੱਧ-ਸ਼੍ਰੇਣੀ ਦੀ ਪੈਦਾਵਾਰ ਬੁੱਧੀਜੀਵੀ ਸਨ । ਇਕ ਹੋਰ ਗੱਲ ਜਿਹੜੀ ਕਿ ਇਨ੍ਹਾਂ ਦੇ ਪਿਛੋਕੜ ਬਾਰੇ ਜਾਣਨੀ ਆਵੱਸ਼ਕ ਹੈ ਉਹ ਇਹ ਹੈ ਕਿ ਇਹ ਕਹਾਣੀਕਾਰ ਸਾਰੇ ਦੇ ਸਾਰੇ ਪ੍ਰਗਤੀਵਾਦੀ ਵਿਚਾਰਾਂ ਦੇ ਧਾਰਨੀ ਸਨ । ਮਾਰਕਸਵਾਦ ਇਹਨਾਂ ਨੇ ਪੁਸਤਕਾਂ ਰਾਹੀਂ ਗ੍ਰਹਿਣ ਕੀਤਾ ਸੀ । ਇਹਨਾਂ ਨੇ ਆਪਣੇ ਨਿੱਜੀ ਦੁੱਖਾਂ ਤੇ ਸਮਾਜੀ ਬੇਇਨਸਾਫੀਆਂ ਦਾ ਇਕੋ ਇਕ ਇਲਾਜ ਮਾਰਕਸਵਾਦ ਪ੍ਰਵਾਨ ਕਰ ਲਿਆ ਸੀ । ਮਾਰਕਸਵਾਦ ਕਿਰਤੀ ਸ਼੍ਰੇਣੀ ਦਾ ਫਲਸਫਾ ਹੈ । ਜੇ ਕਿਸੇ ਹੋਰ ਸ਼੍ਰੇਣੀ ਨਾਲ ਸੰਬੰਧਤ ਵਿਅਕਤੀ ਇਸ ਨੂੰ ਧਾਰਨ ਕਰਦਾ ਹੈ ਤਾਂ ਉਹ ਬਹੁਤੀ ਵੇਰ ਇਸ ਵਿਚ ਚਿੱਬ ਪਾ ਦੇਂਦਾ ਹੈ, ਖ਼ਾਸ ਤੌਰ ਤੇ ਜੇ ਉਹ ਵਿਅਕਤੀ ਕਿਰਤੀ ਸ਼੍ਰੇਣੀ ਦੇ ਨੇੜੇ ਰਹਿ ਕੇ ਸੰਘਰਸ਼ਸ਼ੀਲ ਨਾ ਹੋਵੇ ਤਾਂ । ਇਹ ਗੱਲ ਮਾਲਕ ਕਿਰਸਾਣੀ ਵਿਚ ਜੰਮੇ ਪਲੇ ਅਧਿਆਪਕ ਕਹਾਣੀਕਾਰਾਂ ਤੋਂ ਵੀ ਸੁੱਤੇ ਸਿੱਧ ਹੋ ਗਈ । ਇਹਨਾਂ ਦਾ ਵਿਚਰਨ ਖੇਤਰ ਪਿੰਡਾਂ ਵਿਚ ਆਪਣੀ ਜ਼ਮੀਨ ਅਤੇ ਅਧਿਆਪਨ ਦਾ ਪੇਸ਼ਾ ਹੀ ਸੀ । ਇਸ ਲਈ ਇਹਨਾਂ ਦੇ ਸਿੱਧੇ ਤਜਰਬੇ ਵਿਚ ਕਿਰਸਾਣੀ ਅਤੇ ਵਿਦਿਅਕ ਸਮੱਸਿਆਵਾਂ ਹੀ ਆ ਸਕਦੀਆਂ ਸਨ ਜਾ ਫੇਰ ਨਿੱਜੀ ਪਿਆਰ ਦਾ ਆਮ ਤੌਰ ਤੇ ਸਫਲਤਾ ਦਾ ਅਨੁਭਵ । ਇਹ ਅਸੰਤੁਸ਼ਟ ਸਨ ਕਿਉਂਕਿ ਇਹਨਾਂ ਦੀ ਜ਼ਮੀਨ ਦੀ ਪੈਦਾਵਾਰ ਇਹਨਾਂ ਦੇ ਗੁਜ਼ਾਰੇ ਲਈ ਕਾਫ਼ੀ ਨਹੀਂ

ਸੀ। ਇਹ ਅਸੰਤੁਸ਼ਟ ਸਨ ਕਿਉਂਕਿ ਇਹਨਾਂ ਨੂੰ ਇਹਨਾਂ ਦੀ ਵਿਦਿਆ ਤੇ ਯੋਗਤਾ ਅਨੁਸਾਰ ਵੇਤਨ ਨਹੀਂ ਮਿਲਦੀ ਸੀ। ਨਿੱਜੀ ਪਿਆਰ ਤੇ ਰੁਮਾਂਸਵਾਦ ਵਿਚ ਵੀ, ਨੀਮ ਜਗੀਰਦਾਰੀ ਸਮਾਜਕ ਕਦਰਾਂ ਕੀਮਤਾਂ ਦੀਆਂ ਬੰਦਸ਼ਾਂ ਕਾਰਨ, ਇਹਨਾਂ ਦੇ ਪੱਲੇ ਅਸੰਤੁਸ਼ਟਤਾ ਹੀ ਪਈ। ਆਪਣੇ ਵਰਤਮਾਨ ਨਾਲ ਅਸੰਤੁਸ਼ਟਤਾ ਵਿਚੋਂ ਪੈਦਾ ਹੋਈ ਅਪਸਾਰਤਾ ਦੇ ਕਾਰਨ ਇਹ ਮਾਰਕਸਵਾਦ ਵੱਲ ਝੁਕੇ ਸਨ ਅਤੇ ਇਹਨਾਂ ਨੇ ਆਪਣੀ ਹਰ ਅਹੁਰ ਦਾ ਇਲਾਜ ਮਾਰਕਸਵਾਦ ਵਿਚ ਦੇਖਣਾ ਆਰੰਭ ਕਰ ਦਿਤਾ ਸੀ। ਆਪਣੀਆਂ ਨਿੱਕ-ਮੱਧਵਰਗੀ ਰੁਚੀਆਂ 'ਤੇ ਭਾਵਾਂ ਦੇ ਅਧੀਨ ਇਹਨਾਂ ਨੇ ਮਾਰਕਸਵਾਦ ਨੂੰ ਬੌਧਕ ਦੀ ਥਾਂ ਭਾਵੁਕ ਪੱਧਰ ਤੇ ਹੀ ਅਪਣਾਇਆ। ਇਹੀ ਕਾਰਨ ਹੈ ਕਿ ਹਾਲੀਂ ਤੱਕ ਵੀ ਇਹ ਕੁਝ ਅਣ-ਮਾਰਕਸਵਾਦੀ ਤੇ ਅਵਿਗਿਆਨਕ ਧਾਰਨਾਵਾਂ ਤੋਂ ਛੁਟਕਾਰਾ ਪ੍ਰਾਪਤ ਨਹੀਂ ਕਰ ਸਕੇ।...ਪਿਆਰ ਦਾ ਰੁਮਾਂਟਿਕ ਤੇ ਆਦਰਸ਼ਵਾਦੀ, ਇਸ ਲਈ ਅਣ-ਯਥਾਰਥਕ ਅਤੇ ਅਵਿਗਿਆਨਕ ਰੂਪ ਇਹਨਾਂ ਦੀਆਂ ਕਹਾਣੀਆਂ ਵਿਚ ਬਾਰ ਬਾਰ ਆਉਂਦਾ ਹੈ। ਇਹ ਸ਼ਾਇਦ ਇਸ ਕਰਕੇ ਹੋਇਆ ਕਿਉਂਕਿ ਨੀਮ ਜਗੀਰਦਾਰੀ ਸਮਾਜਕ ਢਾਂਚੇ ਵਿਚ ਪਿਆਰ ਦਾ ਯਥਾਰਥਕ ਰੂਪ ਅਪ੍ਰਾਪਤ ਸੀ, ਇਸ ਲਈ ਇਹਨਾਂ ਨੇ ਅਪ੍ਰਾਪਤ ਨੂੰ ਆਦਰਸ਼ਕ ਤੇ ਰੋਮਾਂਟਿਕ ਰੰਗ ਚਾੜ੍ਹ ਦਿਤਾ। ਆਦਰਸ਼ਵਾਦ ਤੇ ਰੋਮਾਂਸਵਾਦ ਅਪ੍ਰਾਪਤ ਤੇ ਅਪਹੁੰਚ ਦੀ ਪ੍ਰਾਪਤੀ ਦੀ ਅਣ-ਯਥਾਰਥਕ ਇੱਛਾ ਵਿਚੋਂ ਹੀ ਉਤਪੰਨ ਹੁੰਦਾ ਹੈ। ਇਹ ਰਵਈਆ ਪੰਜਾਬ ਦੇ ਨੀਮ ਜਗੀਰਦਾਰੀ ਸਮਾਜਕ ਪ੍ਰਬੰਧ ਵਿਚ ਤਾਂ ਕਿਸੇ ਹੱਦ ਤੱਕ ਯੋਗ ਠਹਿਰਾਇਆ ਜਾ ਸਕਦਾ ਹੈ ਪਰ ਬ੍ਰਤਾਨੀਆਂ ਵਿਚਲੇ ਵਿਕਸਤ ਪੂੰਜੀਵਾਦੀ ਪ੍ਰਬੰਧ ਵਿਚ ਨਹੀਂ।'[17]

ਪਹਿਲੇ ਪੂਰ ਦੇ ਪਰਵਾਸੀਆਂ ਲਈ ਸੰਚਾਰ ਦੀ ਸਮੱਸਿਆ ਇਕ ਰੋਗ ਜਿਹਾ ਬਣ ਗਈ ਸੀ ਜੋ ਦੂਜੇ ਪੂਰ ਦੇ ਆਉਣ ਨਾਲ ਕੁਝ ਹੱਲ ਹੋ ਗਈ ਪਰ ਗਿਣਤੀ ਦੇ ਵਧਾਅ ਨੇ ਮੁੱਖ-ਧਾਰਾ ਦੇ ਲੋਕਾਂ ਵਿਚ ਇਹਨਾਂ ਲਈ ਇਕ ਵਿਕਰਸ਼ਣ-ਭਾਵ ਵੀ ਪੈਦਾ ਕਰ ਦਿਤਾ। ਆਕਰਸ਼ਣ ਤਾਂ ਭਾਵੇਂ ਪਹਿਲਾਂ ਵੀ ਨਹੀਂ ਸੀ ਪਰ ਵਿਕਰਸ਼ਣ ਵੀ ਨਹੀਂ ਸੀ। ਕੇਵਲ ਉਪੇਖਿਆ ਦੀ ਇਕ ਰੁਚੀ ਸੀ ਜਾਂ ਫਿਰ ਛੋਟੀ ਜਿਹੀ ਘੱਟ-ਗਿਣਤੀ ਦੀ ਆਮਦ ਦਾ ਨੋਟਿਸ ਨਾ ਲੈਣ ਵਰਗੀ ਸਥਿਤੀ ਸੀ। ਪਰ ਵਿਕਰਸ਼ਣ ਦੀ ਰੁਚੀ ਇਕ ਪ੍ਰਤਿਕਿਰਿਆ ਦੇ ਰੂਪ ਵਿਚ ਸੀ ਜੋ ਮੁੱਖ-ਧਾਰਾ ਦੁਆਰਾ ਇਹਨਾਂ ਲੋਕਾਂ ਨੂੰ ਓਪਰੇ, ਜਾਹਲ, ਅਣਪੜ੍ਹ ਜਾਂ ਫਿਰ ਸਭਿਆਚਾਰਕ ਤੌਰ 'ਤੇ ਅਵਿਕਸਿਤ ਸਮਝਣ ਵਿਚੋਂ ਉਤਪੰਨ ਹੋਈ ਸੀ। ਹਾਲਾਂਕਿ ਗੱਲ ਅਵਿਕਸਿਤ ਸਭਿਆਚਾਰ ਦੀ ਨਹੀਂ ਸਗੋਂ ਵਿਲੱਖਣ ਸਭਿਆਚਾਰ ਦੀ ਸੀ ਜਿਸ ਦਾ ਆਪਣਾ ਵਿਸ਼ੇਸ਼ ਚਰਿਤਰ ਤੇ ਖਾਸਾ ਸੀ। ਉਪਰ, ਪਹਿਲੇ ਤੇ ਦੂਜੇ ਪੂਰ ਦੇ ਪਰਵਾਸੀਆਂ ਦੀ ਵੰਡ ਵੀ ਐਵੇਂ ਸੌਖ ਵਜੋਂ ਹੀ ਕੀਤੀ ਗਈ ਹੈ ਜਦੋਂ ਕਿ ਪਰਵਾਸੀਕਰਣ ਦਾ ਇਹ ਪਰਵਾਹ ਨਿਰੰਤਰ ਰੂਪ ਵਿਚ ਸੱਠਵਿਆਂ ਦੇ ਅੰਤ ਤੱਕ ਹੀ ਚਲਦਾ ਹੈ।

ਉਤਪਾਦਨ ਵਿਚ ਔਰਤਾਂ ਦੀ ਆਮਦ :

ਜਦੋਂ ਇਹ ਸਪਸ਼ਟ ਹੋ ਗਿਆ ਕਿ ਮਰਦਾਂ ਲਈ ਥੋੜ੍ਹਾ ਸਮਾਂ ਬ੍ਰਤਾਨੀਆਂ ਵਿਚ ਕੰਮ ਕਰਕੇ ਵਾਪਸ ਮੁੜਨਾ ਸੰਭਵ ਨਹੀਂ ਸੀ ਤਾਂ 1960ਵਿਆਂ ਦੇ ਤਕਰੀਬਨ ਸ਼ੁਰੂ ਵਿਚ ਔਰਤਾਂ ਤੇ ਬੱਚੇ ਵੀ ਉਹਨਾਂ ਦੇ ਨਾਲ ਆ ਰਲੇ ਸਨ। ਕੰਮ ਬਾਰੇ ਉਹਨਾਂ ਦਾ ਪੁਰਾਣਾ ਅਨੁਭਵ ਸਿਰਫ ਘਰ ਦੇ ਕੰਮ ਅਤੇ ਇਹਦੇ ਜ਼ਮੀਨ ਨਾਲ ਸੰਬੰਧ ਦੇ ਅਰਥਾਂ ਵਿਚ ਹੀ ਸੀ। ਔਰਤਾਂ ਜ਼ਮੀਨ 'ਤੇ ਕੰਮ ਕਰਦੀਆਂ, ਪਸ਼ੂਆਂ ਦੀ ਦੇਖ-ਰੇਖ ਕਰਦੀਆਂ ਅਤੇ ਘਰ ਸੰਭਾਲਦੀਆਂ ਸਨ। ਪੱਛਮ ਦੀ ਤਰ੍ਹਾਂ ਉਥੇ ਕੰਮ ਜਾਂ ਕਿਰਤ ਦੀ ਵੰਡ ਨਹੀਂ ਸੀ ਕਿਉਂਕਿ ਘਰ ਅਤੇ ਜ਼ਮੀਨ ਇਕ ਹੀ ਸਨ। ਘਰੋਂ ਬਾਹਰ ਜਾ ਕੇ ਉਜਰਤੀ ਮਜ਼ਦੂਰ ਕਰਨ ਦਾ ਤਾਂ ਸਵਾਲ ਹੀ ਨਹੀਂ ਸੀ। ਪਰ ਏਥੇ ਮਰਦਾਂ ਦੀਆਂ ਕੁੱਲ ਤਨਖਾਹਾਂ ਮਿਲਾ ਕੇ ਘਰਾਂ ਦਾ ਭਾਰ ਨਹੀਂ ਸਨ ਚੁੱਕਦੀਆਂ ਤੇ ਇੰਜ ਔਰਤਾਂ ਨੂੰ ਘਰੋਂ ਬਾਹਰ ਨਿਕਲ ਕੇ ਉਜਰਤੀ ਮਜ਼ਦੂਰੀ ਕਰਨੀ ਪਈ। ਪਹਿਲਾਂ ਪਹਿਲਾਂ ਉਹ ਹੋਟਲਾਂ ਅਤੇ ਰੈਸਟੋਰੈਂਟਾਂ ਦੇ ਪਿੱਛੇ ਲੁਕਵਾਂ ਕੰਮ ਕਰਦੀਆਂ ਰਹੀਆਂ ਤੇ ਫੇਰ ਛੋਟੀਆਂ ਮੋਟੀਆਂ ਫੈਕਟਰੀਆਂ ਵਿਚ ਆ ਗਈਆਂ। ਹੌਲੀ ਹੌਲੀ ਜਿਉਂ ਜਿਉਂ ਲੋਕ ਵਧਦੇ ਗਏ ਇਹ ਟੈਕਸਟਾਈਲ ਇੰਡਸਟਰੀ, ਫੂਡ ਪਰੋਸੈਸਿੰਗ ਇੰਡਸਟਰੀ, ਲਾਂਡਰੀਆਂ, ਹੀਥਰੋ ਏਅਰਪੋਰਟ ਅਤੇ ਸਥਾਨਕ ਹਸਪਤਾਲਾਂ ਵਿਚ ਕੰਮ ਕਰਨ ਲਗ ਪਈਆਂ।

ਆਮ ਕਰਕੇ ਸਭ ਉਮਰਾਂ ਦੀਆਂ ਭਾਰਤੀ ਔਰਤਾਂ ਇਕ ਹੀ ਥਾਂ ਕੰਮ ਕਰਦੀਆਂ। ਅੰਗ੍ਰੇਜ਼ੀ ਨਾ ਆਉਣ ਕਰਕੇ ਫੈਕਟਰੀ ਦੇ ਕੰਮ ਦਾ ਉਹਨਾਂ ਨੂੰ ਕੋਈ ਵੀ ਅਨੁਭਵ ਨਾ ਹੁੰਦਾ ਅਤੇ ਇਸ ਲਈ ਫੈਕਟਰੀ ਦੀ ਪ੍ਰਬੰਧਕੀ ਉਹਨਾਂ ਨੂੰ ਗੈਰ-ਹੁਨਰਮੰਦ ਕੰਮਾਂ ਤੇ, ਘੱਟ ਤਨਖਾਹਾਂ ਤੇ ਅਤੇ ਮੰਦੀਆਂ ਹਾਲਤਾਂ ਵਿਚ ਕੰਮ 'ਤੇ ਲਾਈ ਰੱਖਦੀ। ਜਿਥੇ ਇਹਨਾਂ ਔਰਤਾਂ ਨੂੰ ਇਸ ਦਾ ਲਾਭ ਇਹ ਹੁੰਦਾ ਕਿ ਉਹ ਸੱਨਅਤੀ ਸਮਾਜ ਦੇ ਲੱਛਣਾਂ ਦੇ ਉਲਟ ਇਕ ਦੂਜੀ ਨਾਲ ਗੱਲਾਂ ਕਰਦਿਆਂ ਤੇ ਇਕੱਲਤਾ ਦਾ ਘੱਟ ਅਹਿਸਾਸ ਹੰਢਾਉਂਦਿਆਂ ਸਮਾਂ ਕੱਢ ਲੈਂਦੀਆਂ ਸਨ, ਉਥੇ ਬਾਕੀ ਦੇ ਫੈਕਟਰੀ-ਵਾਤਾਵਰਣ ਤੋਂ ਅਲੱਗ ਹੋਣ ਕਰਕੇ ਨਾ ਉਹਨਾਂ ਨੂੰ ਆਪਣੇ ਰੁਜ਼ਗਾਰ ਦੀਆਂ ਸ਼ਰਤਾਂ ਦਾ, ਘੱਟ ਤਨਖਾਹ ਦਾ ਜਾਂ ਹੋਰ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਸੁਵਿਧਾਵਾਂ ਦਾ ਹੀ ਪਤਾ ਲਗਦਾ ਸੀ। ਉਹਨਾਂ ਨੂੰ ਆਮ ਕਰਕੇ ਜੱਥੇਬੰਦ ਹੋਣ ਦਾ ਵੀ ਪਤਾ ਨਹੀਂ ਸੀ ਹੁੰਦਾ, ਪਰ ਜੇ ਕੁਝ ਔਰਤਾਂ ਕਿਸੇ ਯੂਨੀਅਨ ਦਾ ਹਿੱਸਾ ਵੀ ਬਣਦੀਆਂ ਤਾਂ ਉਹ ਉਪ੍ਰੋਕਤ ਗੱਲਾਂ ਬਾਰੇ ਇਹਨਾਂ ਨੂੰ ਕੁਝ ਵੀ ਨਾ ਪੁੱਛਦੀਆਂ ਕਿਉਂਕਿ ਯੂਨੀਅਨਾਂ ਦਾ ਭਾਵ ਉਹ ਹੜਤਾਲ ਕਰਨੀ ਸਮਝਦੀਆਂ ਸਨ ਅਤੇ ਇਸੇ ਕਰਕੇ ਨੌਕਰੀ ਖੁੱਸਣ ਦੇ ਡਰੋਂ ਵੀ ਚੁੱਪ ਹੀ ਰਹਿੰਦੀਆਂ। 1967 ਵਿਚ ਹੀਥਰੋ ਹਵਾਈ ਅੱਡੇ ਉਤੇ ਜਦੋਂ ਤਨਖਾਹਾਂ ਨੂੰ ਲੈ ਕੇ ਟੀ. ਜੀ. ਡਬਲਯੂ. ਯੂ. ਨਾਮਿਕ ਮਜ਼ਦੂਰ ਜਥੇਬੰਦੀ ਨੇ ਹੜਤਾਲ ਦਾ ਹੋਕਾ ਦਿਤਾ ਤਾਂ ਇਹੋ ਕੁਝ ਹੋਇਆ ਸੀ।[18] ਲੇਕਿਨ ਪਿਛੋਂ ਜਾ ਕੇ ਕੁਝ ਏਸ਼ੀਅਨ ਅਤੇ ਗੋਰੀਆਂ ਔਰਤਾਂ ਦੇ ਉਦਮ ਸਦਕਾ ਜਿਹਨਾਂ ਨੇ ਏਸ਼ੀਅਨ ਔਰਤਾਂ ਦੀ ਅੰਗ੍ਰੇਜ਼ੀ ਭਾਸ਼ਾ ਦੀ ਪ੍ਰਸਿਖਿਆ ਨੂੰ ਲੈ ਕੇ ਉਹਨਾਂ ਦਾ ਭਰੋਸਾ ਹਾਸਿਲ ਕਰ ਲਿਆ

ਸੀ, (ਇਸ ਵਿਚ ਉਹਨਾਂ ਨੇ ਯੂਨੀਅਨ ਦੇ ਅਮਲ ਅਤੇ ਮੰਤਕਾਂ ਨੂੰ ਸ਼ਾਮਿਲ ਕੀਤਾ ਸੀ) ਸੱਨਅਤੀ ਝਗੜਿਆਂ ਵਿਚ ਏਸ਼ੀਅਨ ਔਰਤਾਂ ਦੀ ਭੂਮਿਕਾ ਨਾਟਕੀ ਰੂਪ ਵਿਚ ਪਰਿਵਰਤਿਤ ਹੋ ਗਈ। ਪਹਿਲਾਂ ਪਹਿਲਾਂ ਉਹ ਕੰਮ ਤੋਂ ਘਰ ਆ ਕੇ ਬੱਚਿਆਂ ਦੀ ਦੇਖ-ਭਾਲ ਕਰਨ, ਘਰ ਦੀ ਸਫਾਈ ਕਰਨ ਤੋਂ ਲੈ ਕੇ ਮਰਦ ਦੀ ਸੇਵਾ ਤੱਕ ਵੀ ਕਰਦੀਆਂ ਰਹੀਆਂ, ਤੇ ਇਹ ਉਹਨਾਂ ਲਈ ਬੜਾ ਸਖ਼ਤ ਅਨੁਭਵ ਸੀ, ਪਰ ਮਜ਼ਦੂਰ ਸੰਗਠਨਾਂ ਵਿਚ ਸ਼ਾਮਿਲ ਹੋ ਕੇ ਜ਼ਿੰਦਗੀ ਦੇ ਇਸ ਰੁਖ਼ ਨੂੰ ਜਾਣਨ ਤੇ ਸਮਝਣ ਤੋਂ ਪਿਛੋਂ ਉਹਨਾਂ ਅਸੀਲਪੁਣੇ ਦੀ ਇਸ ਮਿੱਥ ਨੂੰ ਹੌਲੀ ਹੌਲੀ ਸਵੀਕਾਰ ਕਰਨੋਂ ਨਾਂਹ ਕਰ ਦਿਤੀ। 1967 ਤੋਂ ਲੈ ਕੇ 1980 ਦੀ 'ਚਿਕਸ ਹੜਤਾਲ' ਤੱਕ ਏਸ਼ੀਅਨ ਔਰਤਾਂ 'ਕਾਲੀਆਂ ਲੜਾਕੂ ਔਰਤਾਂ' ਦੀ ਪਰੰਪਰਾ ਵਿਚ ਆ ਸ਼ਾਮਿਲ ਹੋਈਆਂ ਹਨ।[19]

ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ ਬ੍ਰਤਾਨਵੀ ਉਦਯੋਗਾਂ ਵਿਚ ਪੰਜਾਬੀ ਲੋਕਾਂ ਲਈ ਉਹੋ ਨੌਕਰੀਆਂ ਰਾਖਵੀਆਂ ਸਨ ਜਿਨ੍ਹਾਂ ਨੂੰ ਅੰਗ੍ਰੇਜ਼ ਕਾਮਾ-ਜਮਾਤ ਕਰਨ ਨੂੰ ਤਿਆਰ ਨਹੀਂ ਸੀ ਜਾਂ ਜਿਹਨਾਂ ਲਈ ਉਜਰਤ ਘੱਟ ਮਿਲਦੀ ਸੀ। ਅੰਗ੍ਰੇਜ਼ ਘਰ ਇਹਨਾਂ ਨੂੰ ਕਿਰਾਏਦਾਰਾਂ ਵਜੋਂ ਰਖਦੇ ਨਹੀਂ ਸਨ ਅਤੇ ਆਪਣੇ ਮਕਾਨ ਖ੍ਰੀਦਣ ਦੀ ਹਾਲੇ ਇਹਨਾਂ ਵਿਚ ਸਮਰੱਥਾ ਨਹੀਂ ਸੀ। ਸਿੱਟੇ ਵਜੋਂ ਕਈਆਂ ਕਈਆ ਬੰਦਿਆਂ ਨੇ ਇਕੱਠਿਆਂ ਹੋ ਕੇ ਇਕ ਅੱਧ ਮਕਾਨ ਬਣਾ ਲਿਆ ਤੇ ਉਸ ਵਿਚ ਇਕੱਠੇ ਹੋ ਕੇ ਰਹਿਣ ਲਗੇ। ਵਿਸ਼ੇਸ਼ ਕਰਕੇ ਪੰਜਾਹਵਿਆਂ ਵਿਚ ਤਾਂ ਇਕ ਇਕ ਘਰ ਵਿਚ ਵੀਹ-ਵੀਹ ਤੇ ਪੰਝੀ-ਪੰਝੀ ਬੰਦੇ ਰਹਿੰਦੇ ਸਨ। ਇਹ ਲੋਕ ਇਕ ਦੂਜੇ ਦੇ ਏਡੇ ਮਦਦਗਾਰ ਸਨ ਕਿ ਪਿੱਛੇ ਘਰਾਂ ਨੂੰ ਪੈਸੇ ਭੇਜਣ ਲਈ ਵੀ ਸਾਰੇ ਪੈਸੇ ਇਕੱਠੇ ਕਰਕੇ ਵਾਰੀ ਸਿਰ ਭੇਜਦੇ ਸਨ। ਨਵੇਂ ਆਏ ਪਰਵਾਸੀ ਨੂੰ ਰਹਿਣ ਲਈ ਕਮਰਾ ਜਾਂ ਬੈੱਡ ਦਿੰਦੇ ਅਤੇ ਮੁਫ਼ਤ ਖਾਣਾ, ਅਤੇ ਜੇਬ੍ਹ-ਖਰਚ ਵੀ ਉਦੋਂ ਤੱਕ ਦੇਂਦੇ ਰਹਿੰਦੇ ਜਦੋਂ ਤੱਕ ਉਹ ਨਵਾਂ ਆਇਆ ਬੰਦਾ ਕੰਮ 'ਤੇ ਨਹੀਂ ਸੀ ਲਗ ਜਾਂਦਾ। ਦਰਅਸਲ, ਇਹ ਵਤੀਰਾ ਜਾਂ ਵਿਹਾਰ ਸੱਠਵਿਆਂ ਦੇ ਮੱਧ ਤੋਂ ਬਾਅਦ ਤੱਕ ਦੇ ਵਰ੍ਹਿਆਂ ਵਿਚ ਵੀ ਚਲਦਾ ਰਿਹਾ। ਪਰ ਸੱਤਰਵਿਆਂ ਤੋਂ ਬਾਅਦ ਦੇ ਸਾਲਾਂ ਵਿਚ ਅਜਿਹੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ। ਜਿਉਂ ਜਿਉਂ ਇਹ ਲੋਕ ਪੂੰਜੀਵਾਦੀ ਪਰਿਵੇਸ਼ ਦੇ ਅਸਰਾਂ ਨੂੰ ਗ੍ਰਹਿਣ ਕਰਦੇ ਗਏ, ਤਿਉਂ ਤਿਉਂ ਇਹਨਾਂ ਦੇ ਪੁਰਾਣੇ ਮੁੱਲ ਵੀ ਬਦਲਦੇ ਗਏ। 'ਚੇਤਨਾ ਅਨਿੱਖੜ ਤੌਰ ਤੇ ਪਦਾਰਥਕ ਚੌਗਿਰਦੇ ਨਾਲ ਬੱਝੀ ਹੁੰਦੀ ਹੈ ਅਤੇ ਇਸ ਚੌਗਿਰਦੇ ਦੇ ਪ੍ਰਭਾਵ ਤੋਂ ਬਿਨਾਂ ਕੰਮ ਨਹੀਂ ਕਰ ਸਕਦੀ।'[20] ਵਰਤਮਾਨ ਸਥਿਤੀ ਵਿਚ ਤਾਂ ਇਹਨਾਂ ਦਾ ਜ਼ੋਰ ਵੱਧ ਤੋਂ ਵੱਧ ਆਰਥਕ ਵਸੀਲੇ ਪੈਦਾ ਕਰਨ, ਅਤੇ ਇਕ ਦੂਜੇ ਨੂੰ ਪਛਾੜ ਦੇਣ ਵੱਲ ਲੱਗਾ ਹੋਇਆ ਹੈ।

ਮੁੱਖ ਸਭਿਆਚਾਰ ਦੇ ਲੋਕ ਇਹਨਾਂ ਨੂੰ ਕੈਰੀ ਅੱਖ ਨਾਲ ਵੇਖਦੇ ਸਨ ਅਤੇ ਪਰਿਣਾਮ ਸਰੂਪ ਇਹ ਲੋਕ ਸਤਹੀ-ਅਲਗਾਵ ਜਾਂ ਅਜੁੜਨ ਦੀ ਸਥਿਤੀ ਵਿਚ ਜੀ ਰਹੇ ਸਨ। ਇਸ ਸਤਹੀ-ਅਲਗਾਵ ਜਾਂ ਨਵੀਆਂ ਸਮਾਜਕ ਸਥਿਤੀਆਂ ਨਾਲ ਅਸਾਂਝ ਦੀ ਹੋਂਦ ਨੇ ਦੇਸ਼ ਦੀ ਯਾਦ, ਭੈਣ-ਭਰਾਵਾਂ ਦੀ ਯਾਦ, ਬੀਵੀ-ਬੱਚਿਆਂ ਦੀ ਯਾਦ,

ਯਾਰਾਂ-ਮਿੱਤਰਾਂ ਦੀ ਯਾਦ ਯਾਨਿ ਅਤੀਤ ਦੇ ਬਿੰਬਾਂ ਨੂੰ ਜਨਮ ਦਿਤਾ। ਇਹ ਅਤੀਤ ਦਾ ਮੋਹ ਸ਼ਾਇਦ ਕੁਝ ਘਟ ਜਾਂਦਾ ਜੇ ਨਵੇਂ ਸਭਿਆਚਾਰ ਦੇ ਲੋਕਾਂ ਨਾਲ ਕੁਝ ਸਾਂਝ ਪੈ ਜਾਂਦੀ। ਨਿਰਣੇ ਹੀ ਇਹ ਅਜਨਬੀਅਤ (Alienation) ਦੀ ਸਥਿਤੀ ਨਹੀਂ ਸੀ ਜੋ ਆਮ ਕਰਕੇ ਸਮਾਜ ਜਾਂ ਪਰਿਵੇਸ਼ ਨਾਲ ਅੰਤਰੰਗਤਾ ਕਾਇਮ ਹੋਣ ਪਿਛੋਂ ਇਹਦੀਆਂ ਅਸੰਗਤੀਆਂ ਕਾਰਨ ਪੈਦਾ ਹੁੰਦੀ ਹੈ। 'ਹਾਂ, ਮਾਲਕ ਕਿਰਸਾਣੀ ਵਿਚੋਂ ਆਏ ਅਵਾਸੀ ਇਥੇ ਆਪਣੀ ਜ਼ਮੀਨ ਅਤੇ ਸਰਦਾਰੀ ਦਾ ਹੇਰਵਾ ਅਵੱਸ਼ ਅਨੁਭਵ ਕਰਦੇ ਸਨ। ਇਕ ਹੋਰ ਗੱਲ ਦਾ ਵੀ ਉਨ੍ਹਾਂ ਨੂੰ ਦੁੱਖ ਹੁੰਦਾ ਸੀ ਕਿ ਉਹਨਾਂ ਦੇ ਆਪਣੇ ਲਾਗੀ ਚਾਗੀ ਇੱਥੇ ਆ ਕੇ ਉਹਨਾਂ ਦੇ ਬਰਾਬਰ ਹੋ ਗਏ ਸਨ ਅਤੇ ਐਨ ਉਹਨਾਂ ਵਾਲਾ ਹੀ ਕੰਮ ਕਰਦੇ ਸਨ। ਇਸ ਦੁੱਖ ਨੂੰ ਉਹ ਬੀਅਰ ਦੇ ਚਾਰ ਗਲਾਸ ਪੀ ਕੇ ਅਤੇ ਇਕ ਦੂਜੇ ਨੂੰ ਚੂੜਾ-ਚਮਾਰ ਕਹਿ ਕੇ ਨਵਿਰਤ ਕਰ ਲੈਂਦੇ ਸਨ। ਇਹ ਗੱਲ ਜਾਣ ਲੈਣੀ ਵੀ ਇਥੇ ਕੁਥਾਂ ਨਹੀਂ ਹੋਵੇਗੀ ਕਿ ਨੀਵੀਆਂ ਸ਼੍ਰੇਣੀਆਂ ਵਿਚੋਂ ਆਏ ਅਵਾਸੀਆਂ ਨੂੰ ਭੁਹੇਰਵਾ ਹੋਣ ਦਾ ਕੋਈ ਕਾਰਨ ਨਹੀਂ ਸੀ। ਜਿਹੜੇ ਨਰਕ ਤੋਂ ਛੁਟਕਾਰਾ ਪ੍ਰਾਪਤ ਕਰਕੇ ਉਹ ਭਾਰਤ ਵਿਚੋਂ ਆਏ ਸਨ, ਇੱਥੇ ਉਸ ਨਾਲੋਂ ਕਿਤੇ ਚੰਗੇਰੀ ਅਵਸਥਾ ਸੀ। ਭੁਹੇਰਵਾ ਤਾਂ ਭੂਤਕਾਲ ਦੀ ਸੁਰਗੀ ਦਾ ਵਾਜਬ ਹੁੰਦਾ ਹੈ। ਭੁਗਤੇ ਨਰਕ ਲਈ ਕੋਈ ਹੋਸ਼ਮੰਦ ਬੰਦਾ ਨਹੀਂ ਝੂਰ ਸਕਦਾ।'[21]

ਉਧਰ ਕੰਮ ਉਤੇ ਨਸਲੀ ਵਿਤਕਰਾ ਆਪਣੇ ਕਰੂਰ ਰੂਪ ਵਿਚ ਨੰਗਾ ਹੋ ਰਿਹਾ ਸੀ। ਗੰਦੀਆਂ ਜਾਬਾਂ, ਘੱਟ ਪੈਸੇ ਅਤੇ ਕੰਮ ਦੀਆਂ ਹਾਲਤਾਂ ਬੇਹੱਦ ਮੰਦੀਆਂ ਸਨ। ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ, ਮਜ਼ਦੂਰ ਜਥੇਬੰਦੀਆਂ ਵੀ ਪੰਜਾਬੀ ਮਜ਼ਦੂਰਾਂ ਦੀ ਇਸ ਹਾਲਤ ਦਾ ਨੋਟਿਸ ਨਹੀਂ ਸਨ ਲੈਂਦੀਆਂ। ਅਯੋਗ ਤੌਰ ਤੇ ਮਜ਼ਦੂਰਾਂ ਦੀ ਛਾਂਟੀ (Redundency) ਕਰ ਦੇਣੀ, ਫੋਰਮੈਨ ਦੁਆਰਾ ਜੌਬ ਦੇਣ ਲਈ ਰਿਸ਼ਵਤ ਲੈਣੀ ਅਤੇ ਕਾਲੇ ਮਜ਼ਦੂਰਾਂ ਦੀ ਐਵੇਂ ਹੀ ਬੇਇਜ਼ਤੀ ਕਰ ਦੇਣੀ ਆਮ ਜਿਹੀ ਗੱਲ ਸੀ। ਸਾਉਥਾਲ ਵਿਚ ਸਥਿਤ ਵੂਲਫ ਰਬੜ ਫੈਕਟਰੀ (ਇਹ ਹੁਣ ਖ਼ਤਮ ਹੋ ਚੁੱਕੀ ਹੈ) ਬਹੁਤ ਸਾਰੀਆਂ ਵਿਚੋਂ ਇਕ ਮਿਸਾਲ ਹੈ। ਪਰ ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਸਾਨੂੰ ਬ੍ਰਮਿੰਘਮ ਦੀਆਂ ਫੌਂਡਰੀਆਂ ਦੀਆਂ ਅਤੇ ਮਿੱਡਲੈਂਡ ਦੀਆਂ ਹੋਰ ਫੈਕਟਰੀਆਂ ਦੀਆਂ ਮਿਲਦੀਆਂ ਹਨ। ਫੈਕਟਰੀਆਂ ਦੇ ਚਿੱਟੇ ਮਜ਼ਦੂਰ ਉਦੋਂ ਕਿਸੇ ਵੀ ਅਜਿਹੀ ਮਜ਼ਦੂਰ-ਜਥੇਬੰਦੀ ਵਿਚ ਭਾਗ ਲੈਣ ਨੂੰ ਤਿਆਰ ਨਹੀਂ ਸਨ ਜਿਸ ਵਿਚ ਭਾਰਤੀ ਜਾਂ ਪਾਕਿਸਤਾਨੀ ਲੋਕ ਹੋਣ। ਅਜਿਹੀਆਂ ਹੀ ਪਰਿਸਥਿਤੀਆਂ ਦਾ ਸਿੱਟਾ ਇੰਡੀਅਨਜ਼ ਵਰਕਰਜ਼ ਐਸੋਸਏਸ਼ਣਾਂ ਅਤੇ ਪਾਕਿਸਤਾਨੀ ਵਰਕਰਜ਼ ਐਸੋਸੀਏਸ਼ਣਾਂ ਦੇ ਬਣਨ ਵਿਚ ਨਿਕਲਿਆ। ਇਹਨਾਂ ਭਾਰਤੀ ਤੇ ਪਾਕਿਸਤਾਨੀ ਮਜ਼ਦੂਰ ਜਥੇਬੰਦੀਆਂ ਨੇ ਭਾਰਤੀ ਤੇ ਪਾਕਿਸਤਾਨੀ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਅਤੇ ਉਹਨਾਂ ਨੂੰ ਉਹਨਾਂ ਦੇ ਹੱਕ ਦਿਵਾਉਣ ਵਿਚ ਵਿਸ਼ੇਸ਼ ਮੱਲਾਂ ਮਾਰੀਆਂ। ਉਦੋਂ ਤੱਕ ਕੁਝ ਦੇਸੀ ਲੋਕਾਂ ਨੇ ਸਥਾਨਕ ਪੱਧਰ ਉਪਰ ਰਾਸ਼ਨ ਆਦਿ ਦੀਆਂ ਦੁਕਾਨਾਂ ਵੀ ਖੋਹਲ ਲਈਆਂ ਸਨ। ਗੁਰਦੁਆਰੇ, ਮੰਦਰ ਤੇ ਮਸੀਤਾਂ ਵੀ ਉਸਾਰ ਲਏ ਗਏ ਸਨ।

ਤੇ ਇੰਜ ਇਹ ਸਾਰੇ ਲੋਕ, ਸੰਸਥਾਵਾਂ ਤੇ ਜੱਥੇਬੰਦੀਆਂ ਇਕੱਠਿਆਂ ਹੋ ਕੇ ਫੈਕਟਰੀਆਂ ਵਿਚ ਹੁੰਦੇ ਧੱਕੇ ਦੇ ਖਿਲਾਫ ਸੰਘਰਸ਼ ਕਰਨ ਲੱਗੇ। ਵੂਲਫ ਫੈਕਟਰੀ ਦੀ ਹੜਤਾਲ (1965) ਸਮੇਂ ਇਹਨਾਂ ਹੀ ਲੋਕਾਂ ਤੇ ਸੰਸਥਾਵਾਂ ਨੇ ਹੜਤਾਲ ਕਰ ਰਹੇ ਮਜ਼ਦੂਰਾਂ ਲਈ ਰੋਟੀ-ਪਾਣੀ ਤੋਂ ਬਿਨਾਂ ਪੰਦਰਾਂ ਸੌ ਪੌਂਡ ਇਕੱਠਾ ਕੀਤਾ ਸੀ। ਇਕੱਲੇ ਇਕੱਲੇ ਘਰ, ਧਾਰਮਿਕ ਸੰਸਥਾ ਤੇ ਦੁਕਾਨਦਾਰ ਨੇ ਆਪਣੀ ਪੂਰੀ ਵਿੱਤ ਅਨੁਸਾਰ ਯੋਗਦਾਨ ਪਾਇਆ ਸੀ। ਉਦੋਂ ਅਜੇ ਇਹ ਲੋਕ ਪੂੰਜੀਵਾਦੀ ਪਰਿਵੇਸ਼ ਦੀ ਵਿਅਕਤੀ ਅਜ਼ਾਦੀ ਅਤੇ ਖ਼ੁਦਗਰਜ਼ੀ ਦੀ ਭਾਵਨਾ ਤੋਂ ਪ੍ਰਭਾਵਿਤ ਨਹੀਂ ਸਨ ਹੋਏ।

ਇਹਨਾਂ ਹੀ ਸਮਿਆਂ ਵਿਚ ਪਰਵਾਸੀਆਂ ਨੂੰ ਵਾਪਸੀ ਦਾ ਸਫਰ ਤਿਆਗਣਾ ਪਿਆ। ਇਹਦੇ ਇਹ ਮੁੱਖ ਕਾਰਨ ਸਨ : ਇਕ, ਜਿਵੇਂ ਕਿ ਪਹਿਲਾਂ ਕਿਸੇ ਹੋਰ ਸੰਦਰਭ ਵਿਚ ਕਿਹਾ ਗਿਆ ਹੈ, ਘਰਦਿਆਂ ਨੂੰ ਪੈਸੇ ਘੱਲ ਕੇ, ਗਹਿਣੇ ਪਿਆ ਜ਼ਮੀਨ ਦਾ ਸਿਆੜ ਛੁਡਾ ਕੇ ਹੁਣ ਕਈਆਂ ਸਾਲਾਂ ਪਿਛੋਂ ਉਹਨਾਂ ਕੋਲ ਵਾਪਸ ਜਾਣ ਜੋਗਾ ਕੁਝ ਵੀ ਨਹੀਂ ਸੀ ਬਚਿਆ। ਦੂਜਾ, ਵਲਾਇਤ ਦੀ ਬੇਹਤਰ ਵਿਦਿਆ ਆਪਣੇ ਬੱਚਿਆਂ ਨੂੰ ਦੁਆ ਕੇ, ਉਹਨਾਂ ਨੂੰ ਜਿਊਂਦਿਆਂ 'ਚ ਕਰਨਾ। ਆਪ ਤਾਂ ਉਹ ਹਨੇਰਾ ਢੋ ਹੀ ਚੁੱਕੇ ਸਨ ਅਤੇ ਢੋ ਰਹੇ ਸਨ। ਤੀਜਾ, ਹੁਣ ਕੁਝ ਪੜ੍ਹੇ ਲਿਖੇ ਦੇਸੀ ਭਾਈਬੰਦਾਂ ਦੇ ਆ ਜਾਣ ਕਰਕੇ ਮਕਾਨ ਖ਼੍ਰੀਦਣਾ ਵੀ ਸੌਖਾ ਸੀ ਅਤੇ ਬਾਲ-ਬੱਚਿਆਂ ਨਾਲ ਕਿਰਾਏ ਤੇ ਰਹਿਣ ਵਾਲੀ ਤਕਲੀਫ਼ ਮੁਕਾਈ ਜਾ ਸਕਦੀ ਸੀ। ਸਿੱਟੇ ਵਜੋਂ ਆਪਣੇ ਟੱਬਰ ਮੰਗਵਾ ਕੇ, ਉਹਨਾਂ ਆਪਣਾ ਮੁੜ-ਵਸੇਬਾ ਸ਼ੁਰੂ ਕਰ ਦਿਤਾ।

ਇੱਥੇ ਇਕ ਗੱਲ ਸਪਸ਼ਟ ਕਰ ਦੇਣੀ ਬਣਦੀ ਹੈ ਕਿ ਜਿਹੜੇ• ਲੋਕ ਗੱਭਰੂ ਹੋ ਕੇ ਅਰਥਾਤ ਆਪਣੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਆਤਮਸਾਤ ਕਰਕੇ ਬ੍ਰਤਾਨੀਆਂ ਪਹੁੰਚੇ, ਭਾਵੇਂ ਉਹ ਪੰਜਾਹਵਿਆਂ ਵਿਚ ਪਹੁੰਚੇ, ਭਾਵੇਂ ਸੱਠਵਿਆਂ ਵਿਚ ਅਤੇ ਭਾਵੇਂ ਸੱਤਰਵਿਆਂ ਵਿਚ — ਉਹ ਪਹਿਲੀ ਪੀੜ੍ਹੀ ਦੇ ਲੋਕ ਹੀ ਸਨ। ਉਹਨਾਂ ਦੀ ਉਮਰ ਪੰਦਰਾਂ ਤੋਂ ਸੱਠ ਸਾਲ ਕੋਈ ਵੀ ਹੋਵੇ ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ। ਇਸ ਦੇ ਬਿਲਕੁਲ ਉਲਟ 8-10 ਸਾਲ ਦੇ ਨਿਆਣੇ ਭਾਵੇਂ 50-60 'ਚ ਏਥੇ ਆਏ ਹੋਣ, ਭਾਵੇਂ 65-70 ਵਿਚ ਤੇ ਭਾਵੇਂ ਮਗਰੋਂ, ਇਹ ਦੂਜੀ ਪੁਸ਼ਤ ਦੇ ਹੀ ਲੋਕ ਸਨ। ਪਹਿਲੀ 'ਤੇ ਦੂਜੀ ਪੁਸ਼ਤ ਦਾ ਫ਼ਰਕ ਉਹਨਾਂ ਦੀਆਂ ਸਾਂਸਕ੍ਰਿਤਕ ਕੀਮਤਾਂ ਕਰਕੇ ਹੈ ਨਾਂਕਿ ਪਹੁੰਚ ਦੇ ਵਰ੍ਹੇ ਕਰਕੇ। ਇਹੋ ਕਾਰਨ ਹੈ ਕਿ ਜਿੱਥੇ ਪਹਿਲੀ ਪੁਸ਼ਤ ਦਾ ਪਹਿਲਾ ਹਿੱਸਾ ਸੀਨ ਤੋਂ ਲੋਪ ਹੋ ਰਿਹਾ ਹੈ ਉਥੇ ਅਗਲਾ ਹਿੱਸਾ ਮੂਰਤੀਮਾਨ ਹੋ ਰਿਹਾ ਹੈ, ਅਤੇ ਜਿਥੇ ਦੂਜੀ ਪੁਸ਼ਤ ਦਾ ਪਹਿਲਾ ਹਿੱਸਾ ਬ੍ਰਤਾਨਵੀ ਸਮਾਜ ਦਾ ਸਹਿਜ-ਭਾਗ ਬਣ ਗਿਆ ਹੈ ਉਥੇ ਮਗਰੋਂ ਆਇਆ ਹਿੱਸਾ ਇਸ ਪਾਸੇ ਅਹੁਲ ਰਿਹਾ ਹੈ।

ਘਰ-ਘਾਟ ਲੈ ਕੇ ਜਦੋਂ ਪਰਿਵਾਰ ਮੰਗਵਾ ਲਏ ਤਾਂ ਖਰਚੇ ਵੀ ਵਧ ਗਏ। ਸਿੱਟੇ ਵਜੋਂ ਔਰਤਾਂ ਨੂੰ ਫੈਕਟਰੀਆਂ ਵਿਚ ਕੰਮ ਕਰਨਾ ਪਿਆ। ਉਹ ਔਰਤ ਜਿਹੜੀ ਪੰਜਾਬ ਦੇ ਕਿਸੇ ਪਿੰਡ ਵਿਚ ਬੈਠੀ ਘਰ ਦਾ ਕੰਮ-ਕਾਜ ਕਰਨ ਅਤੇ ਬੱਚੇ ਜੰਮਣ-

ਪਾਲਣ ਦੀ ਪ੍ਰਕਿਰਿਆ 'ਚੋਂ ਗੁਜ਼ਰਦੀ ਹੋਈ ਘਰ ਦੀ ਆਰਥਕਤਾ ਨਾਲ ਸਿੱਧੇ ਤੌਰ ਤੇ ਸੰਬੰਧਿਤ ਨਹੀਂ ਸੀ, ਹੁਣ ਇਸ ਆਰਥਕਤਾ ਦਾ ਵਿਸ਼ੇਸ਼ ਹਿੱਸਾ ਬਣ ਗਈ। ਉਹ ਮਾਨਸਿਕ ਤੌਰ 'ਤੇ ਇਸ ਤਬਦੀਲੀ ਲਈ ਤਿਆਰ ਨਹੀਂ ਸੀ ਪਰ ਪਰਿਸਥਿਤੀਆਂ ਇਕ ਹਜੋਕੇ ਨਾਲ ਉਹਨੂੰ ਏਧਰ ਲੈ ਆਈਆਂ ਸਨ। ਦੂਜੇ ਪਾਸੇ ਘਰ ਦਾ ਮਰਦ ਵੀ ਔਰਤ ਦੀ ਘਰੇਲੂ ਆਰਥਕਤਾ ਵਿਚ ਬਰਾਬਰ ਦੀ ਭਾਈਵਾਲ ਬਣ ਜਾਣ ਦੇ ਸਿੱਟਿਆਂ ਤੋਂ ਨਾਵਾਕਿਫ਼ ਸੀ। ਪਰ ਪਰਿਸਥਿਤੀਆਂ ਉਹਨਾਂ ਦੀ ਮਰਜ਼ੀ ਤੋਂ ਅਜ਼ਾਦ ਸਨ ਤੇ ਆਪਣਾ ਅਸਰ ਪਾ ਰਹੀਆਂ ਸਨ। ਉਪਜ ਦੇ ਪੂੰਜੀਵਾਦੀ ਰਿਸ਼ਤਿਆਂ ਵਿਚ ਬੱਝਣਾ ਉਹਨਾਂ ਦੀ ਸੁਤੰਤਰ ਚੋਣ ਨਹੀਂ ਬਲਕਿ ਜ਼ਰੂਰਤ ਸੀ। ਬਾਹਰੀ ਪਰਿਸਥਿਤੀਆਂ ਅਤੇ ਪਰਿਵਾਰਿਕ ਇਕਾਈਆਂ ਵਿਚ ਵਿਆਪਤ ਦਵੰਦ ਅਤੇ ਪਰਿਵਾਰਿਕ ਜੀਵਨ ਦੀਆਂ ਵਿਰੋਧਤਾਈਆਂ ਨੂੰ ਅਸੀਂ ਅੱਗੇ ਚਲ ਕੇ ਵਿਚਾਰਾਂਗੇ।

ਜਦੋਂ ਬੱਚਿਆਂ ਨੂੰ ਬ੍ਰਤਾਨਵੀ ਸਕੂਲਾਂ ਵਿਚ ਦਾਖਲ ਕਰਵਾਇਆ ਗਿਆ ਤਾਂ ਮੁੱਖ-ਧਾਰਾ ਦਾ ਸਭਿਆਚਾਰਕ ਤੇ ਨਸਲੀ ਵਿਤਕਰਾ ਆਪਣੇ ਕਰੂਰ ਰੂਪ ਵਿਚ ਨੰਗਾ ਹੋਇਆ। ਇਹ ਪ੍ਰਕਿਰਿਆ ਅਜੇ ਤੀਕਰ ਜਾਰੀ ਹੈ ਕਿਉਂਕਿ ਜਿਵੇਂ ਆਪਾਂ ਪਹਿਲੋਂ ਕਿਹਾ ਹੈ ਦੂਜੀ ਪੀੜ੍ਹੀ ਮੁੱਢਲੇ ਪੰਜਾਹਵਿਆਂ ਤੋਂ ਅੱਸੀਵਿਆਂ ਤੱਕ ਫੈਲੀ ਹੋਈ ਹੈ। ਇਸ ਸਾਰੀ ਪ੍ਰਕਿਰਿਆ ਦਾ ਅਧਿਐਨ ਇਸ ਦੀ ਗਤੀਸ਼ੀਲ ਅਵਸਥਾ ਵਿਚ ਕੀਤਾ ਜਾ ਸਕਦਾ ਹੈ। ਪੱਗੜੀ ਜਾਂ ਸਲਵਾਰ ਦੇ ਖਿਲਾਫ਼ ਨਫ਼ਰਤ, ਬੱਚਿਆਂ ਦੇ ਆਪਣੀ ਮਾਂ-ਭਾਸ਼ਾ ਬੋਲਣ ਦੇ ਖਿਲਾਫ਼ ਪ੍ਰਤਿਕਿਰਿਆ, ਕੁਝ ਜਮਾਤਾਂ ਵਿਚ ਏਸ਼ੀਅਨ ਬੱਚਿਆਂ ਦੀ ਭਰਮਾਰ (Ghetto) ਅਤੇ ਗੋਰੇ ਬੱਚਿਆਂ ਦੀਆਂ ਅਲਹਿਦਾ ਜਮਾਤਾਂ, ਹੋਰ ਸਕੂਲ ਉਸਾਰਨ ਦੇ ਅਮਲ ਦੀ ਨਿਖੇਧੀ, ਏਸ਼ੀਅਨ ਬੱਚਿਆਂ ਦੀਆਂ ਬੱਸਾਂ ਭਰ ਭਰ, ਘਰ ਵਾਲੇ ਕਸਬੇ ਤੋਂ ਕਈ ਕਈ ਮੀਲ ਦੂਰ ਭੇਜਣ ਤੇ ਲਿਆਉਣ ਦਾ ਖਿੰਡਾਅਵਾਦੀ ਅਮਲ (Dispersal Policies) ਅਤੇ ਇਸ ਤਰ੍ਹਾਂ ਦੇ ਹੋਰ ਅਨੇਕਾਂ ਹੀ ਪ੍ਰਤਿਕਿਰਿਆਵਾਦੀ ਅਮਲ ਹੋਂਦ ਵਿਚ ਆਏ।

Campaign Against Racism and Fascism ਦੀ ਰਿਪੋਰਟ ਅਨੁਸਾਰ : '1967 ਵਿਚ 1000 ਦੇ ਕਰੀਬ ਏਸ਼ੀਅਨ ਬੱਚਿਆਂ ਨੂੰ ਬੱਸਾਂ ਵਿਚ ਲੱਦ ਕੇ ਘਰ ਵਾਲੇ ਕਸਬੇ ਤੋਂ ਛੇ ਮੀਲ ਦੂਰ ਦੇ ਸਕੂਲਾਂ ਵਿਚ ਲਿਜਾ ਕੇ ਸੁੱਟਿਆ ਜਾਂਦਾ ਸੀ। 1973 ਵਿਚ ਇਹ ਗਿਣਤੀ 2500 ਬੱਚਿਆਂ ਤੀਕਰ ਪਹੁੰਚ ਗਈ ਸੀ, ਤੇ ਕੋਈ ਚਾਰ ਸੌ ਦੇ ਕਰੀਬ ਬੱਚੇ ਆਪ ਹੀ ਪਬਲਿਕ ਟਰਾਂਸਪੋਰਟ ਵਰਤ ਕੇ ਛੇ ਛੇ ਮੀਲ ਦੂਰ ਜਾਂਦੇ ਸਨ। ਸਿਰਫ ਕਾਲੇ ਵਿਦਿਆਰਥੀਆਂ ਨੂੰ ਹੀ ਇਹ ਨਰਕ ਭੋਗਣਾ ਪੈਂਦਾ ਸੀ, ਚਿੱਟਿਆਂ ਨੂੰ ਨਹੀਂ। ਇਕੱਲੇ ਸਾਊਥਾਲ ਵਿਚ ਹੀ ਪ੍ਰਾਪਤ ਸੀਟਾਂ ਨਾਲੋਂ 3000 ਵਿਦਿਆਰਥੀ ਵੱਧ ਸਨ ਅਤੇ ਕਰੀਬ ਛੇ ਨਵੇਂ ਸਕੂਲਾਂ ਦੀ ਫੌਰੀ ਜ਼ਰੂਰਤ ਸੀ। ਪਰ ਨਾ ਕੇਂਦਰ ਨੇ ਅਤੇ ਨਾ ਹੀ ਸਥਾਨਕ ਸਰਕਾਰ ਨੇ ਇਸ ਬਾਰੇ ਕਦੇ ਕੁਝ ਕੀਤਾ।'[22]

ਇਕ ਵੈਸਟ ਇੰਡੀਅਨ ਵਿਦਿਆਰਥੀ ਨੂੰ ਜਦੋਂ ਸਕੂਲ ਦੇ ਅਨੁਭਵ ਬਾਰੇ

ਪੁਛਿਆ ਗਿਆ ਤਾਂ ਉਹਨੇ ਕਿਹਾ, "ਇਹ ਸਾਨੂੰ ਬਿਲਕੁਲ ਜੰਗਲੀ ਸਮਝਦੇ ਨੇ ਤੇ ਉਥੋਂ ਸ਼ੁਰੂ ਕਰਦੇ ਨੇ ਜਿਥੇ ਕੁਝ ਵੀ ਨਹੀਂ ਹੁੰਦਾ। ਇਸ ਲਈ ਅਸੀਂ ਬੋਰ ਹੋ ਜਾਂਦੇ ਹਾਂ ਤੇ ਸਾਡੀ ਕੋਈ ਦਿਲਚਸਪੀ ਬਾਕੀ ਨਹੀਂ ਰਹਿ ਜਾਂਦੀ। ਨਾ ਇਹਨਾਂ ਦੇ ਪੜ੍ਹਾਉਣ ਦੇ ਤਰੀਕੇ ਨਾਲ ਅਸੀਂ ਆਪਣੇ ਆਪ ਦੀ ਸਾਂਝ ਪਾ ਸਕਦੇ ਹਾਂ ਤੇ ਨਾ ਇਹ ਜੋ ਅਸੀਂ ਚਾਹੁੰਦੇ ਹਾਂ ਉਹ ਪੜ੍ਹਾਉਂਦੇ ਹਨ।...ਟੀਚਰ ਸਿਰਫ ਇਹੋ ਨਹੀਂ ਸੋਚਦੇ ਕਿ ਅਸੀਂ ਮੂਰਖ ਹਾਂ, ਬਲਕਿ ਜੋ ਕੁਝ ਉਹ ਪੜ੍ਹਾਉਂਦੇ ਹਨ ਉਸ ਤੋਂ ਤੁਹਾਨੂੰ ਆਪਣੇ ਮੂਰਖ ਹੋਣ ਬਾਰੇ ਯਕੀਨ ਹੋ ਜਾਂਦਾ ਹੈ। ਮੇਰਾ ਖਿਆਲ ਹੈ ਇਹ ਸਾਰੇ ਜੰਮੇ ਹੀ ਨਸਲਵਾਦੀ ਹਨ।'[23]

ਤੇ ਜਦੋਂ ਇਕ ਭਾਰਤੀ ਮੁੰਡੇ ਦਾ ਇੰਟਰਵਿਊ ਲਿਆ ਗਿਆ ਤਾਂ ਉਹਨੇ ਦਸਿਆ, 'ਹੁਣ ਮੈਨੂੰ ਯਾਦ ਆਉਂਦਾ ਹੈ ਕਿ ਜਦੋਂ ਮੈਂ ਛੋਟਾ ਸਾਂ ਤਾਂ ਮੈਨੂੰ ਲਗਦਾ ਸੀ ਮੇਰੀ ਭਾਸ਼ਾ — ਯਾਨਿ ਮੇਰੇ ਮਾਪਿਆਂ ਦੀ ਭਾਸ਼ਾ ਅਸਲ ਭਾਸ਼ਾ ਨਹੀਂ ਹੈ...ਸਾਰਾ ਇਤਿਹਾਸ ਬ੍ਰਿਟਿਸ਼ ਨੁਕਤਾ ਨਜ਼ਰ ਤੋਂ ਹੈ। ਸਾਨੂੰ ਪੜ੍ਹਾਇਆ ਜਾਂਦਾ ਹੈ ਕਿ ਰੌਬਰਟ ਕਲਾਈਵ ਹੀਰੋ ਸੀ ਤੇ ਬ੍ਰਤਾਨਵੀ ਲੋਕਾਂ ਨੇ ਇੰਡੀਆ ਵਿਚ ਰੇਲਵੇ ਅਤੇ ਡੈਮੋਕਰੇਸੀ ਚਾਲੂ ਕੀਤੀ ਸੀ...ਪਰ ਸਾਨੂੰ ਇਹ ਕਦੇ ਨਹੀਂ ਦਸਿਆ ਜਾਂਦਾ ਕਿ ਭਾਰਤੀ ਉਦਯੋਗ ਨੂੰ ਤਬਾਹ ਕਰਕੇ ਉਹਦੀ ਥਾਂ ਬ੍ਰਤਾਨਵੀ ਉਦਯੋਗ ਕਿਸ ਨੇ ਸਥਾਪਿਤ ਕੀਤਾ।... ਹਮੇਸ਼ਾਂ ਉਹ ਇਹੋ ਹੀ ਕਹਿੰਦੇ ਰਹਿੰਦੇ ਹਨ ਕਿ ਵਾਈਟ ਹੀ ਰਾਈਟ ਹੈ। ਇਸ ਤਰ੍ਹਾਂ ਅਸੀਂ ਅੰਗ੍ਰੇਜ਼ੀ ਨਾਂ-ਕੁਨਾਂ ਨਾਲ ਅਤੇ ਬਿਨਾ ਕਿਸੇ ਸਵੈ-ਮਾਨ ਤੋਂ ਵੱਡੇ ਹੁੰਦੇ ਜਾਂਦੇ ਹਾਂ।'[24]

ਇਸੇ ਤਰ੍ਹਾਂ ਏਸ਼ੀਅਨ ਬੱਚਿਆਂ ਦੀ ਕਾਫ਼ੀ ਵੱਡੀ ਗਿਣਤੀ ਨੂੰ 'ਐਜੂਕੇਸ਼ਨਲੀ ਸੱਬ-ਨਾਰਮਲ' ਵੀ ਗਰਦਾਨਿਆ ਗਿਆ ਕਿਉਂਕਿ ਪੰਜਾਬੀ ਮਾਧਿਅਮ ਦੇ ਸਕੂਲਾਂ 'ਚੋਂ ਆਉਣ ਕਰਕੇ ਉਹ ਅੰਗ੍ਰੇਜ਼ੀ ਭਾਸ਼ਾ ਵਿਚ ਚੰਗੇ ਨਹੀਂ ਸਨ। ਹਾਲਾਂਕਿ ਜੇ ਉਹਨਾਂ ਨੂੰ ਅੰਗਰੇਜ਼ੀ ਭਾਸ਼ਾ ਦੀ ਤਰਬੀਅਤ ਠੀਕ ਢੰਗ ਨਾਲ ਦਿਤੀ ਜਾਂਦੀ ਤਾਂ ਉਹ ਵਿਦਿਅਕ ਤੌਰ ਤੇ ਆਹਲਾ ਬੱਚੇ ਹੁੰਦੇ। ਉਪ੍ਰੋਕਤ ਰਿਪੋਰਟ ਦੇ ਹੀ ਅਨੁਸਾਰ 1972 ਵਿਚ ਈਲਿੰਗ ਦੀਆਂ 'ਸਵਾਗਤੀ ਜਮਾਤਾਂ' (Reception Classes) ਵਿਚੋਂ ਇਕ ਤਿਹਾਈ ਵੈਸਟ ਇੰਡੀਅਨ ਬੱਚਿਆਂ ਨੂੰ ਵਿਦਿਅਕ ਪੱਖੋਂ ਅਰਧ-ਪਾਗਲ ਗਰਦਾਨਿਆ ਗਿਆ। (Educationally Sub-Normal) ਇਹੋ ਜਿਹਾ ਦਰਜਾ ਦੇ ਕੇ ਵਿਦਿਆ ਵਾਲੇ ਬੱਚੇ ਵਿਚ ਘਟੀਆ-ਪਨ ਦਾ ਅਹਿਸਾਸ ਭਰਦੇ ਸਨ।'[25]

ਸਕੂਲਾਂ ਵਿਚ ਮੁੱਖ-ਧਾਰਾ ਅਤੇ ਟੀਚਰਾਂ ਦਾ ਵਤੀਰਾ ਉਹਨਾਂ ਵੱਲ ਨਫ਼ਰਤ-ਭਰਿਆ ਸੀ ਅਤੇ ਉਹ ਰੋਜ਼ ਡਾਡਾਂ ਮਾਰਦੇ ਘਰ ਪਰਤਦੇ ਸਨ। ਨਤੀਜੇ ਵਜੋਂ ਏਸ਼ੀਅਨ ਬੱਚਿਆਂ ਦੇ ਦਿਲ ਵਿਚ ਇਕ ਵਿਰੋਧੀ ਨਫ਼ਰਤ ਘਰ ਕਰ ਗਈ ਜਿਹਨਾਂ ਦੇ ਕੁਝ ਸਿੱਟੇ ਮਗਰੋਂ ਆਣ ਕੇ ਨਿਕਲਣੇ ਸਨ।

ਪੰਜਾਬੀ ਲੋਕ ਕਿਉਂਕਿ ਮੁੱਖ ਤੌਰ 'ਤੇ ਬ੍ਰਤਾਨੀਆਂ ਵਿਚ ਪੈਸੇ ਕਮਾਉਣ ਆਏ ਸਨ, ਇਸ ਲਈ ਉਹ ਸਮਾਜਕ ਪਰਿਸਥਿਤੀਆਂ ਬਦਲ ਜਾਣ 'ਤੇ ਵੀ ਪੈਸੇ ਕਮਾਉਣ

ਦੀ ਹੀ ਸੋਚਦੇ ਰਹੇ ਅਤੇ ਹਾਲਾਤ ਉਹਨਾਂ ਦੀ ਮੁੱਠੀ ਵਿਚੋਂ ਨਿਕਲ ਕੇ ਖਿੱਲਰ ਗਏ।' ਪੰਜਾਬੀਆਂ ਦੀ ਦੂਜੀ ਪੀੜ੍ਹੀ ਦੇ ਗੁਆਚਣ ਦੀ ਗੱਲ ਤਾਂ ਅਸੀਂ ਅੱਗੇ ਜਾ ਕੇ ਕਰਾਂਗੇ ਪਰ ਹਰ ਹਾਲਤ ਵਿਚ ਪੰਜਾਬੀ ਮਾਪਿਆਂ ਦੀ ਪੈਸਾ-ਕੇਂਦਰਿਤ-ਪ੍ਰਵਿਰਤੀ ਇਸ ਗੁਆਚਣ ਦਾ ਕੇਵਲ ਆਂਸ਼ਿਕ ਸੱਚ ਹੀ ਹੈ ਸੰਪੂਰਨ ਸੱਚ ਨਹੀਂ। ਸੰਪੂਰਨ ਸੱਚ ਬਹੁਗਿਣਤੀ 'ਤੇ ਘੱਟ-ਗਿਣਤੀ ਦੇ ਸਭਿਆਚਾਰਾਂ ਦੀ ਮੁੱਠ-ਭੇੜ ਹੈ ਜੀਹਦੇ ਵਿਚ ਹਾਰ ਘੱਟ-ਗਿਣਤੀ ਦੇ ਸਭਿਆਚਾਰ ਦੀ ਹੀ ਹੋਣੀ ਸੀ। ਇਹ ਘੱਟ-ਗਿਣਤੀ ਹਾਕਮ ਜਮਾਤ ਦਾ ਸਭਿਆਚਾਰ ਨਹੀਂ, ਘੱਟ-ਗਿਣਤੀ ਦੀ ਕਾਮਾ-ਜਮਾਤ ਦਾ ਸਭਿਆਚਾਰ ਸੀ। ਜਿੱਥੇ ਜਿੱਥੇ ਏਸ਼ੀਅਨ ਲੋਕਾਂ, 'ਤੇ ਇਸ ਪ੍ਰਸੰਗ ਵਿਚ ਪੰਜਾਬੀਆਂ ਦੀ ਬਹੁ-ਗਿਣਤੀ ਹੁੰਦੀ ਗਈ ਉਥੇ ਪੰਜਾਬੀ ਸਭਿਆਚਾਰ ਨੂੰ ਘੱਟ ਢਾਹ ਲੱਗੀ ਬਲਕਿ ਇਹ ਢਾਹ ਅੱਗੇ ਪੈ ਗਈ। ਅਜਿਹੀਆਂ ਥਾਵਾਂ 'ਤੇ ਅੰਗਰੇਜ਼ਾਂ ਦੀ ਉਹਨਾਂ ਦੇ ਖਿਲਾਫ਼ ਨਫ਼ਰਤ ਵੀ ਉਗਰ ਰੂਪ ਵਿਚ ਸਾਹਮਣੇ ਆਉਣ ਲੱਗੀ। ਇਕੱਲੇ-ਕਾਰੇ ਦੇਸੀ ਬੰਦੇ ਨੂੰ ਫੜ ਕੇ ਕੁੱਟ ਦੇਣਾ, ਮੂੰਹ-ਸਿਰ ਪਾੜ ਦੇਣਾ, 'ਤੇ ਕਈ ਵਾਰੀ ਜਾਨੋਂ ਵੀ ਮਾਰ ਦੇਣਾ ਆਮ ਜਿਹੀ ਗੱਲ ਸੀ। ਬਲੈਕ ਬਾਸਟਰਡ, ਫ਼ਕਿੰਨ-ਪਾਕੀ ਅਤੇ ਬਲੱਡੀ ਵੋਗ ਆਦਿ ਗਾਹਲਾਂ ਨਾਲ ਇਹਨਾਂ ਲੋਕਾਂ ਦਾ ਵਾਹ ਹੀਥਰੋ ਹਵਾਈ ਅੱਡੇ ਤੋਂ ਹੀ ਪੈਣਾ ਸ਼ੁਰੂ ਹੋ ਜਾਂਦਾ ਸੀ। ਇਸ ਤੋਂ ਇਲਾਵਾ ਫੈਕਟਰੀਆਂ ਵਿਚ, ਰੇਲਵੇ ਸਟੇਸ਼ਨਾਂ 'ਤੇ, ਬਜ਼ਾਰਾਂ ਦੀਆਂ ਕੰਧਾਂ ਉਪਰ ਇਹੋ ਜਿਹੀਆਂ ਗਾਲ੍ਹਾਂ ਦਾ ਲਿਖਿਆ ਜਾਣਾ ਆਮ ਗੱਲ ਸੀ। ਪੰਜਾਬਣਾਂ ਦਾ ਸਲਵਾਰ-ਕੁੜਤਾ, ਸਿਰਾਂ ਤੇ ਰੰਗ-ਬਰੰਗੇ ਦੁਪੱਟੇ ਅਤੇ ਗਹਿਣਿਆਂ ਦਾ ਲੱਦ ਮੁੱਖ ਸਭਿਆਚਾਰ ਦੇ ਲੋਕਾਂ ਨੂੰ ਉਹਨਾਂ ਦੀ ਆਪਣੀ ਅਗਿਆਨਤਾ ਕਾਰਨ, ਅਜਿਹੀਆਂ ਗਾਲ੍ਹਾਂ ਕੱਢਣ ਲਈ ਹੋਰ ਵੀ ਪ੍ਰੇਰਦਾ ਸੀ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਜਿਹੇ ਸਮਿਆਂ ਵਿਚ ਪੰਜਾਬੀਆਂ ਦੀਆਂ ਧਾਰਮਿਕ ਜੱਥੇਬੰਦੀਆਂ ਨੇ, ਮਜ਼ਦੂਰ ਸਭਾਵਾਂ ਨੇ ਅਤੇ ਹੋਰ ਲੋਕ-ਸੰਸਥਾਵਾਂ ਨੇ ਬੜਾ ਹੀ ਸ਼ਲਾਘਾਯੋਗ ਰੋਲ ਅਦਾ ਕੀਤਾ।

ਸਾਧਾਰਨ ਗੋਰਾ ਮਨੁੱਖ ਆਪਣੀ ਅਣਪੜ੍ਹਤਾ ਕਰਕੇ ਇਹਨਾਂ ਲੋਕਾਂ ਦੇ ਵਿਲੱਖਣ ਸਭਿਆਚਾਰ, ਇਤਿਹਾਸ ਵਿਚ ਇਹਨਾਂ ਦੀ ਥਾਂ ਨੂੰ ਨਹੀਂ ਸੀ ਜਾਣਦਾ, 'ਤੇ ਸਮਝਦਾ ਸੀ ਜਿਵੇਂ ਇਹ ਲੋਕ ਜੰਗਲ 'ਚੋਂ ਫੜ ਕੇ ਲੈ ਆਂਦੇ ਗਏ ਹੋਣ। ਸਰਕਾਰ ਇਹਨਾਂ ਸਾਧਾਰਨ ਲੋਕਾਂ ਦੀ ਭਰਮ-ਨਿਵਿਰਤੀ ਲਈ ਕੁਝ ਵੀ ਕਰਨ ਨੂੰ ਤਿਆਰ ਨਹੀਂ ਸੀ। ਬਲਕਿ ਰੰਗ-ਨਸਲ ਦੇ ਆਧਾਰ 'ਤੇ ਤਾਂ ਉਹ ਸਗੋਂ ਮਜ਼ਦੂਰਾਂ ਵਿਚ, ਆਪਣੇ ਵਿਸ਼ੇਸ਼ ਵਰਗ-ਚਰਿਤਰ ਅਨੁਸਾਰ, ਪਾੜਾ ਪਾਉਣ ਦਾ ਉਪਕਰਮ ਕਰਦੀ ਸੀ। ਪਿਛੋਂ ਆਣ ਕੇ ਭਾਵੇਂ ਕਮਿਊਨਿਟੀ ਰੇਸ ਰਿਲੇਸ਼ਨਜ ਕਾਊਂਸਲਾਂ ਅਤੇ ਕਮਿਸ਼ਨ ਵੀ ਬਣੇ ਪਰ ਸਥਾਪਿਤ ਅੰਤਰ-ਪ੍ਰਬੰਧ ਦਾ ਹਿੱਸਾ ਹੋਣ ਕਰਕੇ ਇਹਨਾਂ ਨੂੰ ਵੀ ਸੀਮਤ ਸਫ਼ਲਤਾ ਹੀ ਮਿਲ ਸਕਦੀ ਸੀ।

ਇਹਨਾਂ ਹੀ ਸਾਲਾਂ ਵਿਚ ਬਹੁਤ ਸਾਰੇ ਦੇਸੀ ਬ੍ਰੋਕਰਜ਼ ਵੀ ਮੰਡੀ ਵਿਚ ਆ ਗਏ ਜਿਹੜੇ ਕਾਰ ਦੇ ਬੀਮੇ ਤੋਂ ਲੈ ਕੇ ਜੀਵਨ, ਘਰ, ਘਰੇਲੂ ਵਸਤਾਂ ਦਾ ਬੀਮਾ, ਹਵਾਈ

ਟਿਕਟਾਂ ਦਾ ਵਪਾਰ, ਘਰ ਤੇ ਦੁਕਾਨਾਂ ਖ਼੍ਰੀਦਣ ਲਈ ਕਰਜ਼ਿਆਂ ਦਾ ਪ੍ਰਬੰਧ ਆਦਿ ਸਭ ਕੁਝ ਕਰਦੇ ਸਨ। ਇਹ ਆਮ ਕਰਕੇ ਉਹੋ ਹੀ ਲੋਕ ਸਨ ਜਿਹੜੇ 1960ਵਿਆਂ ਦੇ ਵਰਕ-ਪਰਮਿਟਾਂ ਦੇ ਸਮੇਂ ਆਪਣੀਆਂ ਟੀਚਰੀਆਂ, ਕਲਰਕੀਆਂ ਅਤੇ ਹੋਰ ਚਿੱਟੇ ਕਾਲਰਾਂ ਵਾਲੀਆਂ ਨੌਕਰੀਆਂ ਤਿਆਗ ਕੇ ਬ੍ਰਤਾਨੀਆਂ ਆਏ ਸਨ। ਇਹਨਾਂ ਲੋਕਾਂ ਨੇ ਆਪਣੀ ਹੀ ਜਿਨਸ ਦੇ ਲੋਕਾਂ ਦਾ ਘੱਟ ਲਹੂ ਨਹੀਂ ਚੂਸਿਆ ਬਲਕਿ ਉਹਨਾਂ ਦੀ ਅੰਗਰੇਜ਼ੀ ਨਾ ਜਾਣਨ ਦੀ ਘਾਟ ਦਾ ਪੂਰਾ ਪੂਰਾ ਲਾਭ ਉਠਾਇਆ। ਇਹਨਾਂ ਲੋਕਾਂ ਦੁਆਰਾ ਹੀ ਸਾਧਾਰਨ ਪੰਜਾਬੀਆਂ ਨੇ ਕਰਜ਼ੇ ਆਦਿ ਲੈ ਕੇ ਰਾਸ਼ਣ ਦੀਆਂ ਦੁਕਾਨਾਂ, ਮੀਟ ਦੀਆਂ ਦੁਕਾਨਾਂ, ਕੱਪੜੇ-ਲੱਤੇ ਦੀਆਂ ਦੁਕਾਨਾਂ, ਸ਼ਰਾਬ ਦੀਆਂ ਦੁਕਾਨਾਂ ਅਤੇ ਰੈਸਟੋਰੈਂਟ ਆਦਿ ਖੋਹਲੇ ਜੋ ਪੰਜਾਬੀਆਂ ਉਤੇ ਹੀ ਆਸਰਿਤ ਹੋਣ ਕਰਕੇ ਸਫ਼ਲਤਾ-ਪੂਰਵਕ ਚੱਲੇ ਅਤੇ ਚੱਲ ਰਹੇ ਹਨ। ਇਹਨਾਂ ਵਿਚੋਂ ਹੀ ਹੁਣ, ਬੜੇ ਲੋਕ ਫ਼ੈਕਟਰੀਆਂ, ਵੇਅਰ-ਹਾਊਸਜ਼ 'ਤੇ ਸੁਪਰ-ਸਟੋਰਾਂ ਦੇ ਮਾਲਕ ਹਨ। ਇਸੇ ਸਮੇਂ ਦੌਰਾਨ ਪੌਂਡਾਂ ਨੂੰ ਤੀਹਾਂ ਨਾਲ ਜ਼ਰਬ ਦੇ ਕੇ ਇੰਡੀਆ ਪੈਸਾ ਭੇਜਣ ਵਾਲੇ ਬਲੈਕ ਦੇ ਏਜੰਟ ਵੀ ਵਜੂਦ ਵਿਚ ਆਏ ਜਿਨ੍ਹਾਂ ਵਿਚੋਂ ਕੁਝ ਏਸ ਪ੍ਰਕਿਰਿਆ ਦੇ ਮੁੱਕਣ ਪਿਛੋਂ ਦੂਸਰੇ ਧੰਦਿਆਂ ਵਿਚ ਜਾ ਵੜੇ ਜਿਵੇਂ ਅਖਬਾਰ ਕੱਢਣੀ, ਪੁਰਾਣੀਆਂ ਜਾਇਦਾਦਾਂ ਖ਼੍ਰੀਦ ਕੇ, ਉਹਨਾਂ ਦਾ ਮੁੜ ਨਵੀਨੀਕਰਣ ਕਰਕੇ ਵੇਚਣਾ ਅਤੇ ਇੰਜ ਅੰਤ ਵਿਚ ਵੱਡੇ ਵੱਡੇ ਹੋਟਲਾਂ ਅਤੇ ਚੇਨ-ਸਟੋਰਾਂ ਦੇ ਮਾਲਕ ਬਣ ਜਾਣਾ ਆਦਿ। ਕੁਝ ਅਜਿਹੇ ਲੋਕਾਂ ਨੇ ਹੀ ਅਫ਼ੀਮ, ਚਰਸ, ਗਾਂਜੇ ਤੇ ਹੈਰੋਇਨ ਦੇ ਧੰਦਿਆਂ ਵਿਚੋਂ ਵੀ ਬਥੇਰੇ ਹੱਥ ਰੰਗੇ, 'ਤੇ ਪਿਛੋਂ ਫੜੇ ਜਾਣ 'ਤੇ ਵੱਡੇ ਘਰ ਵੀ ਭੇਜ ਦਿਤੇ ਗਏ।

ਨਾ ਸਿਰਫ਼ ਪਹਿਲੀਆਂ ਵਿਚ ਲੋਕਾਂ ਨੇ ਗਹਿਣੇ ਪਏ ਖੱਤਿਆਂ ਨੂੰ ਛੁਡਾਉਣ ਲਈ ਪਿੱਛੇ ਪੈਸਾ ਹੀ ਘੱਲਿਆ ਸੀ ਸਗੋਂ ਹੋਰ ਖੇਤ ਵੀ ਖਰੀਦੇ ਸਨ। 'ਤੇ ਜਦੋਂ ਹਾਲਤਾਂ ਬਦਲ ਜਾਣ ਉਪਰੰਤ ਉਹਨਾਂ ਨੇ ਬ੍ਰਤਾਨੀਆਂ ਵਿਚ ਹੀ ਰਹਿਣ ਦਾ ਫ਼ੈਸਲਾ ਕਰ ਲਿਆ ਤਾਂ ਪਿੱਛੇ ਖਰੀਦੇ ਹੋਏ ਖੱਤਿਆਂ ਦਾ ਝੋਰਾ ਉਹਨਾਂ ਨੂੰ ਖਾਣ ਲੱਗਾ। ਬਹੁਤ ਸਾਰੇ ਅਜਿਹੇ ਲੋਕ ਵਾਪਸ ਆਪਣੇ ਸੰਬੰਧੀਆਂ ਨਾਲ ਇਹਨਾਂ ਖੱਤਿਆਂ ਦਾ ਹਿਸਾਬ ਕਿਤਾਬ ਵੀ ਕਰਨ ਗਏ ਪਰ ਅਗਲਿਆਂ ਨੇ ਪੈਰਾਂ ਤੇ ਪਾਣੀ ਨਾ ਪੈਣ ਦਿੱਤਾ। ਉੱਚੇ-ਨੀਵੇਂ ਹੋਣ ਦੀ ਸਥਿਤੀ ਵਿਚ ਕੁਝ ਇਕ ਜਾਨ ਤੋਂ ਵੀ ਹੱਥ ਧੋ ਬੈਠੇ ਅਤੇ ਬਹੁਤੇ ਦਿਲ 'ਤੇ ਪਹਾੜ ਰੱਖ ਕੇ ਵਾਪਸ ਆ ਗਏ, ਅਤੇ ਪੱਬਾਂ, ਪਾਰਕਾਂ ਵਿਚ ਬੈਠ ਕੇ ਆਪਣੇ ਦੁੱਖ ਆਪਣੇ ਯਾਰਾਂ, ਬੇਲੀਆਂ ਨਾਲ ਸਾਂਝੇ ਕਰਨ ਲੱਗੇ। ਪਹਿਲਾਂ ਪਹਿਲ ਜਿਹੜੇ ਲੋਕ ਵਾਪਸੀ ਦਾ ਸਫ਼ਰ ਕਰਨ ਬਾਰੇ ਸੋਚਦੇ ਸਨ, ਪਿਛੋਂ ਆ ਕੇ ਉਹਨਾਂ ਦੇ ਹੌਸਲੇ ਵੀ ਪਸਤ ਹੋ ਗਏ 'ਤੇ ਉਹ ਇਕ ਅਜੀਬ ਦੁੱਖ ਵਿਚ ਗੁੱਸੇ ਹੋਏ ਪੰਜਾਬ ਦੀ ਧਰਤੀ ਦੇ ਸੁਪਨੇ ਮਨ ਵਿਚ ਲਈ ਆਖ਼ਰੀ ਦਿਨ ਕੱਟ ਰਹੇ ਹਨ। ਪੰਝੀਆਂ-ਪੰਝੀਆਂ ਸਾਲਾਂ ਪਿਛੋਂ ਜਦੋਂ ਇਹ ਲੋਕ ਪੰਜਾਬ ਵਿਚ ਮੁੜ-ਵਸੇਬੇ ਲਈ ਬਾਨ੍ਹਣੂੰ ਬੰਨ੍ਹਣ ਲਈ ਜਾਂਦੇ ਹਨ ਤਾਂ ਇਹ ਆਪਣੇ ਆਪ ਨੂੰ ਸਵੈ-ਵਿਰੋਧੀ ਸਥਿਤੀਆਂ ਵਿਚ ਘਿਰੇ ਹੋਏ ਪਾਉਂਦੇ ਹਨ। ਪੰਝੀ ਜਾਂ ਤੀਹ ਸਾਲ ਪਹਿਲਾਂ ਜਿਹੜਾ ਪਰਿਵੇਸ਼ ਇਹ ਛੱਡ ਕੇ

ਆਏ ਸਨ ਉਹਦਾ ਸਮੁੱਚਾ ਰੂਪ ਪਰਿਵਰਤਿਤ ਹੋ ਚੁੱਕਾ ਹੈ। ਨਾਤੇ-ਰਿਸ਼ਤੇਦਾਰਾਂ ਦੇ ਬੱਚੇ ਇਹਨਾਂ ਨੂੰ ਪਛਾਣਦੇ ਤੱਕ ਨਹੀਂ। ਯਾਰ-ਬੇਲੀ 'ਤੇ ਰਿਸ਼ਤੇਦਾਰਾਂ ਦੇ ਦ੍ਰਿਸ਼ਟੀਕੋਨ ਵੀ ਬਦਲ ਚੁੱਕੇ ਹਨ। ਆਲਾ-ਦੁਆਲਾ ਓਪਰਾ ਹੈ ਅਤੇ ਅਪਣੱਤ ਵਾਲੀਆਂ ਤੰਦਾਂ ਵੀ ਟੁੱਟ ਚੁੱਕੀਆਂ ਹਨ। ਜੇ ਇਹ ਲੋਕ ਉਥੇ ਹੀ ਰਹਿੰਦੇ ਹੁੰਦੇ ਤਾਂ ਅਚਿੰਤੇ ਹੀ ਇਹਨਾਂ ਨੇ ਪਰਿਵਰਤਿਤ ਪਰਿਵੇਸ਼ ਦੇ ਸਹਿਜ ਅੰਗਾਂ ਵੱਜੋਂ ਵਿਕਸਿਤ ਹੋਣਾ ਸੀ, 'ਤੇ ਆਲਾ-ਦੁਆਲਾ ਓਪਰਾ ਨਹੀਂ ਸੀ ਲੱਗਣਾ। ਇਹਨਾਂ ਦੇ ਮਨਾਂ ਵਿਚ ਦੇਸ਼-ਕਾਲ ਦੇ ਪੱਝੀ ਜਾਂ ਤੀਹ ਸਾਲ ਪੁਰਾਣੇ ਬਿੰਬ ਹਨ ਜਦੋਂ ਕਿ ਦੇਸ਼ ਦੇ ਲੋਕਾਂ ਦੀਆਂ ਕੀਮਤਾਂ, ਮਾਨਤਾਵਾਂ ਬਦਲ ਚੁੱਕੀਆਂ ਹਨ। ਲੋਕਾਂ ਦੀ ਬਿਰਤੀ ਪੈਸਾ-ਕੇਂਦਰਿਤ ਬਣ ਗਈ ਅਤੇ ਰਹੀ ਹੈ। ਇਹ ਸੀ ਵੀ ਕੁਦਰਤੀ ਹੀ। ਸਮਾਜ ਦਾ ਯਥਾਰਥ ਸਦਾ ਗਤੀਸ਼ੀਲ ਹੈ। ਪਦਾਰਥਕ ਹਾਲਤਾਂ ਦੇ ਬਦਲਣ ਨਾਲ ਮਨੁੱਖ ਵੀ ਬਦਲ ਜਾਂਦਾ ਹੈ। ਖ਼ੁਦਗਰਜ਼ੀ, ਆਪਾ ਧਾਪੀ, ਪਦਾਰਥਕ ਪ੍ਰਾਪਤੀ ਲਈ ਕੁਝ ਵੀ ਕਰ ਗੁਜ਼ਰਨਾ; ਇਹ ਸਭ ਕੁਝ ਤੀਹ ਸਾਲ ਪਹਿਲਾਂ ਦੇ ਸਮਾਜ ਨਾਲੋਂ ਬਿਲਕੁਲ ਵੱਖਰਾ ਹੈ। ਤੇ ਅਜਿਹੀ ਅਵਸਥਾ ਵਿਚ ਪਰਵਾਸੀ ਬੰਦੇ ਦਾ ਆਪਣਾ ਦੇਸ਼ ਹੀ ਉਹਦਾ ਪ੍ਰਦੇਸ ਬਣ ਚੁਕਿਆ ਹੈ ਅਤੇ ਅਸਾਂਝ ਦੀ ਜਿਹੜੀ ਸਥਿਤੀ ਪਹਿਲਾਂ ਪ੍ਰਦੇਸ ਵਿਚ ਪੈਦਾ ਹੋਈ ਸੀ ਹੁਣ ਦੇਸ਼ ਵਿਚ ਦਰਪੇਸ਼ ਹੈ। 'ਤੇ ਹੁਣ ਇਸ ਉਮਰ ਵਿਚ ਅਸਾਂਝ ਨੂੰ ਸਾਂਝ ਵਿਚ ਤਬਦੀਲ ਕਰਨ ਦੀ ਹਿੰਮਤ ਵੀ ਨਹੀਂ ਰਹੀ। ਸਿੱਟੇ ਵਜੋਂ ਉਹ ਪ੍ਰਦੇਸ ਨੂੰ ਹੀ ਆਪਣਾ ਦੇਸ਼ ਸਮਝਣ ਅਤੇ ਉਮਰ ਦੇ ਅੰਤਮ ਪਲ ਇਥੇ ਹੀ ਗੁਜ਼ਾਰਣ ਲਈ ਮਜਬੂਰ ਹੈ। ਉਹਨਾਂ ਦੀ ਸੰਤਾਨ ਦਾ ਆਪਣੇ ਮਾਪਿਆਂ ਦੇ ਵਤਨ ਨੂੰ ਨਾ ਮੁੜਣ ਦਾ ਨਿਰਣਾ ਵੀ ਮਹੱਤਵਪੂਰਨ ਪ੍ਰਭਾਵ ਪਾ ਰਿਹਾ ਹੈ। ਇਸ ਹਾਲਤ ਵਿਚ 'ਕੱਲੇ-ਕਾਰੇ' ਉਹ ਉਥੇ ਕੀ ਕਰਨ ਗੇ, ਵਰਗੇ ਵਿਚਾਰ ਵੀ ਉਹਨਾਂ ਦੇ ਦਰਦ ਅਤੇ ਵਿਛੁੰਨਤਾ ਨੂੰ ਹੋਰ ਵਧਾਉਂਦੇ ਪ੍ਰਤੀਤ ਹੁੰਦੇ ਹਨ।

ਪੂੰਜੀਵਾਦੀ ਸਮਾਜ ਨਾਲ ਆਰਥਕ, ਸਮਾਜਕ, ਰਾਜਨੀਤਿਕ ਅਤੇ ਸਭਿਆਚਾਰਕ ਧਰਾਤਲਾਂ 'ਤੇ ਡੂੰਘਾ ਵਾਹ ਪੈਣ ਕਰਕੇ ਹੁਣ ਪਰਵਾਸੀਆਂ ਦੀਆਂ ਸਮੱਸਿਆਵਾਂ ਦੇ ਰੂਪ ਵੀ ਬਦਲ ਗਏ ਹਨ। ਸਤਹੀ ਅਲਗਾਵ ਦੀ ਸਥਿਤੀ 'ਚੋਂ ਉਪਜਿਆ ਭਾਵੁਕ ਹੇਰਵਾ ਮੁੱਕ ਚੁਕਿਆ ਹੈ। ਉਹ ਹੁਣ ਕੇਵਲ ਪਰਵਾਸੀ ਨਹੀਂ ਰਿਹਾ ਬਲਕਿ ਅਬਾਦਕਾਰ ਬਣਨ ਲਈ ਮਜਬੂਰ ਹੈ। ਪਹਿਲੀ ਪੀੜ੍ਹੀ ਦਾ ਪਰਵਾਸੀ, ਅਬਾਦਕਾਰ ਹੋ ਕੇ ਵੀ ਪੂਰਨ ਭਾਂਤ ਦਾ ਅਬਾਦਕਾਰ ਨਹੀਂ ਹੁੰਦਾ ਕਿਉਂਕਿ ਉਹਦਾ ਸਭਿਆਚਾਰ, ਉਹਦੀ ਧਰਤੀ, ਉਹਦੇ ਸੁਪਨੇ, ਉਹਦੀਆਂ ਮਾਨਤਾਵਾਂ, ਉਹਦੀਆਂ ਧਾਰਨਾਵਾਂ ਏਡੀ ਛੇਤੀ ਨਹੀਂ ਬਦਲਦੀਆਂ। ਅਜਿਹੇ ਪਰਿਵਰਤਨਾਂ ਲਈ ਚੇਤਨ ਸੰਘਰਸ਼ ਦੀ ਜ਼ਰੂਰਤ ਹੁੰਦੀ ਹੈ, ਤੇ ਪੰਜਾਬੀ ਪਰਵਾਸੀ ਏਡਾ ਚੇਤਨ ਨਹੀਂ ਹੈ। ਉਹ ਇਕ ਆਮ ਵਰਕਰ ਹੈ। ਜੇਕਰ ਮਾਨਸਿਕਤਾ ਏਡੀ ਛੇਤੀ ਬਦਲ ਜਾਂਦੀ ਹੋਵੇ ਤਾਂ ਡਿਕਟੇਟਰਸ਼ਿਪ ਆਫ਼ ਦਾ ਪ੍ਰੋਲੇਟੇਰੀਅਟ ਦੇ ਸਿਧਾਂਤ ਦੀ ਲੋੜ ਹੀ ਨਹੀਂ ਸੀ ਪੈਣੀ।

ਬ੍ਰਤਾਨਵੀ ਪੂੰਜੀਵਾਦ ਨੇ ਮਿਹਨਤ ਦੀ ਵੰਡ 'ਤੇ ਆਧਾਰਿਤ ਅਤੇ ਪੈਸਾ-ਕੇਂਦਰਿਤ

ਪ੍ਰਵਿਰਤੀਆਂ ਵਾਲਾ ਅਜਿਹਾ ਸਮਾਜ ਸਿਰਜਿਆ ਹੈ ਜਿਸ ਵਿਚ ਮਨੁੱਖ ਦਾ ਪੂਰਨਤਾ ਦਾ ਬੋਧ ਖੰਡਤ ਹੋ ਕੇ ਇਕ ਅਪੂਰਨ ਮਨੁੱਖ ਦੇ ਰੂਪ ਵਿਚ ਸਾਹਮਣੇ ਆਇਆ ਹੈ। ਪੰਜਾਬੀ ਮਾਨਵ ਦੋਹਰੀ ਮਾਰ ਹੇਠਾਂ ਹੈ। ਉਹ ਕਾਲੇ ਰੰਗ ਕਰਕੇ ਮੁੱਖ-ਧਾਰਾ ਦੁਆਰਾ ਦੁਰਕਾਰਿਆ ਹੋਇਆ ਵੀ ਹੈ। ਉਹ ਬ੍ਰਤਾਨਵੀ ਸਮਾਜ ਦਾ ਮਰਕਜ਼ੀ ਮਨੁੱਖ ਨਹੀਂ ਹੈ। ਉਹਦੀ ਜਗੀਰੂ ਸਮਾਜ ਵਾਲੀ ਬਹੁ-ਦਿਸ਼ਾਵੀ ਯੋਗਤਾ ਘਟ ਕੇ ਫੈਕਟਰੀ ਦੀ ਮਸ਼ੀਨ ਉਤੇ ਇਕ ਕਿਰਿਆ ਤੱਕ ਸੀਮਤ ਹੋ ਗਈ ਹੈ। ਉਹ ਫੈਕਟਰੀ ਵਿਚ ਰਾਤ-ਦਿਨ ਗਿੜਦੀ ਉਤਪਾਦਨ ਦੀ ਮਸ਼ੀਨ ਦੇ ਇਕ ਪੁਰਜ਼ੇ ਤੋਂ ਵਧ ਕੁਝ ਨਹੀਂ ਰਹਿ ਗਿਆ। ਉਹ ਸਵੈ ਨਾਲੋਂ, ਸਮਾਜ ਨਾਲੋਂ, ਟੱਬਰ ਨਾਲੋਂ ਅਤੇ ਆਪਣੀ ਕਿਰਤ ਨਾਲੋਂ ਵੀ ਟੁੱਟ ਗਿਆ ਹੈ। ਉਹਨੂੰ ਉਹਦੀ ਕਿਰਤ ਰਚਨਾਤਮਿਕ ਸ਼ਕਤੀ ਨਹੀਂ ਬਲਕਿ ਬਾਹਰੋਂ ਜਬਰੀਂ ਠੋਂਸੀ ਹੋਈ ਕੈਦ ਲੱਗ ਰਹੀ ਹੈ। ਉਹਨੂੰ ਸਮੁੱਚੇ ਵਾਤਾਵਰਣ ਵਿਚ ਆਪਣਾ ਆਪ ਇਕ ਵਸਤ ਵਾਂਗ ਭਾਸ ਰਿਹਾ ਹੈ, ਇਕ ਬੇਜਾਨ ਵਸਤ ਵਾਂਗ। ਤੇ ਉਹਨੂੰ ਸਾਰਾ ਜੱਗ ਆਪਣਾ ਵੈਰੀ ਲਗਦਾ ਹੈ। ਇਸ ਵਸਤੂ-ਸਥਿਤੀ ਨੇ ਪਰਵਾਸੀ ਮਨੁੱਖ ਨੂੰ ਅਜਨਬੀਅਤ ਦੀ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ। ਬ੍ਰਤਾਨਵੀ ਪੰਜਾਬੀ ਲੇਖਕ ਆਪ ਵੀ ਪਰਿਵੇਸ਼ ਦੀ ਇਸ ਅਟੱਲ ਸਾਜ਼ਿਸ਼ ਦਾ ਸ਼ਿਕਾਰ ਹੈ ਪਰ ਕਲਮ ਦੀ ਹੋਂਦ ਨੇ ਉਹਨੂੰ ਤਿੜਕਣੋਂ ਬਚਾਇਆ ਹੈ। 'ਉਹ ਲੇਖਕ ਜਿਹੜਾ ਪੂੰਜੀਵਾਦੀ ਮੰਡੀ ਦੀਆਂ ਕਦਰਾਂ ਦੁਆਰਾ ਹਾਵੀ ਸਮਾਜ ਵਿਚ ਕਰਮਸ਼ੀਲ ਹੁੰਦਾ ਹੈ, ਤੇ ਜਿਥੇ ਸਮਾਜਕ ਰਿਸ਼ਤੇ ਪੈਸਿਆਂ 'ਤੇ ਵਸਤੂਆਂ ਦੁਆਰਾ ਵਿਚੋਲਿਤ ਹੁੰਦੇ ਹਨ, ਉਥੇ ਸਿਰਜਣਾਤਮਿਕ ਕੰਮ ਆਪਣੇ ਆਪ ਵਿਚ ਹੀ ਅਜਨਬੀਅਤ ਦੇ ਖ਼ਿਲਾਫ਼ ਸੰਘਰਸ਼ ਦਾ ਇਕ ਜ਼ਰੂਰੀ ਹਿੱਸਾ ਹੁੰਦਾ ਹੈ। ਸਿਰਜਣਾਤਮਿਕਤਾ ਅਜਨਬੀਅਤ ਦੇ ਰਿਸ਼ਤਿਆਂ ਦਾ ਇਕ ਦਮ ਵਿਰੋਧੀ ਮੱਤ ਹੈ।[26]

ਪੰਜਾਬੀਆਂ ਦੀ ਦੂਜੀ ਪੀੜ੍ਹੀ, ਬ੍ਰਤਾਨੀਆਂ ਵਿਚ ਜੰਮੀ ਜਾਂ ਪਲੀ, ਪੜ੍ਹੀ ਤੇ ਜਵਾਨ ਹੋਈ ਹੈ। ਉਹਨਾਂ ਦੀ ਚੇਤਨਾ ਵਿਚ ਇਥੋਂ ਦੇ ਹੀ ਬਿੰਬ ਹਨ। ਪੰਜਾਬ ਜਾਂ ਆਪਣੇ ਮਾਪਿਆਂ ਦੇ ਦੇਸ਼ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ। ਉਹਨਾਂ ਦੇ ਮੁੱਲ 'ਤੇ ਕਦਰਾਂ-ਕੀਮਤਾਂ ਉਹਨਾਂ ਦੇ ਮਾਪਿਆਂ ਵਾਲੀਆਂ ਨਹੀਂ। ਜਿਥੇ ਉਹਨਾਂ ਦੇ ਮਾਪੇ ਗੋਰੇ ਦੀ ਵਧੀਕੀ ਨੂੰ ਸਿਰ ਨਿਵਾ ਕੇ ਜਰ ਜਾਂਦੇ ਸਨ ਉਥੇ ਉਹ ਆਪਣੇ ਆਪ ਨੂੰ ਬਜਾ ਤੌਰ 'ਤੇ ਏਥੋਂ ਦੇ ਸ਼ਹਿਰੀ ਅਤੇ ਏਥੋਂ ਦੇ ਪਦਾਰਥਕ ਵਸੀਲਿਆਂ ਦੇ ਜਨਮ-ਸਿੱਧ ਅਧਿਕਾਰੀ ਸਮਝਦੇ ਹਨ। ਭਾਸ਼ਾ ਉਹਨਾਂ ਲਈ ਕੋਈ ਰੁਕਾਵਟ ਨਹੀਂ। ਉਹਨਾਂ 'ਚੋਂ ਬਹੁਤੇ ਪੰਜਾਬੀ ਵੀ ਬੋਲਦੇ 'ਤੇ ਸਮਝਦੇ ਹਨ ਪਰ ਅੰਗਰੇਜ਼ੀ ਤਾਂ ਹੈ ਹੀ ਉਹਨਾਂ ਦੀ ਆਪਣੀ ਭਾਸ਼ਾ। ਅੰਗਰੇਜ਼ੀ ਉਹਨਾਂ ਦੇ ਮਾਪਿਆਂ ਦੀ ਦੂਜੀ ਭਾਸ਼ਾ ਸੀ ਤੇ ਪੰਜਾਬੀ ਪਹਿਲੀ; ਪਰ ਉਹਨਾਂ ਦੀ ਸਥਿਤੀ ਇਸ ਦੇ ਉਲਟ ਹੈ, ਅੰਗਰੇਜ਼ੀ ਉਹਨਾਂ ਦੀ ਪਹਿਲੀ ਭਾਸ਼ਾ ਹੈ ਅਤੇ ਪੰਜਾਬੀ ਦੂਜੀ। ਉਹ ਕਿਸੇ ਦੀ ਕੋਈ ਵੀ ਵਧੀਕੀ ਜਰਨ ਨੂੰ ਤਿਆਰ ਨਹੀਂ, ਅਤੇ ਇੱਟ ਦਾ ਜੁਆਬ ਪੱਥਰ ਨਾਲ ਦੇਣਾ ਚਾਹੁੰਦੇ ਹਨ।

ਉਹਨਾਂ ਅਤੇ ਮਾਪਿਆਂ ਵਿਚਕਾਰ ਸਿਰਫ ਪਹਿਲੀ ਅਤੇ ਦੂਜੀ ਪੁਸ਼ਤ ਵਾਲਾ

ਪੀੜ੍ਹੀ-ਪਾੜਾ ਹੀ ਨਹੀਂ ਸਗੋਂ ਸਭਿਆਚਾਰਕ ਪਾੜਾ ਵੀ ਹੈ। ਪੀੜ੍ਹੀ-ਪਾੜਾ ਤਾਂ ਹਰ ਦੇਸ਼ ਵਿਚ ਤੇ ਹਰ ਕਾਲ ਵਿਚ ਹੀ ਹੁੰਦਾ ਹੈ ਅਤੇ ਇਹ ਵਿਕਾਸ ਦਾ ਜਨਮ-ਦਾਤਾ ਵੀ ਹੈ ਕਿਉਂਕਿ ਇਹ ਨਿਸ਼ੇਧ ਦਾ ਨਿਸ਼ੇਧ ਹੈ। ਪਰ ਸਭਿਆਚਾਰਕ ਪਾੜਾ ਹੋਰ ਚੀਜ਼ ਹੈ। 70ਵਿਆਂ ਦੇ ਵਿਚ ਜਿਹੜੇ ਬੱਚੇ ਸਕੂਲਾ, ਕਾਲਜਾਂ ਵਿਚ ਪੜ੍ਹਦੇ ਸਨ, ਉਹ ਦੋ ਸਭਿਆਚਾਰਾਂ ਵਿਚਕਾਰ ਲਟਕ ਰਹੇ ਸਨ : ਘਰ ਵਿਚ ਪੰਜਾਬੀ ਸਭਿਆਚਾਰ ਦਾ ਬੋਲਬਾਲਾ ਸੀ ਅਤੇ ਘਰ ਤੋਂ ਬਾਹਰ ਬ੍ਰਤਾਨਵੀ ਸਭਿਆਚਾਰ ਦਾ। ਦੋ ਕਲਚਰਾਂ ਵਿਚ ਨਰੜੇ ਇਹ ਦੂਜੀ ਪੀੜ੍ਹੀ ਦੇ ਲੋਕ ਦੁੱਖਾਂ 'ਤੇ ਤ੍ਰਾਸਦੀਆਂ ਭਰੇ ਜੀਵਨ 'ਚੋਂ ਗੁਜ਼ਰਦੇ ਰਹੇ ਹਨ। ਘਰ ਵਿਚ ਇਹਨਾਂ ਦਾ ਵਿਅਕਤੀਤਵ ਹੋਰ ਸੀ ਤੇ ਬਾਹਰ ਹੋਰ। ਮਾਪੇ, ਜਿਹੜੇ ਹਾਲਾਤ ਅਨੁਸਾਰ ਨਹੀਂ ਸਨ ਬਦਲ ਰਹੇ, ਉਹਨਾਂ ਦੇ ਖਿਲਾਫ਼ ਵੀ ਇਹਨਾਂ ਦੇ ਮਨਾਂ ਵਿਚ ਅਸੀਮ ਵਿਦਰੋਹ ਸੀ ਜਿਹੜਾ ਵਿਸ਼ੇਸ਼ ਉਮਰ ਵਿਚ ਆ ਕੇ ਹੀ ਬਾਹਰ ਨਿਕਲਣਾ ਸੀ। ਮਾਪਿਆਂ ਦੇ ਡਬਲ ਸਟੈਂਡਰਡ ਨਾਲ ਵੀ ਇਹਨਾਂ ਨੂੰ ਨਫ਼ਰਤ ਸੀ। 'ਪੰਜਾਬੀ ਅਵਾਸੀਆਂ ਨੇ ਮੌਜੂਦਾ ਦੌਰ ਵਿਚ ਪੁੱਜ ਕੇ ਆਪਣਾ ਮੂੰਹ ਪਿੱਛੇ ਵੱਲ ਕਰ ਲਿਆ ਹੈ ਜਿਵੇਂ ਜ਼ਿੰਦਗੀ ਦੇ ਅਸਹਿ ਯਥਾਰਥ ਤੋਂ ਉਹ ਤੰਗ ਆ ਗਏ ਹੋਣ। ਬਹੁਤੇ ਰਾਧਾ ਸੁਆਮੀ, ਨਿਰੰਕਾਰੀ ਅਤੇ ਤਰ੍ਹਾਂ ਤਰ੍ਹਾਂ ਦੇ ਸੰਤਾਂ ਸਾਧਾਂ ਦੇ ਉਪਾਸ਼ਕ ਬਣ ਗਏ ਹਨ। ਇਕ ਬਹੁਤ ਵੱਡੀ ਗਿਣਤੀ ਕੇਸਾਧਾਰੀ ਨਿੱਤਨੇਮੀ, ਤੇ ਸਵੇਰੇ ਸ਼ਾਮ ਗੁਰਦੁਆਰੇ ਦੀ ਹਾਜ਼ਰੀ ਭਰਦੀ ਹੈ। ਆਮ ਸੋਚ ਵਾਲੇ ਲੋਕ ਹੈਰਾਨ ਹੁੰਦੇ ਹਨ ਕਿ ਇਹ ਰਿਵਰਸ ਗੇਅਰ ਕਿਵੇਂ ਲੱਗ ਗਿਆ।...ਗੱਲ ਬੜੀ ਸਾਫ਼ ਹੈ, ਸਿਰਫ਼ ਅੰਤਰ-ਦ੍ਰਿਸ਼ਟੀ ਨੂੰ ਕੇਂਦਰਤ ਕਰਨ ਦੀ ਲੋੜ ਹੈ। ਪਹਿਲੀ ਗੱਲ ਇਹ ਹੈ ਕਿ ਉਹ ਆਪਣੀ ਵਰਤਮਾਨ ਸਥਿਤੀ ਤੋਂ ਸੰਤੁਸ਼ਟ ਨਹੀਂ, ਤੇ ਇਸ ਸਥਿਤੀ ਤੋਂ ਛੁਟਕਾਰੇ ਦਾ ਰਾਹ ਕੋਈ ਉਹਨਾਂ ਨੂੰ ਦਿਸਦਾ ਨਹੀਂ। ਲੋਕ ਗਵਾ ਕੇ ਪ੍ਰਲੋਕ ਸੁਧਾਰਨ ਵਿਚ ਤਸੱਲੀ ਲੱਭਣ ਦੀ ਕੋਸ਼ਿਸ਼ ਹੈ। ਦੂਜੀ ਗੱਲ, ਇਹ ਅੰਤਹਕਰਣ ਦੇ ਭੂਤ ਤੋਂ ਬਚਣ ਦਾ ਇਕ ਭੁਲਾਵਾ ਹੈ। ਅਵਾਸੀ ਲੋਕਾਂ ਦੀ ਬਹੁਤ ਵੱਡੀ ਗਿਣਤੀ ਨੇ ਧਰਮ ਦੇ ਮਾਪ-ਦੰਡਾਂ ਅਨੁਸਾਰ ਏਥੇ ਬੜੇ ਕੁਕਰਮ ਕੀਤੇ ਹਨ। ਗੈਰ-ਕਾਨੂੰਨੀ ਢੰਗਾਂ ਨਾਲ ਇਸ ਮੁਲਕ ਵਿਚ ਆਏ। ਝੂਠੇ ਕੋਡ-ਨੰਬਰ ਬਣਾ ਕੇ ਟੈਕਸ ਆਫ਼ਿਸ ਨੂੰ ਠੱਗਿਆ। ਉਮਰਾਂ ਘੱਟ-ਵੱਧ ਲਿਖਾ ਕੇ ਸਮਾਜਕ ਸੇਵਾਵਾਂ ਅਤੇ ਕੰਮਾਂ ਤੇ ਰੱਖਣ ਵਾਲਿਆਂ ਨੂੰ ਧੋਖਾ ਦਿਤਾ। ਭਤੀਜਿਆਂ, ਭਾਣਜਿਆਂ ਅਤੇ ਭਰਾਵਾਂ ਨੂੰ ਪੁੱਤ ਬਣਾ ਕੇ ਲੰਘਾਇਆ। ਇਥੋਂ ਤੱਕ ਕਿ ਸੱਕੀਆਂ ਭੈਣਾਂ ਨੇ ਆਪਣੇ ਸੱਕੇ ਭਰਾਵਾਂ ਨੂੰ ਮੰਗੇਤਰ ਬਣਾ ਕੇ ਲੰਘਾਇਆ। ਪਰਚਾਰਕਾਂ ਦੇ ਰੂਪ ਵਿਚ ਜਾਅਲੀ ਅਵਾਸੀ ਲੰਘਾਏ। ਢੋਲਕੀਆਂ ਅਤੇ ਸਾਰੰਗੀਆਂ ਦੇ ਢਿੱਡਾਂ ਵਿਚ ਅਫ਼ੀਮ ਭਰ ਕੇ ਲੰਘਾਈ। ਇਹ ਅੰਦਰਲਾ ਪੋਲ ਹੀ ਹੈ ਜਿਹੜਾ ਬਾਹਰਲੇ ਖੋਲ ਨੂੰ ਸ਼ਿੰਗਾਰਨ ਲਈ ਮਜਬੂਰ ਕਰਦਾ ਹੈ। ਇਸ ਤਰ੍ਹਾਂ ਬੰਦਾ ਲੋਕਾਂ ਨੂੰ ਤਾਂ ਧੋਖਾ ਦੇ ਸਕਦਾ ਹੈ ਪਰ ਆਪਣੇ ਆਪ ਨੂੰ ਨਹੀਂ। ਨਾ ਇਹ ਕੁਕਰਮ ਆਪਣੀ ਔਲਾਦ ਤੋਂ ਹੀ ਲੁਕਾਏ ਜਾ ਸਕਦੇ ਹਨ। ਸਾਡੀ ਨਵੀਂ ਪੀੜ੍ਹੀ ਜਿਹੜੀ ਇਥੇ ਜੰਮੀ ਪਲੀ ਹੈ ਇਸ ਡਬਲ ਸਟੈਂਡਰਡ ਨੂੰ ਸਵੀਕਾਰ ਨਹੀਂ ਕਰਦੀ।

ਸਾਡੀ ਪੀੜ੍ਹੀ (ਪਹਿਲੀ) ਲਈ ਇਹ ਆਮ ਜਿਹੀ ਗਲ ਹੈ, ਇਹ ਉਪਦੇਸ਼ ਕਰਨਾ ਕਿ ਮਾਇਆ ਤਾਂ ਨਾਗਣੀ ਹੈ ਪਰ ਨਾਲ ਹੀ ਮਾਇਆ ਇਕੱਤਰ ਕਰਨ ਲਈ ਹਰ ਉਪੱਦ੍ਰਵ ਕਰਨਾ। ਪਰਚਾਰ ਸੱਚ ਬੋਲਣ ਦਾ ਕਰਨਾ ਪਰ ਮਤਲਬ ਕੱਢਣ ਲਈ, ਤੇ ਪੈਸਾ ਆਉਂਦਾ ਵੇਖ ਕੇ ਸਰਾਸਰ ਚਿੱਟਾ ਝੂਠ ਬੋਲਣਾ। ਇਸ ਲਈ ਸਾਡੀ ਨਵੀਂ (ਦੂਜੀ) ਪੀੜ੍ਹੀ ਦਾ ਆਪਣੇ ਮਾਪਿਆਂ ਦੇ ਧਰਮ, ਜ਼ਾਤ ਤੇ ਕਰਮ ਆਦਿ ਦੇਖ ਕੇ ਬਾਗ਼ੀ ਹੋ ਜਾਣਾ ਕੁਦਰਤੀ ਹੈ। ਸਾਡੀ ਇਸ ਨਵੀਂ ਪੀੜ੍ਹੀ ਦੀ ਸੋਚ ਵਿਕਸਿਤ ਪੂੰਜੀਵਾਦੀ ਸਮਾਜ ਦੇ ਪ੍ਰਭਾਵਾਂ ਹੇਠ ਬਣੀ ਤੇ ਵਧੀ ਹੈ। ਤੇ ਸਾਡੀ ਪੀੜ੍ਹੀ ਦੀ ਸੋਚ ਜਾਗੀਰਦਾਰੀ ਸਮਾਜ ਦੀ ਰਹਿੰਦ ਖੂੰਹਦ ਹੈ। ਇਸ ਤੋਂ ਅਸੀਂ ਛੁਟਕਾਰਾ ਨਹੀਂ ਪਾ ਰਹੇ ਜਾਂ ਪਾਉਣਾ ਨਹੀਂ ਚਾਹੁੰਦੇ। ਨਵੀਂ ਪੀੜ੍ਹੀ ਲਈ ਧਰਮ ਤੇ ਜ਼ਾਤ ਆਦਿ ਦੇ ਬੰਧਨ ਕੋਈ ਅਰਥ ਨਹੀਂ ਰਖਦੇ। ਇਨ੍ਹਾਂ ਤੇ ਸਰਮਾਏਦਾਰੀ ਸਮਾਜ ਦੀ ਮੁੱਖ ਧਾਰਾ ਦਾ ਵਿਅਕਤੀਵਾਦ ਪ੍ਰਧਾਨ ਹੈ। ਇਸ ਲਈ ਇਹ ਨਿਰੋਲ ਆਪਣੇ ਨਿੱਜ ਦੇ ਚੰਗੇ ਮੰਦੇ ਦਾ ਸੋਚਦੇ ਹਨ ਤੇ ਅੰਤਰ-ਜਾਤੀ ਅਤੇ ਅੰਤਰ-ਧਰਮ ਵਿਆਹ ਕਰਵਾ ਰਹੇ ਹਨ।'[27]

ਸਕੂਲਾਂ, ਕਾਲਜਾਂ ਦੇ ਗੋਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਖਿਲਾਫ਼ ਵੀ ਇਨ੍ਹਾਂ ਦੂਜੀ ਪੁਸ਼ਤ ਦੇ ਲੋਕਾਂ ਦੇ ਮਨਾ ਵਿਚ ਅੱਗ ਭੜਕਦੀ ਸੀ ਪਰ ਘੱਟ, ਕਿਉਂਕਿ ਇਹ ਸਾਰੇ ਲੋਕ ਪੂੰਜੀਵਾਦੀ ਵਿਵਸਥਾ ਦੀ ਉਪਜ ਹੋਣ ਕਰਕੇ ਸਹਿਜੇ ਹੀ ਇਹਨਾਂ ਦੇ ਮਾਪਿਆਂ ਨਾਲੋਂ ਅੱਗੇ-ਵਧੂ ਅਤੇ ਆਧੁਨਿਕ ਸੋਚ ਦੇ ਧਾਰਨੀ ਸਨ। ਮਾਪਿਆਂ ਦੀਆਂ ਜਗੀਰੂ ਜਾਂ ਅਰਧ-ਜਗੀਰੂ ਸੋਚਾਂ ਪ੍ਰਾਪਤ ਹਾਲਤਾਂ ਵਿਚ ਵੇਲਾ ਵਿਹਾ ਚੁੱਕੀਆਂ ਸਨ ਜਿਨ੍ਹਾਂ ਨੂੰ ਇਹ ਲੋਕ ਸਵੀਕਾਰ ਨਹੀਂ ਸਨ ਕਰਦੇ।

ਜਦੋਂ ਇਹ ਲੋਕ ਕਾਲਜਾਂ, ਸਕੂਲਾਂ ਤੋਂ ਫ਼ਾਰਿਗ਼ ਹੋ ਕੇ ਅਤੇ ਨੌਕਰੀਆਂ ਕਰਕੇ ਆਪਣੇ ਸਿਰ ਬਸਿਰ ਹੋਏ ਤਾਂ ਇਹਨਾਂ ਦਾ ਦੱਬਿਆ ਹੋਇਆ ਗੁੱਸਾ ਸਤਾਹ ਤੇ ਆ ਗਿਆ। ਸਿੱਟੇ ਵਜੋਂ ਇਹ ਮਾਪਿਆਂ ਦੇ ਘਰਾਂ ਨੂੰ ਵੀ ਛੱਡਣ ਲੱਗੇ ਅਤੇ ਮੁੱਖ-ਧਾਰਾ ਦੀਆਂ ਪੂੰਜੀਵਾਦੀ ਅਲਾਮਤਾਂ ਕਾਰਨ ਉਭਰ ਰਹੇ ਨਵੇਂ ਉਪ-ਸਭਿਆਚਾਰਾਂ ਜਿਵੇਂ: ਟੈਡੀ-ਬੁਆਏਜ਼, ਸਕਿੱਨ-ਹੈਡਜ਼, ਪੰਕ-ਕਰੌਕਰ ਕਲਚਰ ਦਾ ਹਿੱਸਾ ਵੀ ਬਣਨ ਲੱਗ ਪਏ। ਇਹ ਸਭਿਆਚਾਰਕ ਪਾੜਾ ਜਿਥੇ ਮਾਪਿਆਂ ਲਈ ਵੱਡੇ ਦੁੱਖ ਦਾ ਕਾਰਨ ਸੀ ਉਥੇ ਔਲਾਦ ਲਈ ਸਥਾਪਿਤ ਕੀਮਤਾਂ ਪ੍ਰਤੀ ਵਿਦਰੋਹ ਦਾ ਚਿੰਨ੍ਹ ਸੀ। ਮਾਪੇ ਘਰਾਂ ਵਿਚ ਦੇਸੀ ਨੂੰਹਾਂ ਲਿਆਉਣੀਆਂ ਚਾਹੁੰਦੇ ਅਤੇ ਦੇਸੀ ਜਵਾਈ ਸਹੇੜਨਾ ਲੋਚਦੇ ਸਨ ਪਰ ਔਲਾਦ ਗੋਰਿਆਂ ਅਤੇ ਜਮੀਕਿਆਂ ਵਿਚੋਂ ਆਪਣੇ ਸਾਥੀ ਤਲਾਸ਼ ਕਰ ਰਹੀ ਸੀ। ਮਾਪੇ, ਵਿਵਸਥਿਤ-ਵਿਆਹ (Arranged Marriages) ਦੇ ਸਮਰਥੱਕ ਸਨ ਅਤੇ ਔਲਾਦ ਇਸ ਦੇ ਘੋਰ ਖਿਲਾਫ਼। ਮਾਪੇ, ਭਾਰਤ ਜਾਂ ਪਾਕਿਸਤਾਨ 'ਚੋਂ ਮੰਗੇਤਰ ਲਭਦੇ, ਤੇ ਕੁੜੀ ਜਾਂ ਮੁੰਡੇ ਨੂੰ ਪਿਆਰ ਨਾਲ ਜਾਂ ਡਰਾ-ਧਮਕਾ ਕੇ ਉਸ ਮੰਗੇਤਰ ਨੂੰ ਇੰਗਲੈਂਡ ਵਿਚ ਵਾੜਦੇ। ਕਈ ਦਬਾਅ ਹੇਠ ਆਏ ਕੁੜੀਆਂ, ਮੁੰਡੇ ਇੰਜ ਵਿਆਹ ਕਰਵਾ ਵੀ ਲੈਂਦੇ ਪਰ ਮਹੀਨੇ ਪਿਛੋਂ ਹੀ ਹੋਮ-ਆਫ਼ਿਸ ਨੂੰ ਅੰਦਰ ਖਾਤੇ ਚਿੱਠੀ

ਲਿਖ ਦੇਂਦੇ ਕਿ ਉਹਨਾਂ ਦਾ ਵਿਆਹ ਦਬਾਅ ਹੇਠ ਕੀਤਾ ਗਿਆ ਹੈ, ਤੇ ਉਹ ਇਸ ਨਾਲ ਸੰਤੁਸ਼ਟ ਨਹੀਂ। ਸਿੱਟੇ ਵਜੋਂ ਮੰਗੇਤਰਾਂ ਨੂੰ ਵਾਪਸ ਭੇਜ ਦਿਤਾ ਜਾਂਦਾ ਤੇ ਔਲਾਦ ਅਜਿਹੀ ਘਰੋਂ ਭੱਜਦੀ ਕਿ ਫੇਰ ਵਾਪਸ ਨਾ ਮੁੜਦੀ। ਭਾਰਤ ਜਾਂ ਪਾਕਿਸਤਾਨ ਵਿਚੋਂ ਮੰਗੇਤਰ ਮੰਗਵਾਉਣ ਦੀ ਰੁਚੀ ਪਿੱਛੇ ਵੀ ਮਾਪਿਆਂ ਦੀ ਸਾਮੰਤੀ ਮਾਨਸਿਕਤਾ ਹੀ ਕੰਮ ਕਰ ਰਹੀ ਸੀ ਤੇ ਹੈ। ਉਹ ਸੋਚਦੇ ਸਨ ਕਿ ਦੇਸੋਂ ਮੰਗਵਾਈ ਗਈ ਕੁੜੀ ਜਾਂ ਮੁੰਡਾ ਬੜੇ ਸਾਊ ਅਤੇ ਅਸੀਲ ਸੁਭਾ ਦੇ ਹੋਣਗੇ ਤੇ ਕੰਨ 'ਚ ਪਾਇਆਂ ਨਹੀਂ ਦੁਖਣਗੇ। ਨੂੰਹ ਰਾਣੀ ਸੱਸ ਦੇ ਪੈਰ ਘੁੱਟੇਗੀ ਅਤੇ ਸੱਸ ਦੀ ਟੁੱਟ ਚੁੱਕੀ ਸਲਤਨਤ ਇਕ ਵਾਰੀ ਫਿਰ ਕਾਇਮ ਹੋ ਜਾਏਗੀ। ਤੇ ਮੁੰਡਾ ਜਾਂ ਕੁੜੀ ਜਿਸ ਨੂੰ ਇਸ ਦੇਸ਼ ਵਿਚ ਰਹਿ ਕੇ ਖੰਭ ਲਗਦੇ ਜਾ ਰਹੇ ਸਨ, ਵੀ ਕਾਬੂ ਵਿਚ ਆ ਜਾਣਗੇ।

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਵਿਵਸਥਿਤ-ਵਿਆਹਾਂ ਦੇ ਵੀ ਆਪਣੇ ਹਾਣ ਲਾਭ ਹਨ; ਤੇ ਇਹ ਵੀ ਉਸ ਤਰ੍ਹਾਂ ਦੇ ਵਿਵਸਥਿਤ-ਵਿਆਹ ਨਹੀਂ ਰਹਿ ਗਏ ਜਿਸ ਤਰ੍ਹਾਂ ਦੇ ਮਾਪਿਆਂ ਦੇ ਵੇਲੇ ਹੁੰਦੇ ਸਨ। ਪਰ ਅਜਿਹੇ ਵਿਆਹਾਂ ਨੂੰ ਬ੍ਰਤਾਨੀਆਂ ਦੀ ਔਲਾਦ ਆਪਣੇ ਵਿਅਕਤੀ-ਅਜ਼ਾਦੀ ਦੇ ਅਧਿਕਾਰਾਂ 'ਤੇ ਇਕ ਸੱਟ ਸਮਝਦੀ ਸੀ। ਵਿਅਕਤੀ-ਅਜ਼ਾਦੀ ਦੀ ਸਾਪੇਖਤਾ ਨੂੰ ਸਮਝਣ ਤੋਂ ਉਹ ਲੋਕ ਆਰੀ ਸਨ ਅਤੇ ਇਸ ਦਾ ਕੇਵਲ ਨਿਰਪੇਖ ਅਰਥ ਹੀ ਲੈਂਦੇ ਸਨ, ਹਾਲਾਂਕਿ ਪੂੰਜੀਵਾਦ ਸਮਾਜ ਵਿਚ ਆਮ ਮਨੁੱਖ ਕਦੇ ਵੀ ਅਜ਼ਾਦ ਨਹੀਂ ਹੁੰਦਾ। ਪਰਵਾਸੀਆਂ ਦੇ ਵਧ ਰਹੇ ਵਹਾਅ ਨੂੰ ਰੋਕਣ ਲਈ ਬ੍ਰਤਾਨਵੀ ਸਰਕਾਰ ਦੇ ਕਰੜੇ ਕਾਨੂੰਨ ਵੀ ਇਹਨਾਂ ਵਿਵਸਥਿਤ-ਵਿਆਹਾਂ ਦੇ ਰਾਹ ਵਿਚ ਰੋਕਾਂ ਖੜੀਆਂ ਕਰਦੇ ਸਨ। ਇਕ ਇਕ ਮੰਗੇਤਰ ਨੂੰ ਬ੍ਰਤਾਨੀਆਂ ਵਿਚ ਦਾਖਲ ਹੋਣ ਲਈ ਸਾਲ ਸਾਲ ਉਡੀਕਣਾ ਪੈਂਦਾ ਸੀ, ਤੇ ਇਸ ਅੰਤਰਾਲ ਵਿਚ ਕੁੜੀ ਜਾਂ ਮੁੰਡੇ ਦੇ ਖਿਆਲ ਹੀ ਤਬਦੀਲ ਹੋ ਜਾਂਦੇ ਸਨ। ਸਿੱਟੇ ਵਜੋਂ ਹਜ਼ਾਰਾਂ ਦੀ ਗਿਣਤੀ ਵਿਚ ਜਵਾਨ ਹੋਈ ਦੂਜੀ ਪੁਸ਼ਤ ਦੇ ਲੋਕ ਆਪਣੇ ਮਾਪਿਆਂ ਦੇ ਘਰਾਂ ਨੂੰ ਛੱਡ ਕੇ ਜਾ ਚੁੱਕੇ ਹਨ ਅਤੇ ਗੋਰਿਆਂ ਜਾਂ ਹੋਰ ਕੌਮਾਂ ਦੇ ਕੁੜੀਆਂ-ਮੁੰਡਿਆਂ ਨਾਲ ਵਿਆਹ ਕਰਵਾ ਚੁੱਕੇ ਹਨ। ਤੇ ਅਜਿਹੇ ਸੰਕਟਾਂ ਦਾ ਸ਼ਿਕਾਰ ਮਾਪੇ, ਸਾਰੀ ਉਮਰ ਦਾ ਸੰਤਾਪ ਭੋਗਣ ਲਈ ਪਿੱਛੇ ਰਹਿ ਗਏ ਹਨ।

ਜਿਵੇਂ ਕਿ ਉਪਰ ਕਿਸੇ ਹੋਰ ਲੇਖਕ ਦੀ ਟਿੱਪਣੀ ਵਿਚ ਦਰਸਾਇਆ ਗਿਆ ਹੈ, ਅਜਿਹੀਆਂ ਸਥਿਤੀਆਂ ਦੇ ਸ਼ਿਕਾਰ ਮਾਪੇ, ਮਨ ਦੇ ਧਰਵਾਸ ਲਈ ਜਾਂ ਇਹਨੂੰ ਹੋਰ ਪਾਸੇ ਪਾਉਣ ਲਈ ਸੰਤਾਂ-ਸਾਧਾਂ 'ਤੇ ਧਾਗੇ-ਤਵੀਤਾਂ ਵਾਲਿਆਂ ਦੇ ਪਿੱਛੇ ਵੀ ਜਾ ਲੱਗੇ। ਕਿਤੇ ਕੋਈ ਸਮੂਹ ਭਾਰਤ ਤੋਂ ਮੰਗਵਾਏ ਕਿਸੇ ਭੇਖੀ ਸਾਧ ਦੇ ਪਿੱਛੇ ਲੱਗਾ ਫਿਰਦਾ ਹੈ, ਅਤੇ ਕੋਈ ਦੂਜਾ ਸਮੂਹ ਕਿਸੇ ਟੁੱਟੇ ਜਿਹੇ ਲੀਡਰ ਦੇ ਪਿੱਛੇ ਪਿੱਛੇ ਪੌਂਡਾਂ ਦੇ ਹਾਰ ਲਈ ਜੁੱਤੀਆਂ ਘਸਾਉਂਦਾ ਫਿਰਦਾ ਹੈ। ਪੰਡਤਾਂ, ਭਾਈਆਂ ਤੇ ਮੁਲਾਣਿਆਂ ਦੇ ਨਸੀਬ ਜਾਗ ਪਏ ਹਨ, ਡੇਰਿਆਂ ਦੇ ਸਾਧਾਂ ਹੇਠਾਂ ਨਵੀਆਂ ਨਕੋਰ ਕਾਰਾਂ ਭੱਜੀਆਂ ਫਿਰਦੀਆਂ ਹਨ; ਜੋਤਸ਼ੀਆਂ ਦੇ ਮੱਥਿਆਂ ਉਪਰ 'ਓਮ' ਦਾ ਨਿਸ਼ਾਨ ਹੋਰ ਮੋਟਾ ਹੋ

ਗਿਆ ਹੈ; ਮਸੀਤਾਂ, ਮੰਦਰਾਂ ਤੇ ਗੁਰਦੁਆਰਿਆਂ ਦੀ ਭੀੜ ਵਿਚ ਹੈਰਾਨੀਜਨਕ ਵਾਧਾ ਹੋਇਆ ਹੈ। ਵਿਸ਼ਾਦ-ਗ੍ਰਸਤ ਪੰਜਾਬੀਆਂ ਨੂੰ ਪੁੱਠਾ ਗੇਅਰ ਲੱਗ ਗਿਆ ਹੈ ਅਤੇ ਉਹ ਅੱਗੇ ਜਾਣ ਦੀ ਬਜਾਏ 19ਵੀਂ ਸਦੀ ਵੱਲ ਭੱਜ ਰਹੇ ਹਨ।

ਭਾਰਤੀ ਪੰਜਾਬ ਤੋਂ ਉਹ ਲੋਕ ਵੀ ਵਲਾਇਤ ਪਹੁੰਚੇ ਸਨ ਜਿਹੜੇ ਦੇਸ਼ ਵਿਚ ਰਹਿੰਦਿਆਂ ਚੂਹੜੇ, ਚਮਾਰ, ਹਰੀਜਨ, ਅਛੂਤ ਜਾਂ ਸ਼ੂਦਰਾਂ ਵੱਜੋਂ ਜਾਣੇ ਜਾਂਦੇ ਸਨ। ਉਪਜ ਦੇ ਸਾਧਨਾਂ ਦੀ ਅਣਹੋਂਦ ਕਾਰਨ ਅਤੇ ਇਸਦੇ ਨਤੀਜੇ ਵਜੋਂ ਆਰਥਕ ਮੰਦਹਾਲੀ ਕਾਰਨ, ਇਹਨਾਂ ਲੋਕਾਂ ਨੂੰ ਦੇਸ਼ ਦੇ ਸਾਧਨ-ਸੰਪੰਨ ਅਤੇ ਸਿੱਟੇ ਵਜੋਂ ਰੁਤਬਾ-ਸੰਪੰਨ ਲੋਕ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਸਨ। ਪਰ ਬ੍ਰਤਾਨੀਆਂ ਦੀ ਪੂੰਜੀਵਾਦੀ ਅਰਥ-ਵਿਵਸਥਾ ਵਿਚ ਉਹ ਜੱਟਾਂ, ਬ੍ਰਾਹਮਣਾਂ, ਨਾਈਆਂ, ਛੀਂਬਿਆਂ, ਖੱਤਰੀਆਂ, ਰਾਜਪੂਤਾਂ ਵਾਂਗ ਕੇਵਲ ਕਿਰਤੀ ਹਨ। ਸਾਰੇ ਹੀ ਆਪਣੀ ਮਿਹਨਤ-ਸ਼ਕਤੀ ਵੇਚਣ ਵਾਲੇ ਮਜ਼ਦੂਰ ਅਤੇ ਆਰਥਕ ਤੌਰ ਤੇ ਇਕੋ ਪੱਧਰ ਦੇ ਲੋਕ ਹਨ। ਜਿੱਥੋਂ ਤੱਕ ਪਹਿਲੀ ਪੀੜ੍ਹੀ ਦਾ ਸੰਬੰਧ ਹੈ, ਆਰਥਕ ਬਰਾਬਰਤਾ ਦੇ ਬਾਵਜੂਦ ਇਹਨਾਂ ਵਿਚ ਉੱਚੀ ਤੇ ਨੀਵੀਂ ਜਾਤ ਵਾਲਾ ਅਸੰਤੁਲਨ ਬਰਾਬਰ ਬਣਿਆ ਰਿਹਾ। ਪਰ ਦੂਜੀ ਪੁਸ਼ਤ ਵਾਲਿਆਂ ਨੇ ਇਹਨਾਂ ਜ਼ਾਤ-ਪਾਤੀ ਕੰਧਾਂ ਨੂੰ ਨਾ ਸਵੀਕਾਰ ਕਰਨਾ ਸੀ ਅਤੇ ਨਾ ਹੀ ਕੀਤਾ। ਉਹਨਾਂ ਲਈ ਇਹ ਕੰਧਾਂ ਕੋਈ ਅਰਥ ਨਹੀਂ ਸਨ ਰਖਦੀਆਂ। ਸਿੱਟੇ ਵਜੋਂ ਤਥਾ-ਕਥਿਤ ਉੱਚੀਆਂ ਜਾਤਾਂ ਦੀਆਂ ਕੁੜੀਆਂ ਨੇ ਨੀਵੀਆਂ ਜਾਤੀਆਂ ਦੇ ਮੁੰਡਿਆਂ ਨਾਲ ਮਾਪਿਆਂ ਤੋਂ ਵੇਹਰ ਕੇ ਵਿਆਹ ਕਰਵਾਏ। ਜਿੱਥੇ ਤਥਾ-ਕਥਿਤ ਨੀਵੀਆਂ ਜਾਤੀਆਂ ਅਜਿਹੀ ਮਿਲਣੀ ਤੇ ਖੁਸ਼ ਸਨ ਉਥੇ ਉੱਚੀਆਂ ਜਾਤੀਆਂ ਦੀ ਪਹਿਲੀ ਪੀੜ੍ਹੀ ਦਾ ਜਿਵੇਂ ਨੱਕ ਵੱਢਿਆ ਗਿਆ। ਬ੍ਰਾਹਮਣਾਂ ਦੇ ਮੁੰਡਿਆਂ-ਕੁੜੀਆਂ ਨੇ ਚਮਾਰਾਂ ਦੇ ਕੁੜੀਆਂ-ਮੁੰਡਿਆਂ ਨਾਲ ਵਿਆਹ ਕਰਵਾਏ, ਤੇ ਫੇਰ ਮਾਪਿਆਂ ਤੋਂ ਵੱਖਰੇ ਰਹਿਣ ਲੱਗ ਪਏ ਜਿਵੇਂ ਬ੍ਰਤਾਨਵੀ ਮੁੱਖ-ਧਾਰਾ ਦੇ ਨੌਜਵਾਨ ਸਾਧਾਰਨ ਤੌਰ 'ਤੇ ਕਰਦੇ ਹੀ ਹਨ। ਜਿੱਥੇ ਇਹੋ ਜਿਹੇ ਵਿਆਹਾਂ ਉਤੇ ਅੱਗੇ ਵਾਵੇਲਾ ਮੱਚ ਜਾਂਦਾ ਸੀ ਅਤੇ ਕਈ ਵਾਰੀ ਕੁੜੀਆਂ ਨੂੰ ਟੋਟਾ ਟੋਟਾ ਕਰਕੇ ਬੇਮਜ਼ ਨਦੀ ਦੀ ਭੇਂਟ ਵੀ ਕੀਤਾ ਗਿਆ ਸੀ ਉਥੇ ਹੁਣ ਲੋਕ ਇਸ ਤੱਥ ਨੂੰ ਕੌੜਾ ਘੁੱਟ ਕਰਕੇ ਗਲੋਂ ਲੰਘਾ ਰਹੇ ਹਨ।

ਪਹਿਲੀ ਪੁਸ਼ਤ ਦੇ ਲੋਕਾਂ ਦੀ ਪੁਰਾਣੀ ਮਾਨਸਿਕਤਾ ਦਾ ਹੀ ਸਿੱਟਾ ਹੈ ਕਿ ਇਹੋ ਜ਼ਾਤੀ-ਪਾਤੀ ਆਧਾਰ ਹਰ ਜ਼ਾਤ ਦੇ ਆਪਣੇ ਗੁਰਦੁਆਰੇ ਬਣਾਉਣ ਵਿਚ ਸਹਾਈ ਹੋਏ ਹਨ। ਰਵਿਦਾਸ ਗੁਰਦੁਆਰਾ, ਰਾਮਗੜ੍ਹੀਆ ਗੁਰਦੁਆਰਾ, ਬਾਲਮੀਕ ਗੁਰਦੁਆਰਾ, ਜੱਟਾਂ ਦਾ ਗੁਰਦੁਆਰਾ 'ਤੇ ਭਾਪਿਆਂ ਦਾ ਗੁਰਦੁਆਰਾ, ਇਸ ਖਿਲਾਰੇ ਦੀਆਂ ਕੁਝ ਕੁ ਨਿਸ਼ਾਨੀਆਂ ਹਨ। ਤਥਾ-ਕਥਿਤ ਨੀਵੀਆਂ ਜਾਤੀਆਂ ਨੂੰ ਅਤੀਤ ਦੇ ਹੇਰਵਾ ਜਾਂ ਭੁਹੇਰਵਾ ਵੀ ਘੱਟ ਹੀ ਚੰਬੜਿਆ, 'ਤੇ ਫੈਕਟਰੀ ਜਾਂ ਫ਼ਾਉਂਡਰੀ ਦੀ ਕਰੜੀ ਮਿਹਨਤ ਨਾਲ ਨਫ਼ਰਤ ਵੀ ਘੱਟ ਹੋਈ ਜਦੋਂ ਕਿ ਉੱਚੀਆਂ ਜਾਤੀਆਂ ਨੂੰ ਇਹ ਦੋਵੇਂ ਰੋਗ ਬਹੁਤੇ ਚੰਬੜੇ। ਕਾਰਨ ਸਪਸ਼ਟ ਹਨ : ਨੀਵੀਆਂ ਜਾਤੀਆਂ ਦੇ ਲੋਕ

ਨਾ ਸਿਰਫ ਉੱਚੀਆਂ ਜਾਤੀਆਂ ਦੁਆਰਾ ਪੈਦਾ ਕੀਤੇ ਦੇਸ਼ ਵਿਚਲੇ ਵਿਆਪਤ ਸ਼ੋਸ਼ਣ ਤੇ ਸਮਾਜਕ-ਹੀਣਤਾ ਤੋਂ ਛੁਟਕਾਰਾ ਪਾ ਗਏ ਸਨ ਸਗੋਂ ਰੱਜ ਕੇ ਰੋਟੀ ਖਾਂਦੇ ਸਨ। ਉੱਚੀਆਂ ਜਾਤੀਆਂ ਵਾਲੇ ਉਹਨਾਂ ਦੇ ਬਰਾਬਰ ਦੇ ਹੀ ਕਾਮੇ ਬਣ ਗਏ ਸਨ। ਗੋਰਿਆਂ ਦਾ ਨਸਲੀ ਤੇ ਸਭਿਆਚਾਰਕ ਵਿਤਕਰਾ ਵੀ ਉਹਨਾਂ ਨੂੰ ਹੀ ਵੱਧ ਮਹਿਸੂਸ ਹੋਇਆ। ਇਹ ਅੰਤਰ, ਸ਼ੋਸ਼ਕ ਤੋਂ ਸ਼ੋਸ਼ਤ ਬਣ ਜਾਣ ਦਾ ਅੰਤਰ ਸੀ। ਨੀਵੀਆਂ ਜਾਤੀਆਂ ਵਾਲਿਆਂ ਨੂੰ ਨਾ ਕਿਸੇ ਨਸਲੀ ਵਿਤਕਰੇ ਨੇ ਸਤਾਇਆ, 'ਤੇ ਨਾ ਹੀ ਕੁੜੀ-ਮੁੰਡੇ ਦੇ ਵੇਹਰਕੇ ਵੱਡੀ ਜ਼ਾਤ ਦੇ ਮੁੰਡੇ-ਕੁੜੀ ਨਾਲ ਵਿਆਹ ਕਰਵਾ ਲੈਣ ਦੀ ਕਿਸੇ ਸੱਟ ਨੇ। ਉਹਨਾਂ ਕੋਲ ਤਾਂ ਗਵਾਉਣ ਲਈ ਕੁਝ ਵੀ ਨਹੀਂ ਸੀ। ਉਹਨਾਂ ਦੀਆਂ ਪ੍ਰਾਪਤੀਆਂ ਹਰ ਖੇਤਰ ਵਿਚ ਵਧੇਰੇ ਹਨ। ਨਫ਼ਰਤ ਅਤੇ ਵਿਤਕਰੇ ਦਾ ਸ਼ਿਕਾਰ ਉਹ ਭਾਰਤ ਵਿਚ ਕਿਤੇ ਵੱਧ ਸਨ। ਇਸ ਤੋਂ ਵੀ ਅੱਗੇ ਇਹਨਾਂ ਲੋਕਾਂ ਦੇ ਬੱਚਿਆਂ ਨੂੰ ਪੰਜਾਬ ਵਿਚ ਰਹਿੰਦਿਆਂ ਕਦੇ ਦਸਵੀਂ ਜਮਾਤ ਪਾਸ ਕਰਨ ਦਾ ਅਵਸਰ ਨਹੀਂ ਸੀ ਮਿਲਣਾ ਜਦੋਂ ਕਿ ਵਲੈਤ ਵਿਚ ਇਹ ਡਾਕਟਰ, ਇੰਜੀਨੀਅਰ, ਅਕਾਊਂਟੈਂਟ, ਵਕੀਲ ਅਤੇ ਹੋਰ ਚੰਗਿਆਂ ਅਹੁਦਿਆਂ ਨੂੰ ਹਾਸਿਲ ਕਰ ਚੁੱਕੇ ਹਨ।

ਦੂਜੀ-ਪੀੜ੍ਹੀ ਦੀ ਮਾਨਸਿਕਤਾ 'ਤੇ ਚੇਤਨਾ ਅਜੇ ਹੋਰ ਵਿਸਥਾਰ ਦੀ ਮੰਗ ਕਰਦੀ ਹੈ। ਜਾਤ-ਪਾਤ ਦੀਆਂ ਕੰਧਾਂ ਦੀ ਗੱਲ ਅਸੀਂ ਕਰ ਚੁੱਕੇ ਹਾਂ। ਇਹ ਲੋਕ ਵਿਕਸਿਤ ਪੂੰਜੀਵਾਦੀ ਵਿਵਸਥਾ ਦੇ ਸਹਿਜ-ਅੰਗ ਹਨ ਜਿੱਥੇ ਵਿਅਕਤੀ ਦੀ ਸੁਤੰਤਰਤਾ ਨੂੰ ਭਰਪੂਰ ਹਮਦਰਦੀ ਹਾਸਿਲ ਹੈ। ਇਸ ਵਿਅਕਤੀ-ਅਜ਼ਾਦੀ ਦੇ ਚੰਗੇ ਜਾਂ ਮੰਦੇ ਹੋਣ ਬਾਰੇ ਗੱਲ ਨਹੀਂ ਕੀਤੀ ਜਾ ਰਹੀ, ਪਰ ਇਹ ਨਿਰਣੇ ਹੀ ਭੂਪਵਾਦੀ ਸਮਾਜ ਦੇ ਜਗੀਰੂ ਰਿਸ਼ਤਿਆਂ ਤੋਂ ਅਗਲੀ ਪੱਧਰ ਹੈ। ਬ੍ਰਤਾਨੀਆਂ ਦਾ ਰਾਜਸੀ ਵਿਧਾਨ ਅਠਾਰਾਂ ਸਾਲਾਂ ਦੇ ਬਾਲਕ ਨੂੰ ਸੁਤੰਤਰ ਹੋਂਦ ਦਾ ਹੱਕ ਪ੍ਰਦਾਨ ਕਰਦਾ ਹੈ। ਇਸ ਤੋਂ ਬਾਅਦ ਇਸ ਨੂੰ ਆਪਣੀ ਮਰਜ਼ੀ ਅਨੁਸਾਰ ਜੀਣ-ਥੀਣ ਦਾ ਪੂਰਨ ਅਧਿਕਾਰ ਹੈ। ਮਾਪਿਆਂ ਦੇ ਪਿਛਾਂਹ-ਖਿਚੂ ਜਗੀਰੂ ਰਵੱਈਏ ਨਾਲ ਇਹਨਾਂ ਨੂੰ ਨਫ਼ਰਤ ਹੈ। ਮੁੱਖ-ਧਾਰਾ ਦੀ ਕਲਚਰ ਦਾ ਮਾਡਲ ਇਹਨਾਂ ਦੇ ਸਾਹਮਣੇ ਹੈ। ਮਾਪਿਆਂ ਵੱਲੋਂ ਜਬਰੀ ਸ਼ਾਦੀ ਜਾਂ ਅਣਵੇਖੇ ਮੰਗੇਤਰ ਨਾਲ ਨਰੜੇ ਜਾਣਾ ਇਹਨਾਂ ਨੂੰ ਪ੍ਰਵਾਨ ਨਹੀਂ। ਮਾਪਿਆਂ ਦੀ ਨੋਕ-ਝੋਕ ਤੇ ਟੋਕਾ-ਟੋਕੀ ਇਹਨਾਂ ਨੂੰ ਪੁੱਗਦੀ ਨਹੀਂ। ਸਾਮੰਤੀ ਰਿਸ਼ਤਿਆਂ ਵਾਲਾ ਘਰ ਦੀ ਸਾਂਝ ਦਾ ਸੰਕਲਪ ਜਾਂ ਮਾਪਿਆਂ ਦੇ ਅੰਨ੍ਹੇ ਸਤਿਕਾਰ ਦੀ ਮੰਗ ਇਹਨਾਂ ਦੀ ਪੱਛਮੀ ਚੇਤਨਾ ਤੋਂ ਬਾਹਰ ਦੀਆਂ ਗੱਲਾਂ ਹਨ। ਮਾਪਿਆਂ ਦੇ ਦੋਹਰੇ-ਮਾਪਾਂ ਨਾਲ ਇਹਨਾਂ ਨੂੰ ਨਫ਼ਰਤ ਹੈ। ਮਾਪੇ ਇਹਨਾਂ ਦੀ ਵਿਅਕਤੀ-ਅਜ਼ਾਦੀ ਦੇ ਰਾਹ ਦੀ ਵੱਡੀ ਰੁਕਾਵਟ ਹਨ। ਸਿੱਟੇ ਵਜੋਂ ਇਹ ਅਠਾਰਵੇਂ ਸਾਲ ਦੀ ਆਮਦ ਦਾ ਹੀ ਇੰਤਜ਼ਾਰ ਕਰ ਰਹੇ ਹੁੰਦੇ ਹਨ, ਤੇ ਫੇਰ ਘਰੋਂ ਪੱਤਰਾ ਵਾਚ ਜਾਂਦੇ ਹਨ। ਇਹ ਇੰਗਲੈਂਡ ਦੇ ਕਿਸੇ ਇਕ ਘਰ ਦੀ ਨਹੀਂ, ਹਰ ਘਰ ਦੀ ਗਾਥਾ ਹੈ।

ਪੌਂਡਾਂ ਜਾਂ ਵਸੀਲਿਆਂ ਦੇ ਨਵੇਂ ਨਵੇਂ ਮਾਲਕ ਬਣੇ ਮਾਪਿਆਂ ਦੀ ਇਹ ਪ੍ਰਵਿਰਤੀ

ਰਹੀ ਹੈ ਕਿ ਉਹ ਵਾਪਸ ਦੇਸ਼ ਜਾ ਕੇ ਝੂਠੀਆਂ ਨੁਮਾਇਸ਼ਾਂ ਲਾਉਂਦੇ ਅਤੇ ਸੁਣਨ ਵਾਲਿਆਂ ਦੇ ਦਿਲਾਂ ਵਿਚ ਇੰਗਲੈਂਡ ਦੇ ਕੰਦੀ ਪਰੀ ਦੇਸ਼ ਹੋਣ ਦਾ ਭਰਮ ਪੈਦਾ ਕਰਦੇ ਰਹੇ ਹਨ, ਜਦੋਂ ਕਿ ਰੋਟੀ ਕਮਾਉਣ ਦੀ ਖ਼ਾਤਰ ਉਹਨਾਂ ਨੂੰ ਝਾੜੂ ਫੇਰਨ ਤੋਂ ਲੈ ਕੇ ਟੱਟੀਆਂ ਸਾਫ਼ ਕਰਨ ਤੱਕ ਅਜਿਹੇ ਕੰਮ ਵੀ ਕਰਨੇ ਪਏ ਹਨ ਜਿਹੜੇ ਉਹ ਦੇਸ਼ ਹੁੰਦਿਆਂ ਕਦੇ ਵੀ ਕਰਨੇ ਗਵਾਰਾ ਨਾ ਕਰਦੇ। ਹੁਣ ਇਹ ਸਭ ਕੁਝ ਆਪਣੇ ਆਪ ਖ਼ਤਮ ਹੁੰਦਾ ਜਾ ਰਿਹਾ ਹੈ। ਮੱਧ-ਸ਼੍ਰੇਣੀ ਦੀ ਅੰਦਰੋਂ ਹੋਰ ਤੇ ਬਾਹਰੋਂ ਹੋਰ ਵਾਲੀ ਮਾਨਸਿਕਤਾ ਵੀ ਦੋਹਰੇਪਨ ਦੀ ਲਖਾਇਕ ਹੈ ਜਿਸ ਨੂੰ ਦੂਜੀ ਪੀੜ੍ਹੀ ਦੇ ਲੋਕ ਨਫ਼ਰਤ ਕਰਦੇ ਹਨ। ਕਈ ਘਰ ਜਿਥੇ ਕੇਵਲ ਇਕ ਜਾਂ ਦੋ ਹੀ ਬੱਚੇ ਸਨ, ਤੇ ਸਾਮੰਤੀ ਕੀਮਤਾਂ ਅਨੁਸਾਰ ਮਾਪਿਆਂ ਦੀ ਸੱਜੀ-ਖੱਬੀ ਅੱਖ ਸਨ, ਦੋਵੇਂ ਹੀ ਘਰੋਂ ਤੁਰ ਗਏ, ਤੇ ਪਿੱਛੇ ਬੁੱਢਾ-ਬੁੱਢੀ ਇਕਲਾਪੀ ਹੋਂਦ ਭੁਗਤਣ ਜੋਗੇ ਰਹਿ ਗਏ। ਹੁਣ ਉਹਨਾਂ ਨੂੰ ਪੁਰਾਣੀ ਨੁਮਾਇਸ਼ ਜਾਂ ਪ੍ਰਦਰਸ਼ਨੀ ਦੀ ਲੋੜ ਨਹੀਂ ਕਿਉਂਕਿ ਹੋਣ ਵਾਲੀ ਗੱਲ ਹੋ ਚੁੱਕੀ ਹੈ। ਕਾਹਦੇ ਲਈ ਤੇ ਕੀਹਦੇ ਲਈ ਲ਼ਾਉਣ ? ਸਿੱਟੇ ਵਜੋਂ ਉਹਨਾਂ ਦਾ 'ਬੁਢਾਪੇ ਦੀ ਡੰਗੋਰੀ' ਵਾਲਾ ਸੰਕਲਪ ਵੀ ਢਹਿ ਢੇਰੀ ਹੋ ਗਿਆ ਹੈ। ਵਲੈਤ ਦੀਆਂ ਪਰਿਸਥਿਤੀਆਂ ਵਿਚ ਪਤੀ ਦੇ ਮਰਨ ਨਾਲ ਕੋਈ ਔਰਤ 'ਰੰਡੀ' ਨਹੀਂ ਹੁੰਦੀ, ਤਲਾਕ ਦੀ ਹਾਲਤ ਵਿਚ ਕੋਈ 'ਛੁੱਟੜ' ਨਹੀਂ ਹੋ ਜਾਂਦੀ, ਤੇ ਬੱਚਿਆਂ ਦੇ ਘਰੋਂ ਜਾਣ ਨਾਲ ਕੋਈ ਮਾਪੇ 'ਔਂਤਰੇ' ਨਹੀਂ ਹੋ ਜਾਂਦੇ। ਬੱਚੇ, ਯਤੀਮ ਜਾਂ ਮਾਂ-ਮਹਿੱਟਰ ਨਹੀਂ ਹੁੰਦੇ। ਇਹ ਸਭ ਗੱਲਾਂ ਭੂਪਵਾਦੀ ਸਮਾਜ ਵਿਚ ਆਰਥਕ ਪਰਨਿਰਭਰਤਾ ਕਰਕੇ ਸਨ ਜਦੋਂ ਕਿ ਇੰਗਲੈਂਡ ਵਿਚ ਕੋਈ ਕਿਸੇ 'ਤੇ ਨਿਰਭਰ ਨਹੀਂ। ਇਹੋ ਹੀ ਸ਼ਾਇਦ ਵਿਅਕਤੀ-ਅਜ਼ਾਦੀ ਹੈ। ਵਿਧਵਾ-ਪੈਨਸ਼ਨ, ਬੁਢੇਪਾ-ਪੈਨਸ਼ਨ, ਬੇਰੁਜ਼ਗਾਰੀ-ਭੱਤਾ, ਵਿਦਿਅਕ-ਖਰਚਾ — ਸਭ ਕੁਝ ਸਰਕਾਰ ਵੱਲੋਂ ਮਿਲਦਾ ਹੈ। ਡਾਕਟਰੀ ਇਲਾਜ ਮੁਫ਼ਤ ਹੈ। ਬੇਰੁਜ਼ਗਾਰੀ ਦੀ ਸਥਿਤੀ ਵਿਚ ਸਰਕਾਰੀ ਫਲੈਟ ਤੇ ਬਿਜਲੀ, ਪਾਣੀ ਅਤੇ ਗੈਸ ਦਾ ਖ਼ਰਚਾ ਵੀ ਮਿਲਦਾ ਹੈ। ਇਸ ਮਾਹੌਲ ਵਿਚ ਪੁਰਾਣੇ ਰਿਸ਼ਤੇ ਖਲੋ ਵੀ ਕਿਵੇਂ ਸਕਦੇ ਹਨ ?

ਪਹਿਲੀ ਪੁਸ਼ਤ ਦੇ ਲੋਕਾਂ ਦੀ ਕੁਝ ਆਪਣੀ ਸਥਾਨਕ ਸਿਆਸਤ ਹੈ, ਤੇ ਕੁਝ ਭਾਰਤ, ਪਾਕਿਸਤਾਨ ਦੀ। ਉਹ ਇਹਨਾਂ ਵਿਚ ਹੀ ਆਪਣਾ ਰਾਂਝਾ ਰਾਜ਼ੀ ਰਖਦੇ ਹਨ, ਜਦੋਂ ਕਿ ਦੂਜੀ ਪੁਸ਼ਤ ਦਾ ਸਰੋਕਾਰ ਗੋਰੇ ਸੰਸਾਰ ਨਾਲ ਹੈ। ਦਿਲਚਸਪੀਆਂ ਦੀ ਇਹ ਭਿੰਨਤਾ ਵੀ ਉਹਨਾਂ ਨੂੰ ਇਕ ਦੂਜੇ ਨਾਲੋਂ ਤੋੜਦੀ ਹੈ। ਪੰਜਾਬੀ ਅਖ਼ਬਾਰਾਂ ਦਾ ਭਵਿੱਖ ਵੀ ਕੇਵਲ ਪਹਿਲੀ ਪੀੜ੍ਹੀ ਦੀ ਹਯਾਤੀ ਤੱਕ ਹੀ ਹੈ। ਇਕ ਤਾਂ ਇਹ ਦੇਸੀ ਸਿਆਸਤ ਨੂੰ ਹੀ ਰੇਖਾਂਕਿਤ ਕਰਦੇ ਹਨ, ਤੇ ਦੂਜੇ, ਦੂਜੀ ਪੀੜ੍ਹੀ ਦੀ ਭਾਸ਼ਾ ਅੰਗਰੇਜ਼ੀ ਹੋਣ ਕਰਕੇ, ਉਹਨਾਂ ਲਈ ਇਹ ਮੁੱਲ-ਰਹਿਤ ਹਨ।

ਪੰਜਾਬੀ ਸਭਿਆਚਾਰ ਦਾ ਭਵਿੱਖ ਘੱਟ-ਗਿਣਤੀ ਦੇ ਕਲਚਰ ਦਾ ਭਵਿੱਖ ਹੈ। ਪੰਜਾਬੀ ਭਾਸ਼ਾ ਵੀ ਇਸੇ ਘੱਟ-ਗਿਣਤੀ ਦੀ ਹੀ ਭਾਸ਼ਾ ਹੈ। ਨਾ ਸਿਰਫ਼ ਘੱਟ-ਗਿਣਤੀ ਦੀ ਹੀ ਬਲਕਿ ਪਹਿਲੀ ਪੀੜ੍ਹੀ ਦੀ ਹੀ ਭਾਸ਼ਾ ਹੈ। ਇਸ ਪੀੜ੍ਹੀ ਦੇ ਮੁੱਕਣ ਨਾਲ

ਇਹ ਭਾਸ਼ਾ ਵੀ ਮੁੱਕ ਜਾਣੀ ਹੈ। ਭਾਸ਼ਾ ਦੀ ਸਿੱਖਿਆ ਸੁਹਜ-ਮੁੱਲਾਂ 'ਤੇ ਨਹੀਂ, ਆਰਥਕਤਾ 'ਤੇ ਨਿਰਭਰ ਕਰਦੀ ਹੈ। ਸੁਹਜ-ਮੁੱਲ ਕੇਵਲ ਬਹੁ-ਗਿਣਤੀ ਦੇ ਸਮਾਜ ਦੇ ਹੀ ਗੁਣ ਹਨ। ਪੰਜਾਬੀ ਦੀ ਪੜ੍ਹਾਈ ਦਾ ਦੂਜੀ ਪੁਸ਼ਤ ਨੂੰ ਨੌਕਰੀ ਦੀ ਪ੍ਰਾਪਤੀ 'ਚ ਕੋਈ ਲਾਭ ਨਹੀਂ। ਇਸੇ ਕਰਕੇ ਇਹ ਸਕੂਲੀ ਵਿਦਿਆ ਦਾ ਹਿੱਸਾ ਨਹੀਂ ਬਣ ਸਕੀ। ਤੇ ਇਸ ਦੇ ਭਵਿੱਖ ਬਾਰ ਲੰਮੇ ਚੌੜੇ ਦਾਈਏ ਬੰਨ੍ਹਣੇ ਵੀ ਗੈਰ-ਯਥਾਰਥਕ ਗੱਲ ਹੋਵੇਗੀ।

ਪਰੰਪਰਕ ਪੰਜਾਬੀ ਸਮਾਜ ਵਿਚ ਵਿਆਹ ਤੋਂ ਪਹਿਲਾਂ ਦੇ ਯੌਨ-ਸੰਬੰਧਾਂ ਨੂੰ ਯੋਗ ਨਹੀਂ ਸਮਝਿਆ ਜਾਂਦਾ। ਇਸ ਦੇ ਸਿੱਟੇ ਵਿਆਹ ਵਿਚ ਬਾਧਕ ਸਿੱਧ ਹੁੰਦੇ ਹਨ, ਖਾਸ ਕਰਕੇ ਕੁੜੀ ਦੇ ਸੰਦਰਭ ਵਿਚ। ਤੇ ਮਾਪਿਆਂ ਦੀ ਤਥਾ-ਕਥਿਤ ਇਜ਼ਤ ਨੂੰ ਵੀ ਵੱਟਾ ਲਗਦਾ ਹੈ। ਬ੍ਰਤਾਨਵੀ ਪੰਜਾਬੀ ਸਮਾਜ ਦੀਆਂ ਅਜੇ ਵੀ ਇਹੋ ਧਾਰਨਾਵਾਂ ਹਨ। ਪਰ ਦੂਜੀ ਪੁਸ਼ਤ ਲਈ ਇਹਨਾਂ ਧਾਰਨਾਵਾਂ ਦਾ ਕੋਈ ਮੁੱਲ ਨਹੀਂ। ਪੂੰਜੀਵਾਦੀ ਵਿਵਸਥਾ ਦੇ ਪਦਾਰਥਕ ਸਭਿਆਚਾਰ ਦੀਆਂ ਉਪਲਬਧੀਆਂ ਨੇ ਉਹਨਾਂ ਦੇ ਸਮਾਜਕ ਮੁੱਲਾਂ ਨੂੰ ਵੀ ਬਦਲ ਦਿਤਾ ਹੈ। ਸਿਰਫ ਇਹੋ ਹੀ ਨਹੀਂ, ਅਠਾਰਾਂ ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ, ਬਲਕਿ ਚੌਦਾਂ-ਚੌਦਾਂ ਸਾਲਾਂ ਦੀਆਂ ਕੁੜੀਆਂ ਵੀ ਗਰਭ-ਰੋਕੂ ਗੋਲੀਆਂ ਆਪਣੇ ਡਾਕਟਰ ਤੋਂ ਲੈ ਸਕਦੀਆਂ ਹਨ, 'ਤੇ ਲੈਂਦੀਆਂ ਹਨ। ਇਸ ਦਾ ਸਿੱਧਾ ਅਸਰ ਯੌਨ-ਮੁੱਲਾਂ 'ਤੇ ਇਸ ਤਰ੍ਹਾਂ ਹੋਇਆ ਹੈ ਜੋ ਪੰਜਾਬੀ ਮਾਪਿਆਂ ਦੇ ਕਿਆਸ ਤੋਂ ਬਾਹਰ ਦੀ ਗੱਲ ਹੈ। ਪੂੰਜੀਵਾਦੀ ਅਰਥ-ਵਿਵਸਥਾ ਅੱਧੋਗਤੀ ਦੀ ਸਥਿਤੀ ਵਿਚ ਹੈ। ਉਪਜ ਦੇ ਸਾਧਨ ਤੇ ਉਪਜ ਦੇ ਰਿਸ਼ਤੇ ਅਤਿ-ਅਸੰਤੁਲਨ ਦੀ ਅਵਸਥਾ ਵਿਚੋਂ ਵਿਚਰ ਰਹੇ ਹਨ। ਸਿੱਟੇ ਵਜੋਂ ਬੇਰੁਜ਼ਗਾਰੀ ਦਿਨ-ਪ੍ਰਤੀਦਿਨ ਵਧ ਰਹੀ ਹੈ। ਇਸ ਬੇਰੁਜ਼ਗਾਰੀ ਦਾਂ ਸਿੱਟਾ ਪੰਜਾਬੀ ਕੁੜੀਆਂ ਵਿਚ ਵਧ ਰਹੀ ਵੇਸਵਾ-ਗਮਨੀ ਵਿਚ ਨਿਕਲ ਰਿਹਾ ਹੈ। ਜਿੱਥੇ ਅੱਗੇ ਪਿਕਾਡਿਲੀ ਤੇ ਸੋਹੋ ਵਿਚ ਗੋਰੀਆਂ ਔਰਤਾਂ, ਗਾਹਕਾਂ ਦਾ ਰਾਹ ਵੇਖਦੀਆਂ ਸਨ ਉਥੇ ਹੁਣ ਪੰਜਾਬਣਾਂ ਵੀ ਸ਼ਰੀਕ ਹੋ ਗਈਆਂ ਹਨ। ਪੰਜਾਬਣਾਂ ਦੀ ਕੁਝ ਗਿਣਤੀ ਵੇਸਵਾਗਿਰੀ ਅਤੇ ਨੀਲੀਆਂ ਫ਼ਿਲਮਾਂ ਦੀਆਂ ਨਾਇਕਾਵਾਂ ਵੱਲ ਵਧ ਰਹੀ ਹੈ।

ਵਧ ਰਹੀ ਬੇਕਾਰੀ ਦਾ ਇਲਜ਼ਾਮ ਸਥਾਨਕ ਨਸਲ ਭਾਰਤੀਆਂ ਤੇ ਪਾਕਿਸਤਾਨੀਆਂ ਨੂੰ ਦਿੰਦੀ ਹੈ। ਸਿੱਟੇ ਵਜੋਂ ਪਾਵਲ ਅਤੇ ਉਸ ਦੇ ਚੇਲੇ ਇਹਨਾਂ ਲੋਕਾਂ ਨੂੰ ਬ੍ਰਤਾਨੀਆਂ ਵਿਚੋਂ ਕੱਢਣ ਬਾਰੇ ਸੱਠਵਿਆਂ ਤੋਂ ਹੀ ਰੌਲਾ ਪਾ ਰਹੇ ਹਨ। ਆਏ ਦਿਨ ਫ਼ਸਾਦ ਹੁੰਦੇ ਹਨ। ਸਾਊਥਾਲ ਵਿਚ ਨੈਸ਼ਨਲ ਫਰੰਟ ਨਾਲ ਖ਼ੂਨੀ ਮੁੱਠ-ਭੇੜ, ਸਕਿੱਨ-ਹੈਡਜ਼ ਨਾਲ ਹੈਂਬਰੋ-ਪੱਬ ਦੇ ਸਾਹਮਣੇ ਹੋਇਆ ਮੁਕਾਬਲਾ, ਬਰਿਕਸਟਨ ਵਿਚ ਵੈਸਟ-ਇੰਡੀਅਨਜ਼ ਨਾਲ ਹੋਇਆ ਧੱਕਾ, ਤੇ ਇਸੇ ਤਰ੍ਹਾਂ ਬਰੈਡਫੋਰਡ, ਲਿਵਰਪੂਲ ਅਤੇ ਬ੍ਰਮਿੰਘਮ ਦੇ ਹੈਂਡਜ਼ਵਰਥ ਦੇ ਇਲਾਕੇ ਦੇ ਫ਼ਸਾਦ ਵਧ ਰਹੀ ਬੇਰੁਜ਼ਗਾਰੀ ਦੇ ਪ੍ਰਤਿਕਰਮ ਵਜੋਂ ਪਾਵਲ 'ਤੇ ਉਹਦੇ ਚੇਲਿਆਂ ਦਾ ਕਾਲੇ ਲੋਕਾਂ ਨੂੰ ਇਸ ਪੂੰਜੀਵਾਦੀ ਆਰਥਕ ਸੰਕਟ ਦਾ ਜ਼ਿੰਮੇਵਾਰ ਠਹਿਰਾਉਣਾ ਹੈ। ਇਸ ਤਰ੍ਹਾਂ ਦੀਆਂ ਟੱਕਰਾਂ ਵਿਚ ਏਸ਼ੀਅਨ

ਮੁੰਡਿਆਂ ਨੇ ਵੀ ਸਾਲਾਂ ਦਾ ਇਕੱਠਾ ਹੋਇਆ ਵਿਦਰੋਹ ਬਾਹਰ ਕੱਢਿਆ। ਇਹ ਵਿਦਰੋਹ ਸਕੂਲੀ ਵਿਦਿਆ ਦੇ ਸਮੇਂ ਤੋਂ ਹੀ ਉਹਨਾਂ ਦੇ ਦਿਲਾਂ ਵਿਚ ਸੁਲਗਦਾ ਰਿਹਾ ਸੀ; ਅਤੇ ਸਤਾਹ ਉਤੇ ਆਉਣ ਲਈ ਕੋਈ ਵੀ ਅਜਿਹਾ ਧੱਕਾ ਹੀ ਉਡੀਕਦਾ ਸੀ। ਸਿੱਟੇ ਦੇ ਤੌਰ 'ਤੇ ਜਦੋਂ ਨੈਸ਼ਨਲ ਫਰੰਟ ਦੇ ਨਸਲਵਾਦੀ ਲੋਕਾਂ ਨੇ ਸਾਊਥਾਲ ਦੇ ਟਾਊਨ ਹਾਲ ਵਿਚ 23 ਅਪ੍ਰੈਲ, 1979 ਨੂੰ ਆਪਣੀ ਨਸਲਵਾਦੀ ਮੀਟਿੰਗ ਕਰਨ ਦਾ ਪ੍ਰਣ ਕੀਤਾ, ਤੇ ਈਲਿੰਗ ਬਾਰੋ ਦੀ ਟੋਰੀ ਕਾਊਂਸਲ ਨੇ ਬਿਨਾਂ ਇਸ ਦੇ ਸਿੱਟਿਆਂ ਨੂੰ ਵਿਚਾਰਿਆਂ, ਉਹਨਾਂ ਨੂੰ ਏਸ਼ੀਅਨ ਲੋਕਾਂ ਦੀ ਹਿੱਕ ਤੇ ਮੂੰਗ ਦਲਣ ਦੀ ਆਗਿਆ ਦੇ ਦਿਤੀ ਤਾਂ ਪੰਜਾਬੀ ਨੌਜਵਾਨ ਵੀ ਗੁੱਸੇ ਵਿਚ ਭੜਕ ਪਏ। ਸਾਊਥਾਲ ਦੇ ਸਾਰੇ ਲੋਕ ਸੜਕਾਂ 'ਤੇ ਨਿਕਲ ਆਏ। ਪਰ ਸਟੇਟ ਦੀ ਦਮਨਕਾਰੀ ਤਸਵੀਰ ਦਾ ਕਮਾਲ ਇਹ ਕਿ ਉਹਨਾਂ 'ਨਾਲੇ ਚੋਰ ਨਾਲੇ ਚਤਰ' ਦੀ ਪਾਲਿਸੀ ਅਨੁਸਾਰ 2756 ਘੋੜ ਸਵਾਰ ਪੁਲਸ ਜਮ੍ਹਾਂ ਕੁੱਤੇ, ਵੈਨਾਂ, ਰਾਇਟ-ਸ਼ੀਲਡਾਂ, ਹੈਲੀਕੋਪਟਰ ਆਦਿ ਲੋਕਾਂ ਦੇ ਪ੍ਰੋਟੈਸਟ ਨੂੰ ਕੁਚਲਣ ਲਈ ਨੈਸ਼ਨਲ ਫਰੰਟੀਆਂ ਦੇ ਹੱਕ ਵਿਚ ਘੱਲੇ ਤੇ ਵਰਤੇ।[28]

ਤੇ ਫੇਰ ਜਿੰਨਾ ਦਮਨ ਪੁਲੀਸ ਨੇ ਸਾਊਥਾਲ ਵਿਚ ਕੀਤਾ ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਉਹਨਾਂ ਨੇ ਨਿਰਦੋਸ਼ੇ ਏਸ਼ੀਅਨ ਨੌਜਵਾਨਾਂ ਨੂੰ ਲੱਭ ਲੱਭ ਕੇ ਮਾਰਿਆ, ਕੁੱਟਿਆ ਤੇ ਜ਼ਖਮੀ ਕੀਤਾ। ਕੋਈ 350 ਦੇ ਕਰੀਬ ਫੜ ਕੇ ਅੰਦਰ ਦੇ ਦਿਤੇ, ਜਿਨ੍ਹਾਂ ਤੇ ਪਿਛੋਂ ਨਿਰਅਧਾਰ ਮੁਕੱਦਮੇ ਚਲਾਏ ਗਏ।[29] ਬਲੇਅਰ ਪੀਚ ਨਾਮ ਦੇ ਇਕ ਸਕੂਲ ਮਾਸਟਰ ਅਤੇ ਏਸ਼ੀਅਨ ਲੋਕਾ ਦੇ ਵਰਗ-ਸਾਥੀ ਨੂੰ ਪੁਲੀਸ ਨੇ ਸਦਾ ਲਈ ਸੁਆਲ ਦਿਤਾ।

ਜਿਵੇਂ ਪਹਿਲੀ ਪੀੜ੍ਹੀ ਦੇ ਪੰਜਾਬੀ, ਅਤੀਤ ਵਿਚ ਚੁੱਪ ਕਰਕੇ ਮਾਰ ਖਾ ਲੈਂਦੇ ਸਨ, ਇਸ ਤਰ੍ਹਾਂ ਦੂਜੀ ਪੁਸ਼ਤ ਮਾਰ ਖਾਣ ਨੂੰ ਤਿਆਰ ਨਹੀਂ। ਸਿੱਟੇ ਕੁਝ ਵੀ ਨਿਕਲਣ, ਉਹ ਨਸਲਵਾਦੀਆਂ ਨੂੰ ਉਹਨਾਂ ਦੀ ਕਿਸਮ ਦਾ ਹੀ ਜੁਆਬ ਦੇਣਾ ਚਾਹੁੰਦੇ ਹਨ। ਪਰ ਸ਼ਾਇਦ ਉਹ ਨਹੀਂ ਜਾਣਦੇ ਕਿ ਪੂੰਜੀਵਾਦ ਕੇਡਾ ਕੂ ਮੱਕਾਰ ਹੋ ਸਕਦਾ ਹੈ। ਇਸ ਤਰ੍ਹਾਂ ਦੀਆਂ ਮੁੱਠ-ਭੇੜਾਂ ਨਾਲ ਦੂਜੀ ਪੀੜ੍ਹੀ ਦਾ ਬ੍ਰਤਾਨੀਆਂ ਦੇ ਜਨਮ-ਸਿੱਧ ਸ਼ਹਿਰੀ ਅਤੇ ਵਸੀਲਿਆਂ ਦੇ ਅਧਿਕਾਰੀ ਹੋਣ ਦਾ ਗਰਭ ਵੀ ਟੁੱਟਾ ਹੈ। ਉਹ ਮਹਿਸੂਸ ਕਰਦੇ ਹਨ ਕਿ ਉਹ ਬ੍ਰਤਾਨਵੀ ਸ਼ਹਿਰੀ ਜਰੂਰ ਹਨ ਪਰ ਗੋਰੇ ਨਹੀਂ। ਉਹਨਾਂ ਦੀ ਚੰਮੜੀ ਦੇ ਰੰਗ ਨੂੰ ਸਥਾਨਕ ਮੁੱਖ-ਧਾਰਾ ਕਦੇ ਵੀ ਸਭਿਅਕ 'ਤੇ ਵਿਕਸਿਤ ਮਨੁੱਖ ਦੀ ਚੰਮੜੀ ਦੇ ਰੰਗ ਵਜੋਂ ਪਰਵਾਨ ਨਹੀਂ ਕਰ ਸਕਦੀ। ਸਿੱਟੇ ਵਜੋਂ ਉਹਨਾਂ ਵਿਚੋਂ ਕੁਝ ਅਜਨਬੀਅਤ ਦੀ ਜੂਨ ਭੋਗ ਰਹੇ ਹਨ। ਦੋਹਾਂ ਪੁਸ਼ਤਾਂ ਵਿਚ ਇਸ ਅਜਨਬੀਅਤ ਦੇ ਸਿੱਟੇ ਵਜੋਂ ਪਾਗ਼ਲਪਨ, ਨੀਮ-ਪਾਗ਼ਲਪਨ ਅਤੇ ਹੋਰ ਸਰੀਰਕ ਤੇ ਮਾਨਸਿਕ ਬਿਮਾਰੀਆਂ ਰੂਪਮਾਨ ਹੋ ਰਹੀਆਂ ਹਨ।

ਔਰਤ ਦੇ ਆਰਥਕ ਜੀਵਨ ਵਿਚ ਪ੍ਰਵੇਸ਼ ਦਾ ਜ਼ਿਕਰ ਤਾਂ ਅਸੀਂ ਪਹਿਲਾਂ ਹੀ ਕਰ ਆਏ ਹਾਂ, ਪਰ ਇਸ ਪ੍ਰਵੇਸ਼ ਦੇ ਸਿੱਟਿਆਂ ਦਾ ਅਧਿਐਨ ਅਸਾਂ ਆਰਜ਼ੀ ਤੌਰ ਤੇ ਮੁਲਤਵੀ ਕਰ ਦਿਤਾ ਸੀ। ਪੰਜਾਬੀ ਔਰਤ, ਜਹਾਜ਼ੋਂ ਲੱਥਦੀ ਹੀ ਫ਼ੈਕਟਰੀ ਵਿਚ

ਕੰਮ ਉਤੇ ਜਾ ਲੱਗੀ ਸੀ, ਪਰ ਉਸ ਦੀ ਮਾਨਸਿਕਤਾ ਰਾਤੋ ਰਾਤ ਨਹੀਂ ਸੀ ਬਦਲ ਸਕਦੀ। ਉਹਦਾ ਆਰਥਕ ਪੱਖ ਤਾਂ ਬਦਲ ਗਿਆ ਸੀ ਪਰ ਸਭਿਆਚਾਰ ਦੇ ਬਾਕੀ ਪੱਖ ਅਜੇ ਨਹੀਂ ਸਨ ਬਦਲੇ; ਅਤੇ ਇਸ ਨਾਲ ਪੰਜਾਬੀ ਸਭਿਆਚਾਰਕ ਢਾਂਚੇ ਵਿਚ ਇਕ ਅਸੰਤੁਲਨ ਦੀ ਅਵਸਥਾ ਪੈਦਾ ਹੋ ਗਈ। ਪਦਾਰਥਕ ਪੱਖ ਦੇ ਬਦਲਣ ਨਾਲ ਪ੍ਰਤਿਮਾਨਕ 'ਤੇ ਬੋਧਾਤਮਿਕ ਪੱਖ ਖਿਚਾਅ ਵਿਚ ਆ ਗਏ ਕਿਉਂਕਿ ਸਭਿਆਚਾਰ ਦੇ ਸਾਰੇ ਅੰਗਾਂ ਵਿਚ ਤਬਦੀਲੀ ਇਕਸਾਰ ਨਹੀਂ ਸੀ ਵਾਪਰੀ। ਅਸੰਤੁਲਨ ਦੀ ਇਸ ਹਾਲਤ ਜਾਂ ਪਛੜੇਵੇਂ ਨੇ ਕਈਆਂ ਸੰਕਟਾਂ ਨੂੰ ਜਨਮ ਦਿਤਾ। ਨਾ ਸਿਰਫ਼ ਔਰਤ ਹੀ ਬਲਕਿ ਪੰਜਾਬੀ ਮਰਦ ਵੀ ਪਦਾਰਥਕ ਪ੍ਰਾਪਤੀਆਂ ਦੀ ਗਤੀ ਅਨੁਸਾਰ ਆਪਣੇ ਪ੍ਰਤਿਮਾਨਾਂ ਅਤੇ ਬੋਧ ਵਿਚ ਪਰਿਵਰਤਨ ਪੈਦਾ ਨਾ ਕਰ ਸਕਿਆ। ਸਿੱਟਾ, ਘਰਾਂ ਦੇ ਟੁੱਟਣ ਵਿਚ, ਪਰਿਵਾਰਕ ਜੀਵਨ ਦੇ ਵਿਘਟਨ ਵਿਚ, ਤਲਾਕਾਂ ਵਿਚ ਅਤੇ ਅੰਤਮ ਅਵਸਥਾ ਵਿਚ ਇਕ-ਮਾਪਾ ਟੱਬਰਾਂ ਤੀਕਰ ਟੁੱਟ ਜਾਣ ਵਿਚ ਹੋਇਆ। ਨਿਰਣੇ ਹੀ ਇਸ ਦਾ ਪ੍ਰਭਾਵ ਔਲਾਦ ਉਤੇ ਸ਼ਕਤੀਸ਼ਾਲੀ ਰੂਪ ਵਿਚ ਪ੍ਰਤਿਬਿੰਬਤ ਹੋਇਆ। ਇਹਨਾਂ ਟੁੱਟ ਚੁੱਕੇ ਟੱਬਰਾਂ ਦੇ ਮੈਂਬਰ ਕਿੱਥੇ ਕਿੱਥੇ ਧੱਕੇ ਖਾਂਦੇ ਫਿਰਦੇ ਹਨ, ਇਹ ਆਪਣੇ ਆਪ ਵਿਚ ਹੀ ਇਕ ਵੱਖਰਾ ਮਜ਼ਮੂਨ ਹੈ।

ਜਿਉਂ ਜਿਉਂ ਔਰਤ ਦੀ ਚੇਤਨਾ ਨਵੀਆਂ ਪਰਿਸਥਿਤੀਆਂ ਅਨੁਸਾਰ ਵਿਕਸਿਤ ਹੋਈ, ਤੇ ਇੰਗਲਿਸ਼ ਐਜ਼ ਸੈਕੰਡ ਲੈਂਗੁਏਜ਼ (E.S.L.) ਦੀਆਂ ਕਲਾਸਾਂ ਰਾਹੀਂ ਸੰਚਾਰ ਸੰਭਵ ਹੋ ਸਕਿਆ, ਉਹਨੇ ਆਪਣੇ ਹੱਕਾਂ ਦੀ ਬਹਾਲੀ ਲਈ ਘੋਲ ਵੀ ਲੜੇ, ਔਰਤਾਂ ਦੀਆਂ ਮਜ਼ਦੂਰ ਜੱਥੇਬੰਦੀਆਂ ਨੂੰ ਕਾਨੂੰਨੀ ਮਾਨਤਾ ਵੀ ਦਵਾਈ ਅਤੇ ਇਹਨਾਂ ਸੰਘਰਸ਼ਾਂ ਵਿਚੋਂ ਜੇਤੂ ਹੋ ਕੇ ਨਿਕਲੀਆਂ। ਮਿੱਡਲੈਂਡ ਦੀਆਂ ਭਾਰਤੀ ਤੇ ਪਾਕਿਸਤਾਨੀ ਟੈਕਸਟਾਈਲ-ਫਰਮਾਂ ਵਿਚ ਜਿੱਥੇ ਉਹ ਪੁਸ਼ਾਕਾਂ ਸਿਊਣ ਦਾ ਕੰਮ ਕਰਦੀਆਂ ਸਨ, ਉਹਨਾਂ ਨੂੰ ਸਰਕਾਰੀ ਮਨਜ਼ੂਰਸ਼ੁਦਾ ਵੇਤਨ ਦਾ ਚੌਥਾ ਹਿੱਸਾ ਮਿਲਦਾ ਸੀ। ਸਰਕਾਰੀ ਵੇਤਨ ਦੋ ਪੌਂਡ ਪ੍ਰਤੀ ਘੰਟੇ ਦੇ ਕਰੀਬ ਸੀ ਪਰ ਇਹ ਦੇਸੀ ਕਾਰਖ਼ਾਨੇਦਾਰ ਉਹਨਾਂ ਨੂੰ ਪੰਜਾਹ ਪੈਨੀਆਂ ਘੰਟੇ ਦੀਆਂ ਦੇਂਦੇ ਸਨ। ਭਾਰਤੀ ਕਮਿਊਨਿਸਟਾਂ ਦੀ ਸਥਾਨਕ ਜੱਥੇਬੰਦੀ ਨੂੰ ਨਾਲ ਲੈ ਕੇ ਇਹਨਾਂ ਔਰਤਾਂ ਨੇ ਕਈ ਮਹੀਨੇ ਲਗਾਤਾਰ ਘੋਲ ਕੀਤਾ ਅਤੇ ਅੰਤ ਆਪਣੇ ਹੱਕ ਵੀ ਪ੍ਰਾਪਤ ਕਰ ਲਏ ਅਤੇ ਮਜ਼ਦੂਰ ਯੂਨੀਅਨ ਵੀ ਬਣਾ ਲਈ। ਇਹ ਤਾਂ ਕੇਵਲ ਇਕ ਮਿਸਾਲ ਹੈ। ਲੰਡਨ ਦੀ ਗਰੱਨਵਿੱਕ ਫੈਕਟਰੀ ਦੀ ਹੜਤਾਲ ਬੜੀ ਵੱਡੀ ਸਕੇਲ 'ਤੇ ਸੀ। ਚੇਤਨ ਪੰਜਾਬੀ ਔਰਤਾਂ ਨੇ ਬਾਕੀ ਦੀਆਂ ਸਾਥਣਾਂ ਨਾਲ ਮਿਲ ਕੇ ਹੋਰ ਵੀ ਕਈ ਮਜ਼ਦੂਰ ਸੰਘਰਸ਼ ਰਾਸ਼ਟਰੀ ਪੱਧਰ 'ਤੇ ਲੜੇ ਅਤੇ ਜੇਤੂ ਹੋਈਆਂ ਹਨ।

ਪਰ ਪਰਿਵਾਰ ਦੀ ਟੁੱਟ-ਭੱਜ ਅਤੇ ਬੱਚਿਆਂ ਦੇ ਵਿਅਕਤੀ-ਅਜ਼ਾਦੀ ਦੇ ਸੰਕਲਪ ਸਾਹਮਣੇ ਉਹ ਕੁਝ ਨਹੀਂ ਸਨ ਕਰ ਸਕਦੀਆਂ। ਇਹ ਗੱਲਾਂ ਮੁੱਖ ਰੂਪ ਵਿਚ ਪੂੰਜੀਵਾਦੀ ਪ੍ਰਬੰਧ ਦੀ ਲਾਜ਼ਮੀ ਦੇਣ ਹਨ। ਸਾਧਾਰਨ ਗੋਰਾ ਮਜ਼ਦੂਰ ਆਪਣੀ ਅਸੀਮ ਲੁੱਟ ਦੇ ਬਾਵਜੂਦ ਅਜੇ ਸਿਸਟਮ ਨੂੰ ਬਦਲ ਦੇਣ ਦੀ ਚੇਤਨਾ ਤੋਂ ਵਿਰਵਾ ਹੈ। ਉਸ ਨੂੰ

ਆਪਣੇ ਦੇਸ਼ ਦੇ ਹਾਕਮਾਂ ਵਾਂਗੂੰ ਅਤੀਤ ਸਦਾ ਪਿਆਰਾ ਲਗਦਾ ਹੈ। ਭਵਿੱਖ ਤੋਂ ਉਹਨੂੰ ਡਰ ਆਉਂਦਾ ਹੈ। ਸਰਕਾਰ ਮਜ਼ਦੂਰ ਜੱਥੇਬੰਦੀਆਂ ਨੂੰ ਖ਼ਤਮ ਕਰਨ ਤੇ ਤੁਲੀ ਹੋਈ ਹੈ। ਕੋਲਾ-ਮਜ਼ਦੂਰਾਂ ਦੀ ਲੰਮੀ ਹੜਤਾਲ ਅਤੇ ਅੰਤ ਹਾਰ ਦਾ ਦ੍ਰਿਸ਼ ਸਾਡੇ ਸਾਹਮਣੇ ਹੈ। ਲੰਡਨ ਦੀ ਫਲੀਟ ਸਟਰੀਟ ਵਿਚ ਪ੍ਰਿੰਟ-ਯੂਨੀਅਨ ਨਾਲ ਜੋ ਬੀਤ ਰਿਹਾ ਹੈ, ਉਸ ਤੋਂ ਕੋਈ ਅਗਿਆਨੀ ਨਹੀਂ। ਪਰਾਈਵੇਟਾਈਜ਼ੇਸ਼ਨ ਹਰ ਖੇਤਰ ਵਿਚ ਘਰ ਕਰੀ ਜਾ ਰਿਹਾ ਹੈ। ਕੇਂਦਰ ਸਰਕਾਰ ਹਰੇਕ ਖੇਤਰ ਦੇ ਮੁੱਖ ਸਰੋਕਾਰਾਂ ਨੂੰ ਨਿੱਜੀ ਮਾਲਕੀ ਥੱਲੇ ਲਿਆ ਰਹੀ ਹੈ।

ਜਿਉਂ ਜਿਉਂ ਆਰਥਕ ਸੰਕਟ (ਪੂੰਜੀਵਾਦ ਦੀ ਅੰਤਮ ਹੋਣੀ ਦਾ ਵਿਸ਼ੇਸ਼ ਕਿਰਦਾਰ) ਡੂੰਘਾ ਹੋ ਰਿਹਾ ਹੈ, ਸਾਧਾਰਨ ਅਚੇਤਨ ਅੰਗਰੇਜ਼ ਦਾ ਕਾਲੇ ਮਜ਼ਦੂਰਾਂ ਪ੍ਰਤੀ ਵਤੀਰਾ ਭੈੜਾ ਅਤੇ ਵਾਧਵਾਂ ਹੋ ਰਿਹਾ ਹੈ। ਆਰਥਕ ਸੰਕਟ ਅਤੇ ਬੇਰੁਜ਼ਗਾਰੀ ਕਰਕੇ ਹੀ ਹਜ਼ਾਰਾਂ ਪੰਜਾਬੀ ਨੌਜਵਾਨ ਚੋਰੀਆਂ ਕਰ ਅਤੇ ਡਾਕੇ ਮਾਰ ਰਹੇ ਹਨ। ਏਦੂੰ ਵਧੀਆ ਕੁਝ ਕਰਨ ਲਈ ਉਹਨਾਂ ਕੋਲ ਹੈ ਨਹੀਂ। ਪੁਲੀਸ ਦਾ ਰੋਲ ਹੋਰ ਘਿਨਾਉਣਾ ਹੋ ਰਿਹਾ ਹੈ। ਦਰਅਸਲ, ਬ੍ਰਤਾਨੀਆਂ ਹੁਣ ਪੁਲੀਸ-ਸਟੇਟ ਦਾ ਬਦਲ ਹੋ ਨਿਬੜਿਆ ਹੈ। ਸਿੱਟੇ ਬੜੇ ਭਿਆਨਕ ਨਿਕਲ ਸਕਦੇ ਹਨ, ਪਰ ਭਵਿੱਖਬਾਣੀ ਕਰਨੀ ਠੀਕ ਨਹੀਂ।

ਨਿਸ਼ਕਰਸ਼ :

ਬ੍ਰਤਾਨਵੀ ਪੰਜਾਬੀ ਕਹਾਣੀ ਦਾ ਇਤਿਹਾਸ ਬ੍ਰਤਾਨੀਆਂ ਵਿਚ ਪੰਜਾਬੀ ਲੋਕਾਂ ਦੀ ਪਰਵਾਸੀ ਚੇਤਨਾ ਦਾ ਹੀ ਇਤਿਹਾਸ ਹੈ। ਉਹ ਸਾਰੀਆਂ ਔਕੜਾਂ ਤੇ ਸਮੱਸਿਆਵਾਂ ਜਿਹੜੀਆਂ ਉਹਨਾਂ ਦੀ ਆਮਦ ਦੇ ਪਹਿਲੇ ਦਿਨ ਤੋਂ ਲੈ ਕੇ ਅੱਜ ਤੀਕਰ ਉਹਨਾਂ ਨੂੰ ਦਰਪੇਸ਼ ਰਹੀਆਂ ਹਨ, ਨੂੰ ਹੀ ਪੰਜਾਬੀ ਕਹਾਣੀ ਨੇ ਅਭਿਵਿਅਕਤੀ ਦਿਤੀ ਹੈ। ਇਹਨਾਂ, ਅਧਿਐਨ ਦੀਆਂ ਸਮੱਸਿਆਵਾਂ ਨੂੰ ਅਸੀਂ ਸੰਖਿਪਤ ਰੂਪ ਵਿਚ ਹੇਠ ਲਿਖੇ ਅਨੁਸਾਰ ਸੂਚੀਬੱਧ ਕਰ ਸਕਦੇ ਹਾਂ :

1. ਕੰਮ-ਕਾਰ ਦੀਆਂ ਸਮੱਸਿਆਵਾਂ : ਨਵੇਂ ਆਏ ਪਰਵਾਸੀਆਂ ਅੱਗੇ ਸਭ ਤੋਂ ਪਹਿਲੀ ਅਤੇ ਪ੍ਰਮੁੱਖ ਸਮੱਸਿਆ ਕੰਮ ਲੱਭਣ, ਕਰਨ ਅਤੇ ਪੈਸਾ ਪ੍ਰਾਪਤੀ ਦੀ ਹੀ ਰਹੀ ਹੈ। ਅੰਗਰੇਜ਼ੀ ਨਾ ਆਉਣ ਦੀ ਵਜ੍ਹਾ ਕਰਕੇ ਪਹਿਲਾਂ ਤਾਂ ਉਹਨਾਂ ਨੂੰ ਕੰਮ ਲੱਭਣ ਵਿਚ ਕਠਨਾਈ ਪੇਸ਼ ਆਉਂਦੀ ਸੀ, ਪਰ ਜੇਕਰ ਕਿਸੇ ਪੜ੍ਹੇ-ਲਿਖੇ ਜਾਂ ਫ਼ੋਰਮੈਨ ਨਾਲ ਰਾਬਤਾ ਰੱਖਣ ਵਾਲੇ ਭਾਈਬੰਦ ਦੀ ਸਹਾਇਤਾ ਨਾਲ ਕੰਮ ਮਿਲ ਵੀ ਜਾਂਦਾ ਸੀ ਤਾਂ ਉਹ ਬਹੁਤ ਗੰਦਾ, ਘੱਟ ਤਨਖਾਹ ਵਾਲਾ, ਕੰਮ ਦੀਆਂ ਗ਼ੈਰ-ਮਨੁੱਖੀ ਹਾਲਤਾਂ ਵਾਲਾ ਹੁੰਦਾ ਸੀ। ਅਜਿਹਾ ਕੰਮ ਕਰਨ ਨਾਲ ਉਹਨਾਂ ਦੀ ਅਣਖ ਨੂੰ ਸੱਟ ਤਾਂ ਵਜਦੀ ਹੀ ਸੀ ਪਰ ਨਾਲ ਹੀ ਵੱਖਰੀ ਸੰਸਕ੍ਰਿਤੀ ਨੂੰ ਆਮ ਗੋਰੇ ਲੋਕ ਹਿਕਾਰਤ ਦੀ ਨਜ਼ਰ ਨਾਲ ਵੇਖਦੇ ਸਨ। ਕਈ ਵਾਰੀ ਫ਼ੋਰਮੈਨਾਂ ਨੂੰ ਰਿਸ਼ਵਤ ਦੇ ਕੇ ਹੀ ਕੰਮ ਮਿਲਦਾ ਸੀ ਤੇ ਹਰ ਹਫ਼ਤੇ ਦੀ

ਤਨਖ਼ਾਹ ਦਾ ਕੁਝ ਹਿੱਸਾ ਫ਼ੋਰਮੈਨ ਜਾਂ ਕੰਮ ਦਵਾਉਣ ਵਾਲੇ ਦੀ ਭੇਂਟ ਵੀ ਚੜ੍ਹਦਾ ਸੀ। ਪ੍ਰਾਪਤ ਤਨਖਾਹ ਨਾਲ ਪਿੱਛੇ ਰਹਿ ਗਏ ਘਰਦਿਆਂ ਦੀਆਂ ਲੋੜਾਂ ਪੂਰੀਆਂ ਕਰਕੇ, ਆਪਣੇ ਪਰਵਾਸ ਦੀ ਹੋਂਦ ਨੂੰ ਕਾਇਮ ਰੱਖ ਕੇ, ਏਨਾ ਕੁ ਪੈਸਾ ਬਚਾਉਣਾ ਔਖਾ ਸੀ ਕਿ ਉਹ ਖੱਟ-ਕਮਾ ਕੇ ਵਾਪਸ ਜਾ ਸਕਦੇ, ਭਾਵੇਂ ਆਏ ਉਹ ਇਹੋ ਹੀ ਧਾਰ ਕੇ ਸਨ। ਸਿੱਟੇ ਵਜੋਂ ਰਜਵਾਂ ਓਵਰਟਾਈਮ ਹਾਸਿਲ ਕਰਨਾਂ ਤੇ ਬਾਰਾਂ-ਬਾਰਾਂ ਘੰਟਿਆਂ ਦੀਆਂ ਦੋ-ਦੋ ਸ਼ਿਫ਼ਟਾਂ ਲਾਉਣੀਆਂ ਹੀ ਉਹਨਾਂ ਲੋਕਾਂ ਦੀ ਕੰਮ-ਕਾਰ ਦੀ ਜ਼ਿੰਦਗੀ ਸੀ। ਇਹ ਕੰਮ ਉਹ ਸਨ ਜਿਹਨਾਂ ਨੂੰ ਗੋਰੇ ਲੋਕ ਕਰਨਾ ਪਸੰਦ ਨਹੀਂ ਸਨ ਕਰਦੇ। ਪਰ ਨਾਲ ਹੀ ਕੰਮ ਦੀਆਂ ਹਾਲਤਾਂ ਸੁਧਾਰਨ ਅਤੇ ਤਨਖਾਹ ਵਧਾਉਣ ਤੇ ਮਨੁੱਖੀ-ਵਰਤਾਉ ਹਾਸਿਲ ਕਰਨ ਦੇ ਸੰਦਰਭਾਂ ਵਿਚ ਰਵਾਇਤੀ ਮਜ਼ਦੂਰ ਜੱਥੇਬੰਦੀਆਂ ਇਹਨਾਂ ਲੋਕਾਂ ਦੀ ਕੋਈ ਮਦਦ ਨਹੀਂ ਸਨ ਕਰਦੀਆਂ। ਇਹਨਾਂ ਹੀ ਕਾਰਨਾਂ ਕਰਕੇ ਭਾਰਤੀ ਤੇ ਪਾਕਿਸਤਾਨੀ ਮਜ਼ਦੂਰ ਸਭਾਵਾਂ ਵਜੂਦ ਵਿਚ ਆਈਆਂ, ਤੇ ਉਹਨਾਂ ਨੇ ਏਸ਼ੀਅਨ ਮਜ਼ਦੂਰਾਂ ਲਈ ਡਟਵਾਂ ਕੰਮ ਕੀਤਾ।

2. ਰਿਹਾਇਸ਼ ਦੀਆਂ ਸਮੱਸਿਆਵਾਂ : ਗੋਰੇ ਲੋਕ ਭਾਰਤੀਆਂ ਤੇ ਪਾਕਿਸਤਾਨੀਆਂ ਨੂੰ ਕਮਰੇ ਕਿਰਾਏ ਤੇ ਨਹੀਂ ਸਨ ਦੇਂਦੇ, ਤੇ ਨਾ ਹੀ ਸਰਕਾਰ ਅਤੇ ਨਾ ਹੀ ਫੈਕਟਰੀ ਦੇ ਪ੍ਰਬੰਧਕ ਭਾਰਤੀਆਂ ਤੇ ਪਾਕਿਸਤਾਨੀਆਂ ਦੀ ਇਸ ਸਮੱਸਿਆ ਵੱਲ ਕੋਈ ਧਿਆਨ ਦੇਂਦੇ ਸਨ। ਅਖੀਰ ਕੁਝ ਲੋਕ ਇਕੱਠੇ ਹੋ ਕੇ, ਪੈਸੇ 'ਪੂਲ' ਕਰਕੇ ਇਕ ਅੱਧ ਮਕਾਨ ਲੈ ਲੈਂਦੇ ਤੇ ਉਸ ਵਿਚ 25-25 ਬੰਦੇ ਵਾੜ ਦੇਂਦੇ। ਉਹ ਦਿਨ ਬਿਲਕੁਲ ਕਸ਼ਮੀਰੀ ਹਾਤੋਆਂ ਦੇ ਪੰਜਾਬ ਵਿਚ ਰਹਿਣ ਵਰਗੇ ਦਿਨ ਸਨ। ਨਵੇਂ ਆਏ ਬੰਦੇ ਨੂੰ ਰਿਹਾਇਸ਼ ਤੇ ਰੋਟੀ-ਪਾਣੀ ਪ੍ਰਦਾਨ ਕਰਨਾ ਇਹ ਲੋਕ ਆਪਣਾ ਫਰਜ਼ ਸਮਝਦੇ ਸਨ ਤੇ ਉਸ ਲਈ ਕੰਮ ਦਾ ਬੰਦੋਬਸਤ ਵੀ ਕਰਦੇ ਸਨ। ਇਹ ਘਰ ਆਮ ਕਰਕੇ ਉਹਨਾਂ ਇਲਾਕਿਆਂ ਵਿਚ ਹੀ ਖ਼ਰੀਦੇ ਜਾਂਦੇ ਸਨ ਜਿਹੜੇ ਪਹਿਲੀ ਵਿਸ਼ਵ ਜੰਗ ਤੋਂ ਪਹਿਲਾਂ ਦੇ ਬਣੇ ਹੋਣ ਕਰਕੇ ਢਹਿਣ-ਯੋਗ ਸਨ। ਬਹੁਤੇ ਆਦਮੀਆਂ ਦੇ ਵੱਸਣ ਕਰਕੇ ਸਥਾਨਕ ਸਰਕਾਰਾਂ ਵੀ ਕੋਈ ਯੋਗ ਪ੍ਰਬੰਧ ਕਰਨ ਦੀ ਬਜਾਏ ਇਹਨਾਂ ਨੂੰ ਹੀ ਤੰਗ ਕਰਦੀਆਂ ਸਨ।

ਜਿਹੜੇ ਲੋਕ, ਪਹਿਲਾਂ ਆਪ ਕਿਰਾਏਦਾਰ ਰਹਿ ਕੇ ਲੈਂਡ-ਲੇਡੀਆਂ ਅਤੇ ਲੈਂਡ-ਲਾਰਡਾਂ ਦੇ ਜ਼ੁਲਮ ਦਾ ਸ਼ਿਕਾਰ ਰਹੇ ਸਨ, ਮਕਾਨ ਲੈਣ ਪਿਛੋਂ ਉਹ ਆਪਣੇ ਕਿਰਾਏਦਾਰਾਂ ਨੂੰ ਉਂਜ ਹੀ ਤੰਗ ਕਰਨ ਲਗ ਪਏ। ਕਾਰਨ, ਦਰਅਸਲ, ਇਹ ਸੀ ਕਿ ਸੀਮਤ ਆਮਦਨ ਕਰਕੇ ਉਹਨਾਂ ਨੂੰ ਮਕਾਨ ਦਾ ਕੁਝ ਹਿੱਸਾ ਕਿਰਾਏ ਉਤੇ ਤਾਂ ਚੜ੍ਹਾਉਣਾ ਹੀ ਪੈਂਦਾ ਸੀ, ਪਰ ਨਾਈਟ-ਸ਼ਿਫਟਾਂ ਤੇ ਕੰਮ ਕਰਨ ਕਰਕੇ ਜੇ ਦਿਨ ਵੇਲੇ ਕਿਸੇ ਬੱਚੇ ਦੇ ਰੋਣ ਕਰਕੇ ਉਹਨਾਂ ਦੀ ਜਾਗ ਖੁੱਲ੍ਹ ਜਾਂਦੀ ਤਾਂ ਆਉਣ ਵਾਲੀ ਰਾਤ ਦਾ ਕਿਆਸ ਕਰਕੇ ਹੀ ਉਹ ਕੰਬ ਜਾਂਦੇ ਅਤੇ ਕਿਰਾਏਦਾਰਾਂ ਨਾਲ ਔਖੇ-ਸੌਖੇ ਹੋਣ ਲਗ ਪੈਂਦੇ ਸਨ।

3. ਝੁਹੇਰਵੇ ਦੀ ਸਮੱਸਿਆ : ਪ੍ਰਤਿਕੂਲ ਹਾਲਤਾਂ ਵਿਚ ਪ੍ਰਤਿਕੂਲ ਕੰਮ ਕਰਦਿਆਂ ਤੇ ਪਿੱਛੇ ਰਹਿ ਗਏ ਪਿੰਡ, ਭਰਾਵਾਂ, ਜੀਵਨ-ਕੀਮਤਾਂ, ਸਰਦਾਰੀਆਂ ਦੀਆਂ ਸਿਮਰਤੀਆਂ ਨਾਲ ਇਹ ਲੋਕ ਓਦਰ ਜਾਂਦੇ, ਭਾਵੁਕ ਹੁੰਦੇ, ਰੋਂਦੇ-ਕੁਰਲਾਉਂਦੇ ਤੇ ਅਤੀਤ ਨੂੰ ਯਾਦ ਕਰਕੇ ਝੂਰਦੇ ਸਨ। ਝੁਹੇਰਵੇ ਦੀ ਇਹ ਬਿਮਾਰੀ ਮੱਧ-ਕਿਸਾਣੀ ਵਾਲੇ ਪਰਵਾਸੀਆਂ ਨੂੰ ਵਧੇਰੇ ਲੱਗੀ ਜਦੋਂ ਕਿ ਨਿੱਕੀਆਂ ਜਮਾਤਾਂ 'ਚੋਂ ਆਉਣ ਵਾਲਿਆਂ ਨੂੰ ਘੱਟ।

4. ਨਸਲਵਾਦ ਦੀ ਸਮੱਸਿਆ : ਭਿੰਨ ਸਭਿਆਚਾਰ ਤੋਂ ਬਿਨਾਂ ਬਸਤੀਆਂ 'ਚੋਂ ਆਏ ਹੋਣ ਕਰਕੇ ਸਾਧਾਰਨ ਅੰਗਰੇਜ਼ ਇਹਨਾਂ ਨੂੰ ਅਜੇ ਵੀ ਗ਼ੁਲਾਮ ਹੀ ਸਮਝਦਾ ਸੀ। ਸਿੱਟੇ ਵਜੋਂ ਫੈਕਟਰੀ ਵਿਚ, ਸੜਕਾਂ ਉਤੇ ਅਤੇ ਰਿਹਾਇਸ਼-ਗਾਹਾਂ ਦੇ ਆਲੇ-ਦੁਆਲੇ ਦੇ ਲੋਕ ਇਹਨਾਂ ਲੋਕਾਂ ਨੂੰ ਘਟੀਆ, ਅਨਪੜ੍ਹ, ਜਾਹਲ, ਗ਼ੁਲਾਮ ਆਦਿ ਸਮਝਦੇ ਅਤੇ ਨਫਰਤ ਕਰਦੇ ਸਨ। ਇਸ ਹਾਲਤ ਵਿਚ ਦੇਸ਼ ਅਤੇ ਅਤੀਤ ਲਈ ਝੁਹੇਰਵਾ ਹੋਰ ਵਧਦਾ ਸੀ। ਨਸਲਵਾਦੀ ਗ੍ਰੋਹ, ਇਹਨਾਂ ਨੂੰ ਕੁੱਟਦੇ-ਮਾਰਦੇ ਤੇ ਕੱਲੇ-ਦੁਕੱਲੇ ਨੂੰ ਫੜ ਕੇ ਕਤਲ ਵੀ ਕਰ ਦੇਂਦੇ ਸਨ। ਸਿੱਟੇ ਵਜੋਂ ਇਕੱਠਿਆਂ ਰਹਿਣਾ ਇਹਨਾਂ ਲੋਕਾ ਦੀ ਸੁਤੰਤਰ ਚੋਣ ਨਹੀਂ ਮਜਬੂਰੀ ਬਣ ਗਿਆ ਸੀ। ਸਰਕਾਰੀ ਅਦਾਰੇ ਵੀ ਸੰਸਥਾਗਤ ਰੂਪ ਵਿਚ ਇਹਨਾਂ ਲੋਕਾਂ ਦੇ ਖਿਲਾਫ ਕਰੜੇ ਕਾਨੂੰਨ ਬਣਾਉਂਦੇ ਸਨ ਜਿਸ ਨਾਲ ਆਮ ਗੋਰਾ ਮਨੁੱਖ ਇਹਨਾਂ ਨੂੰ ਨਸਲਵਾਦੀ ਨਫ਼ਰਤ ਕਰਨ ਨੂੰ ਠੀਕ ਹੀ ਸਮਝਦਾ ਸੀ।

5. ਸਭਿਆਚਾਰਕ ਸਮੱਸਿਆਵਾਂ : ਵੱਖਰੇ ਸਭਿਆਚਾਰ ਵਿਚ ਆਣ ਕੇ ਪਰਵਾਸੀ ਲੋਕ ਨਾ ਕੇਵਲ ਹੈਰਾਨ ਤੇ ਹੱਕੇ-ਬੱਕੇ ਹੋ ਕੇ ਗੋਰੇ ਲੋਕਾਂ ਦੀਆਂ ਗਤੀਵਿਧੀਆਂ ਨੂੰ ਵੇਖਦੇ ਸਨ ਬਲਕਿ ਆਪਣੇ ਸਭਿਆਚਾਰ ਤੇ ਨਿੱਤ ਹਮਲਿਆਂ ਕਾਰਨ ਤਣਾਉ ਦੀ ਸਥਿਤੀ ਵਿਚੋਂ ਗੁਜ਼ਰਦੇ ਸਨ। ਗੱਲ ਕੇਵਲ ਪਦਾਰਥਕ ਪ੍ਰਾਪਤੀਆਂ ਤੱਕ ਹੀ ਸੀਮਤ ਨਾ ਰਹਿ ਕੇ, ਇਹਨਾਂ ਦੇ ਸਭਿਆਚਾਰਕ ਪ੍ਰਤਿਮਾਨਾਂ ਤੇ ਵੀ ਮਾਰੂ ਪਰਹਾਰ ਕਰਦੀ ਸੀ, ਇਸ ਲਈ ਇਹ ਲੋਕ ਹੋਰ ਵਿਜੋਗੇ ਜਾਂਦੇ ਸਨ। ਬਾਅਦ ਵਿਚ ਨਸਲਵਾਦੀਆਂ ਹੱਥੋਂ ਤੰਗ ਆ ਕੇ ਜਦੋਂ ਇਹ ਲੋਕ ਕੁਝ ਇਲਾਕਿਆਂ ਵਿਚ ਇਕੱਠੇ ਹੋ ਕੇ ਰਹਿਣ ਲੱਗੇ ਤਾਂ ਕੁਝ ਹੱਦ ਤੱਕ ਇਸ ਸਭਿਆਚਾਰਕ ਤਣਾਉ ਤੋਂ ਮੁਕਤ ਵੀ ਹੋਏ, ਪਰ ਇਹ ਅਮਲ ਵੀ ਕੇਵਲ ਦੂਜੀ ਪੀੜ੍ਹੀ ਦੇ ਜਵਾਨ ਹੋਣ ਤੱਕ ਹੀ ਸੀਮਤ ਸੀ। ਇਹਨਾਂ ਪਰਵਾਸੀਆਂ ਦੀਆਂ ਸਭਿਆਚਾਰਕ/ਸਾਮਾਜਿਕ ਮਾਨਤਾਵਾਂ, ਸਥਾਪਨਾਵਾਂ ਦਾ ਮੁੱਖ-ਸਭਿਆਚਾਰ ਦੇ ਹਮਲੇ ਅੱਗੇ ਹੌਲੀ ਹੌਲੀ ਖੁਰ ਜਾਣਾ ਇਹਨਾਂ ਲਈ ਆਤੰਕ-ਭਰਿਆ ਤੇ ਤੋੜ ਦੇਣ ਵਾਲਾ ਅਨੁਭਵ ਸੀ।

6. ਪੀੜ੍ਹੀ-ਪਾੜਾ : ਦੂਜੀ ਪੁਸ਼ਤ ਦੇ ਜਵਾਨ ਹੋਣ ਨਾਲ ਗੱਲ ਹੋਰ ਵੀ ਗੰਭੀਰ ਹੋ ਗਈ ਕਿਉਂਕਿ ਦੂਜੀ ਪੁਸ਼ਤ ਨੇ ਵਲੈਤ ਵਿਚ ਜੰਮ, ਪੜ੍ਹ-ਲਿਖ ਕੇ ਤੇ

ਤਰਬੀਅਤ ਹਾਸਿਲ ਕਰਕੇ ਇਥੋਂ ਦੀਆਂ ਜੀਵਨ-ਕੀਮਤਾਂ ਨੂੰ ਅਪਣਾ ਲਿਆ ਸੀ, ਤੇ ਪਰਵਾਸੀ ਲੋਕਾਂ ਨੂੰ ਮਹਿਸੂਸ ਹੋਇਆ ਕਿ ਉਹਨਾਂ ਦਾ ਲੋਕ ਵੀ ਗਿਆ ਤੇ ਪਰਲੋਕ ਵੀ ਗਿਆ। ਇਸ ਪੀੜ੍ਹੀ-ਪਾੜੇ ਦਾ ਮੁੱਖ ਆਧਾਰ ਸਭਿਆਚਾਰਕ ਅੰਤਰ ਹੋਣ ਕਰਕੇ ਇਹ ਸਾਧਾਰਨ ਕਿਸਮ ਦਾ ਪੀੜ੍ਹੀ-ਪਾੜਾ ਨਹੀਂ ਸੀ ਬਲਕਿ ਅਸਾਧਾਰਨ ਪੀੜ੍ਹੀ-ਪਾੜਾ ਸੀ। ਸਿੱਟੇ ਵਜੋਂ ਪਰਵਾਸੀਆਂ ਦੀਆਂ ਔਲਾਦਾਂ ਜਵਾਨ ਹੋ ਕੇ ਇਹਨਾਂ ਨੂੰ ਛੱਡ ਗਈਆਂ ਅਤੇ ਅੰਤਰ-ਸਭਿਆਚਾਰਕ ਵਿਆਹ ਕਰਵਾਉਣ ਲੱਗ ਪਈਆਂ। ਮੱਧ-ਸ਼੍ਰੇਣੀ ਮਾਨਸਿਕਤਾ ਤੇ ਇਹ ਹੋਰ ਵੀ ਵੱਡੀ ਸੱਟ ਸਾਬਤ ਹੋਈ। ਇਸ ਨਾਲ ਭੁਹੇਰਵਾ ਹੋਰ ਵਧਿਆ, ਕਲੇਸ਼ ਹੋਰ ਵਡੇਰਾ ਹੋਇਆ ਅਤੇ ਇਸੇ ਅਨੁਰੂਪ ਮਾਨਸਿਕ ਬਿਮਾਰੀਆਂ ਵੀ ਵਧੀਆਂ।

7. ਉਪ੍ਰੋਕਤ ਤੋਂ ਬਿਨਾਂ ਵਿਆਹ-ਸਮੱਸਿਆਵਾਂ, ਦੂਜੇ ਦਰਜੇ ਦੇ ਸ਼ਹਿਰੀ ਹੋਣ ਦੀਆਂ ਸਮੱਸਿਆਵਾਂ, ਦੂਜੀ ਪੀੜ੍ਹੀ ਦੀਆਂ ਆਪਾ-ਪਛਾਣ ਦੀਆਂ ਸਮੱਸਿਆਵਾਂ, ਵਿਦਿਅਕ ਸਮੱਸਿਆਵਾਂ ਪਹਿਲੀ-ਪੀੜ੍ਹੀ ਦੀ ਦੁਚਿੱਤੀ ਵਾਲੀ ਸਥਿਤੀ (ਵਾਪਸ ਜਾਣ ਕਿ ਨਾ ਜਾਣ ਦੀ), ਪਿੱਛੇ ਖਰੀਦੇ ਸਿਆੜਾਂ ਦੀਆਂ ਸਮੱਸਿਆਵਾਂ, ਸਾਮੰਤੀ ਮਾਨਸਿਕਤਾ ਰਾਹੀਂ ਪੈਦਾ ਕੀਤੀਆਂ ਸਮੱਸਿਆਵਾਂ, ਯੋਨ-ਮੁੱਲਾਂ ਦੀਆਂ ਸਮੱਸਿਆਵਾਂ, ਪਿੱਛਲ-ਪੈਰੀਂ ਹੋ ਤੁਰਨ ਦੀਆਂ ਸਮੱਸਿਆਵਾਂ, ਦੂਜੀ-ਪੀੜ੍ਹੀ ਨੂੰ ਗੋਰੇ ਸੰਸਾਰ ਵਲੋਂ ਨਸਲਵਾਦੀ ਰਵੱਈਆ ਪ੍ਰਾਪਤ ਹੋਣ ਕਰਕੇ, ਉਹਨਾਂ ਦੇ ਵਿਦਰੋਹ ਅਤੇ ਮੁੱਠ-ਭੇੜਾਂ ਦੀਆਂ ਸਮੱਸਿਆਵਾਂ — ਇਹ ਸੈਆਂ ਹੀ ਸਮੱਸਿਆਵਾਂ ਹਨ ਜੋ ਪੰਜਾਬੀ ਸਾਹਿਤ ਦਾ ਵਿਸ਼ਾ-ਵਸਤੂ ਬਣੀਆਂ ਹਨ।

ਹਵਾਲੇ ਅਤੇ ਟਿੱਪਣੀਆਂ

1. ਰਚਨਾ : ਬ੍ਰਤਾਨਵੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ, ਅਪ੍ਰੈਲ 1983 (ਸੰ: ਸਵਰਨ ਚੰਦਨ), ਪੰਨਾ 10।
2. ਉਹੀ, ਸਫ਼ਾ 11
3. ਉਹੀ, ਸਫ਼ਾ 11
4. ਉਹੀ, ਸਫ਼ੇ 11-12
5. **SOUTHALL : Birth of a Black Community, p. 7**
6. **Marx/Engels, On Literature and Art, p. 130**

7. SOUTHALL : Birth of a Black Community, p. 7
8. Ibid, p. 8
9. Ibid, pp. 8-9
10. Ibid, p. 9
11. Ibid, p. 9
12. Ibid, p. 10
13. Ibid, pp. 12-13
14. Ibid, p. 13
15. Ibid, p. 13
16. Ibid, p. 24
17. ਹਰਬਖ਼ਸ਼ ਮਕਸੂਦਪੁਰੀ, ਬ੍ਰਤਾਨਵੀ ਪੰਜਾਬੀ ਕਹਾਣੀ ਦਾ ਵਿਸ਼ਾ-ਵਸਤੂ; ਰਚਨਾ : ਬ੍ਰਤਾਨਵੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ, ਅਪ੍ਰੈਲ 1983, ਸਫ਼ੇ 119-120 ।
18. SOUTHALL : Birth of a Black Community, p. 18
19. Ibid, p. 18
20. Afanasyev, Marxist Philosophy, p. 82
21. ਹਰਬਖ਼ਸ਼ ਮਕਸੂਦਪੁਰੀ, ਬ੍ਰਤਾਨਵੀ ਕਹਾਣੀ ਦਾ ਵਿਸ਼ਾ-ਵਸਤੂ; ਰਚਨਾ : ਬ੍ਰਤਾਨਵੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ (ਸੰ: ਸਵਰਨ ਚੰਦਨ) ਅਪ੍ਰੈਲ 1983, ਸਫ਼ਾ 120 ।
22. Southall : Birth of a Black Community; p. 32
23. Ibid, p. 46
24. Ibid, p. 46
25. Ibid, p. 33
26. Alan Swingwood, The Novel and Revolution, pp. 13-14.
27. ਹਰਬਖ਼ਸ਼ ਮਕਸੂਦਪੁਰੀ — ਬ੍ਰਤਾਨਵੀ ਪੰਜਾਬੀ ਕਹਾਣੀ ਦਾ ਵਿਸ਼ਾ-ਵਸਤੂ; ਰਚਨਾ : ਬ੍ਰਤਾਨਵੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ (ਸੰ: ਸਵਰਨ ਚੰਦਨ) ਅਪ੍ਰੈਲ 1983, ਸਫ਼ਾ 122 ।
28. Southall : Birth of a Black Community, p. 43
29. Ibid, p. 43

ਪੰਜਾਬ ਸਮੱਸਿਆ ਅਤੇ ਬ੍ਰਤਾਨਵੀ ਪੰਜਾਬੀ ਸਾਹਿਤ

ਵਰਤਮਾਨ ਦੌਰ ਦਾ ਸੰਸਾਰ ਏਨਾ ਸੁੰਗੜ ਗਿਆ ਹੈ ਕਿ ਇਸ ਦੇ ਕਿਸੇ ਇਕ ਖਿੱਤੇ ਵਿਚ ਬੀਤੀਆਂ ਘਟਨਾਵਾਂ ਦੇ ਪਰਤੌਂ ਨੂੰ ਇਸ ਦੇ ਬਾਕੀ ਖੇਤਰਾਂ ਵਿਚ ਦੂਜੇ ਹੀ ਦਿਨ ਵੇਖਿਆ, ਸੁਣਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਨਾ ਸਿਰਫ਼ ਏਹੋ ਹੀ, ਬਲਕਿ ਇਹ ਘਟਨਾਵਾਂ ਕਿਸੇ ਇਕ ਭੂਗੋਲਿਕ ਖੇਤਰ ਜਾਂ ਸਮਾਜ ਦੀ ਮਾਨਸਿਕਤਾ ਨਾ ਰਹਿ ਕੇ ਸਮੁੱਚੇ ਸੰਸਾਰ ਦੀ ਚੇਤਨਾ ਦਾ ਅੰਗ ਬਣ ਜਾਂਦੀਆਂ ਹਨ ਜਿਨ੍ਹਾਂ ਦਾ ਸੰਵੇਦਨਾਤਮਿਕ ਰੂਪਾਂਤਰਣ ਅਜਿਹੇ ਸਮਾਜ ਕਰਦੇ ਪ੍ਰਤੀਤ ਹੁੰਦੇ ਹਨ ਜਿਨ੍ਹਾਂ ਦਾ ਰਿਸ਼ਤਾ ਘਟਨਾ ਵਾਲੇ ਸਮਾਜਾਂ ਨਾਲ ਵਧੇਰੇ ਨੇੜਤਾ ਵਾਲਾ ਹੁੰਦਾ ਹੈ। ਅਜੋਕੇ ਵਿਕਸਿਤ ਸੰਚਾਰ-ਤੰਤਰੀ ਪ੍ਰਬੰਧ ਨੂੰ ਵੀ ਇਸੇ ਪ੍ਰਸੰਗ ਵਿਚ ਕਾਰਨ ਵਜੋਂ ਤੇ ਘਟਨਾ-ਘਟਿਤ-ਸਮਾਜਾਂ ਬਾਰੇ ਬਣਦੀ ਲੋਕ-ਰਾਏ ਨੂੰ ਕਾਰਜਾਂ ਵਜੋਂ ਸਮਝਿਆ ਜਾ ਸਕਦਾ ਹੈ।

ਇਸੇ ਅਨਰੂਪ ਹੀ ਪੰਜਾਬ ਸਮੱਸਿਆ ਬਾਰੇ ਸੰਸਾਰ-ਪ੍ਰਤਿਕ੍ਰਿਆ ਨੂੰ ਆਮ ਰੂਪ ਵਿਚ ਅਤੇ ਬਦੇਸ਼ੀਂ ਵੱਸੇ ਪੰਜਾਬੀਆਂ ਦੇ ਪ੍ਰਤਿਕਰਮਾਂ ਨੂੰ ਵਿਸ਼ੇਸ਼ ਰੂਪ ਵਿਚ ਵਿਚਾਰਿਆ ਜਾ ਸਕਦਾ ਹੈ। ਤੇ ਪ੍ਰਥਮ ਗੱਲ ਪੰਜਾਬ ਦੀ ਸਮੱਸਿਆ ਨੂੰ ਠੀਕ ਸੰਦਰਭ ਵਿਚ ਸਮਝਣ ਦੀ ਹੈ। ਪੰਜਾਬ ਸਸੱਸਿਆ ਦਾ ਮੁੱਖ ਆਧਾਰ ਉਹ ਸਮਾਜਕ ਤੇ ਆਰਥਕ ਸੰਬੰਧ ਹਨ ਜਿਨ੍ਹਾਂ ਵਿਚ ਪੰਜਾਬੀਆਂ ਨੂੰ ਪਹਿਲਾਂ ਆਪਸ ਵਿਚ ਅਤੇ ਫੇਰ ਕੇਂਦਰ ਨਾਲ ਬੱਝਣਾ ਪਿਆ। 1947 ਤੋਂ ਬਾਅਦਲਾ ਪੰਜਾਬ ਵੀ ਆਪਣੇ ਵਿਕਾਸ ਦੀਆਂ ਪਹਿਲੀਆਂ ਪੱਧਰਾਂ 'ਤੇ ਸਾਮੰਤੀ ਰਹਿੰਦ-ਖੂੰਹਦ ਦੇ ਰਿਸ਼ਤਿਆਂ ਵਿਚ ਹੀ ਬੱਝਾ ਰਿਹਾ। ਹਾਲਾਂਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਤਕਰੀਬਨ ਇਕ ਸੌ ਸਾਲਾਂ ਲਈ ਇਹ, ਅੰਗਰੇਜ਼ ਪੂੰਜੀਵਾਦ ਅਧੀਨ ਵੀ ਰਿਹਾ, ਪਰ ਇਸ ਦੇ ਉਤਪਾਦਨ ਦੇ ਢੰਗ ਤੇ ਰਿਸ਼ਤੇ ਮੂਲ ਰੂਪ ਵਿਚ ਸਾਮੰਤੀ ਹੀ ਰਹੇ। ਪੂੰਜੀਵਾਦੀ ਰਿਸ਼ਤੇ, ਸਾਮੰਤੀ ਰਿਸ਼ਤਿਆਂ ਦੀ ਅਗਲੀ ਪੱਧਰ ਹਨ, ਜਿਹੜੇ ਅਜੇ ਪੰਜਾਬ ਵਿਚ ਪੈਦਾ ਹੋਣੇ ਸਨ। 1947 ਤੋਂ ਕਾਫ਼ੀ ਪਿਛੋਂ ਭੂਮੀ-ਸੁਧਾਰ-ਕਾਨੂੰਨਾਂ ਰਾਹੀਂ ਪੰਜਾਬ ਦੀ ਭੂਪਵਾਦੀ ਬਣਤਰ ਵਿਚ ਕੁਝ ਸੁਧਾਰ ਕਰਨ ਦੇ ਯਤਨ ਕੀਤੇ ਗਏ, ਪਰ ਇਹ ਸੁਧਾਰ ਸਾਮੰਤੀ

ਕੀਮਤਾਂ ਨੂੰ ਜੜ੍ਹੋਂ ਨਾ ਉਖਾੜ ਸਕੇ। ਤੀਹ ਏਕੜ ਦੇ ਸੀਲਿੰਗ-ਐਕਟ ਦੇ ਬਾਵਜੂਦ ਵਿੰਗੇ-ਟੇਢੇ ਢੰਗਾਂ ਰਾਹੀਂ ਜ਼ਮੀਨ ਦਾ ਬਹੁਤਾ ਹਿੱਸਾ ਵੱਡੇ-ਵੱਡੇ ਸਰਦਾਰਾਂ ਦੇ ਕਬਜ਼ੇ ਵਿਚ ਹੀ ਰਿਹਾ। ਤੇ ਖੇਤੀ-ਉਤਪਾਦਨ ਦੇ ਆਧੁਨਿਕ ਸੰਦਾਂ ਦਾ ਇਸਤੇਮਾਲ ਸਰਦਾਰਾਂ ਦੀ ਇਹੋ ਜਮਾਤ ਹੀ ਕਰਦੀ ਤੇ ਉਤਪਾਦਨ ਵਧਾਉਂਦੀ ਰਹੀ, ਜਦੋਂ ਕਿ ਛੋਟੇ ਕਿਸਾਨ ਪਰੰਪਰਕ ਢੰਗਾਂ ਦੁਆਰਾ ਖੇਤੀ ਕਰਕੇ ਆਰਥਕ-ਨਿੱਘਾਰ ਦਾ ਸ਼ਿਕਾਰ ਹੁੰਦੇ ਰਹੇ। ਢੰਗਾਂ-ਵਸੀਲਿਆਂ ਦੀ ਅਣਹੋਂਦ ਤੇ ਭੂਮੀ ਦੀ ਘਾਟ ਛੋਟੇ ਕਿਸਾਨਾਂ ਦੇ ਪਰਿਵਾਰਾਂ ਲਈ ਪਿੰਡ ਛੱਡਣ ਤੇ ਸ਼ਹਿਰ ਜਾ ਕੇ ਮਿਹਨਤ-ਸ਼ਕਤੀ ਵੇਚਣ ਦਾ ਸਬੱਬ ਬਣੇ। ਪਰਿਵਾਰਾਂ ਦੇ ਵਧਣ ਨਾਲ ਪ੍ਰਾਪਤ ਭੂਮੀ ਦੀਆਂ ਵੰਡੀਆਂ, ਤੇ ਫੇਰ ਹੋਰ ਨਿੱਘਾਰ ਇਹਨਾਂ ਲੋਕਾਂ ਦੇ ਦੇਸ ਛੱਡਣ 'ਤੇ ਪ੍ਰਦੇਸੀ ਬਣਨ ਦੇ ਰੂਪ ਵਿਚ ਵੀ ਸਾਹਮਣੇ ਆਇਆ।

ਕਈ ਵਾਰੀ ਛੋਟੇ ਕਿਸਾਨਾਂ ਨੂੰ ਵੱਡੇ ਸਰਦਾਰਾਂ ਦੇ ਕੰਮੀ-ਕੰਮੀਣ ਬਣ ਕੇ ਵੀ ਕੰਮ ਕਰਨਾ ਪਿਆ ਜਿਸ ਨਾਲ ਉਹਨਾਂ ਦੇ ਜਾਤੀ-ਅਭਿਮਾਨ ਨੂੰ ਕਰਾਰੀ ਸੱਟ ਵੱਜੀ। ਸ਼ਹਿਰਾਂ ਵਿਚ ਪੂੰਜੀਵਾਦੀ ਸਨਅਤ ਦੀ ਘਾਟ ਉਹਨਾਂ ਦੇ ਪੈਰ ਨਾ ਲੱਗਣ ਦੇਂਦੀ, ਤੇ ਉਹ ਬਾਹਰਲੇ ਦੇਸ਼ਾਂ ਵੱਲ ਮੂੰਹ ਕਰਨ ਲੱਗੇ। ਹਰ ਇਨਕਲਾਬ ਦੀਆਂ ਪ੍ਰਾਪਤੀਆਂ ਵੀ ਕੁਦਰਤੀ ਤੌਰ ਤੇ ਵੱਡੇ ਕਿਸਾਨਾਂ ਦੀ ਝੋਲੀ ਵਿਚ ਹੀ ਪਈਆਂ : ਤੇ ਛੋਟਾ ਕਿਸਾਨ ਹੋਰ ਟੁੱਟ ਕੇ ਰਹਿ ਗਿਆ।

1947 ਤੋਂ ਪਹਿਲਾਂ ਤੇ ਕਾਫ਼ੀ ਸਮਾਂ ਬਾਅਦ ਤੱਕ, ਪੰਜਾਬ ਦਾ ਪਿੰਡ, ਇਕ ਸਵੈ-ਨਿਰਭਰ ਇਕਾਈ ਵਜੋਂ ਹੀ ਹੋਂਦਸ਼ੀਲ ਰਿਹਾ ਸੀ। ਪਰ ਫੇਰ ਹਰੇ ਇਨਕਲਾਬ ਤੋਂ ਬਾਅਦ ਵੱਡੀ ਕਿਸਾਣੀ ਦੀ ਸੰਪੰਨਸ਼ੀਲਤਾ ਭਾਵੇਂ ਪੰਜਾਬ ਵਿਚ ਕੋਈ ਵੱਡੀ ਸਨਅੱਤ ਤਾਂ ਨਾ ਉਸਾਰ ਸਕੀ (ਸਾਮੰਤੀ ਮਾਨਸਿਕ ਬਣਤਰ ਅਤੇ ਕੇਂਦਰ ਵਲੋਂ ਉਤਸ਼ਾਹਹੀਣਤਾ ਕਰਕੇ) ਪਰ ਉਹਨਾਂ ਨੇ ਮਹਾਂਨਗਰਾਂ ਵਿਚ ਬਣੇ ਮਾਲ ਦੀਆਂ ਮੰਡੀਆਂ ਉਸਾਰਨ ਵਿਚ ਕੋਈ ਕਸਰ ਨਾ ਛੱਡੀ। ਕਿਉਂਕਿ ਇਹ ਵਸਤਾਂ ਉਦਯੋਗਿਕ ਢੰਗ ਨਾਲ ਤਿਆਰ ਹੁੰਦੀਆਂ ਸਨ, ਇਸ ਲਈ ਇਹਨਾਂ ਦੀ ਕੀਮਤ-ਲਾਗਤ ਬਹੁਤ ਘਟ ਜਾਂਦੀ ਸੀ। ਇਸੇ ਅਨੁਰੂਪ ਇਹਨਾਂ ਦੀ ਕੀਮਤ-ਵੇਚ ਵੀ ਘੱਟ ਹੁੰਦੀ। ਸਿੱਟਾ ਪੇਂਡੂ ਕਾਰੀਗਰਾਂ ਦੇ ਆਰਥਕ-ਨਿੱਘਾਰ ਵਿਚ ਸਾਹਮਣੇ ਆਇਆ। ਤੇ ਇਹ ਕਾਰੀਗਰ ਵੀ ਆਪਣੀ ਉਪਜੀਵਕਾ ਲਈ ਬਾਹਰਲੇ ਦੇਸ਼ਾਂ ਵੱਲ ਮੂੰਹ ਕਰਨ ਲੱਗੇ। ਜੇ ਪੰਜਾਬ ਵਿਚ ਸਨਅੱਤ ਦੀ ਉਸਾਰੀ ਕੀਤੀ ਜਾਂਦੀ ਤਾਂ ਅਜਿਹੀਆਂ ਸਮਾਜਕ ਤਬਦੀਲੀਆਂ ਨਾ ਵਾਪਰਦੀਆਂ। ਇੱਥੇ ਹੀ ਸਟੇਟ-ਕੇਂਦਰ ਸੰਬੰਧਾਂ ਵਿਚ ਪਈ ਤ੍ਰੇੜ ਆ ਦਾਖਲ ਹੁੰਦੀ ਹੈ। ਕੇਂਦਰ ਦਾ ਮੁੱਖ ਮਕਸਦ ਪੰਜਾਬ-ਰਾਜ ਨੂੰ ਖੇਤੀ-ਉਤਪਾਦਨ ਦਾ ਸਰੋਤ ਰੱਖਣਾ ਹੀ ਸੀ। ਦੂਜੇ ਪਾਸੇ ਕੇਂਦਰ ਦੀ ਪਿੱਠ ਤੇ ਖੜ੍ਹੀ ਬੁਰਬੂਆਜ਼ੀ ਨੂੰ ਆਪਣਾ ਮਾਲ ਵੇਚਣ ਲਈ ਮੰਡੀਆਂ ਚਾਹੀਦੀਆਂ ਸਨ, ਤੇ ਉਹ ਵੀ ਕਦਾਚਿਤ ਨਹੀਂ ਸੀ ਚਾਹੁੰਦੀ ਕਿ ਪੰਜਾਬ ਦਾ ਸਨਅੱਤੀਕਰਣ ਹੋਵੇ। ਹਾਲਾਂਕਿ ਪੰਜਾਬ ਦਾ ਸਨਅੱਤੀਕਰਣ ਪੰਜਾਬ ਦੀ ਵੱਡੀ-ਕਿਸਾਣੀ ਦੇ ਹਿੱਤਾਂ ਦੇ ਅਨੁਕੂਲ ਨਹੀਂ ਸੀ, ਪਰ:

ਫੇਰ ਵੀ ਬਹੁਤ ਪਿਛੋਂ ਜਾ ਕੇ ਉਹਨਾਂ ਦੀ ਅਕਾਲੀ ਲੀਡਰਸ਼ਿਪ ਵਲੋਂ ਹੀ ਅਜਿਹਾ ਕਰਨ ਦੀ ਮੰਗ ਵੀ ਰੱਖੀ ਗਈ। ਕਿਉਂਕਿ ਹੁਣ ਸਵਾਲ ਭੂਮੀ-ਆਧਾਰਿਤ ਸਰਦਾਰੀਆਂ ਦਾ ਨਾ ਰਹਿ ਕੇ ਰਾਜਨੀਤਿਕ ਲੀਡਰਸ਼ਿਪ ਦਾ ਬਣ ਗਿਆ ਸੀ, ਤੇ ਏਸ ਕਾਰਜ ਲਈ ਪਿੰਡਾਂ-ਸ਼ਹਿਰਾਂ 'ਚੋਂ ਬਾਹਰਲੇ ਦੇਸ਼ਾਂ ਵੱਲ ਮੂੰਹ ਕਰਦੇ ਪੰਜਾਬੀਆਂ (ਖਾਸ ਕਰਕੇ ਸਿੱਖਾਂ) ਨੂੰ ਰੋਕਦਾ ਸੀ। ਪਰ ਅਜਿਹਾ ਹੋ ਨਹੀਂ ਸਕਿਆ। ਤੇ ਸਿੱਟੇ ਵਜੋਂ ਸਿੱਖ-ਬਹੁਸੰਮਤੀ ਵਾਲਾ ਜਿਹੜਾ ਪੰਜਾਬੀ ਸੂਬਾ ਬਣਿਆ ਉਹ ਏਨਾ ਸੀਮਤ ਅਤੇ ਛੋਟਾ ਸੀ ਕਿ ਅਕਾਲੀ ਲੀਡਰ ਆਪ ਇਸ ਪ੍ਰਾਪਤੀ ਬਾਰੇ ਸ਼ੱਕੀ ਸਨ। ਪੰਜਾਬ ਦੀ ਵੱਡੀ ਕਿਸਾਣੀ ਦਾ ਮੁੱਖ ਮਕਸਦ ਆਪਣੇ ਹਰਾਵਲ ਦਸਤੇ ਅਕਾਲੀ ਦਲ ਰਾਹੀਂ ਆਪਣੀ ਸੰਪੰਨ-ਸ਼ੀਲਤਾ ਨੂੰ ਰਾਜਨੀਤਕ ਰੁਤਬਾਸ਼ੀਲਤਾ ਵਿਚ ਪਰਿਵਰਤਿਤ ਕਰਨਾ ਸੀ। ਪਰ ਉਹਨਾਂ ਦੇ ਵੋਟ-ਬੈਂਕ ਦੀ ਅਲਪ-ਸੰਖਿਆ ਨੇ ਪੰਜਾਬ ਦੇ ਵਿਸਥਾਰ ਨੂੰ ਕੱਟ-ਵੱਢ ਕੇ ਬਹੁਤ ਹੀ ਛੋਟਾ ਕਰ ਦਿੱਤਾ। ਦੂਜੇ ਪਾਸੇ ਪੰਜਾਬ ਦਾ ਹਿੰਦੂ-ਤਬਕਾ ਆਪਣੇ ਹਿੱਤਾਂ ਨੂੰ ਕੇਂਦਰ ਦੇ ਹਿੰਦੂ-ਸ਼ਾਵਨਵਾਦ ਨਾਲ ਰਲਾ ਕੇ ਹੀ ਸੁਰੱਖਿਅਤ ਸਮਝਣ ਲੱਗਾ। ਸਿੱਟੇ ਵਜੋਂ ਉਹ ਬਾਹਰੀ ਉਤੇਜਨਾ ਕਾਰਨ ਆਪਣੀ ਬੋਲੀ ਪੰਜਾਬੀ ਤੋਂ ਹੀ ਮੁਨਕਰ ਹੋ ਗਿਆ। ਦਰਅਸਲ, ਇਹ ਪੰਜਾਬੀ ਸੂਬੇ ਦੀ ਜੰਗ ਗੁਰਦੁਆਰਿਆਂ 'ਚੋਂ ਨਹੀਂ ਪੰਜਾਬੀਆਂ ਦੇ ਕਿਸੇ ਸਾਂਝੇ ਮੰਚ ਤੋਂ ਲੜੀ ਜਾਣੀ ਚਾਹੀਦੀ ਸੀ, ਤੇ ਪੰਜਾਬ ਦੀਆਂ ਧਰਮ-ਨਿਰਪੇਖ ਪਾਰਟੀਆਂ ਨੂੰ ਇਸ ਕਾਰਜ ਦੀ ਪੂਰਤੀ ਲਈ ਅੱਗੇ ਆਉਣਾ ਚਾਹੀਦਾ ਸੀ। ਪਰ ਅਜਿਹਾ ਹੋ ਨਹੀਂ ਸਕਿਆ। ਤੇ ਸਿੱਟਾ ਇਹ ਹੋਇਆ ਕਿ ਪੰਜਾਬੀਆਂ ਦੀ ਸਮਾਜਕ, ਆਰਥਕ ਤੇ ਰਾਜਨੀਤਿਕ ਹੋਂਦ ਦਾ ਵਿਰਾਟ ਪ੍ਰਸ਼ਨ ਕੇਵਲ ਇਕ ਫਿਰਕੇ ਦਾ ਪ੍ਰਸ਼ਨ ਬਣ ਕੇ ਰਹਿ ਗਿਆ। ਤੇ ਇਸ ਦੇ ਸਿੱਟੇ ਅੱਜ ਤੱਕ ਭੁਗਤੇ ਜਾ ਰਹੇ ਹਨ।

ਅਨੰਦਪੁਰ ਦੇ ਮਤੇ ਦੀ ਕਾਰਗੁਜ਼ਾਰੀ ਸ਼ਾਇਦ ਕਦੇ ਵੀ ਨਾ ਸਾਹਮਣੇ ਆਉਂਦੀ ਜੇ ਪੰਜਾਬੀ ਸੂਬਾ ਸਹੀ ਮਾਅਨਿਆਂ ਵਿਚ ਪੰਜਾਬੀ ਸੂਬਾ ਬਣਦਾ। ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ, ਅਕਾਲੀ ਲੀਡਰ ਆਪ ਵੀ ਪੰਜਾਬੀ ਸੂਬੇ ਬਾਰੇ ਸ਼ੱਕੀ ਸਨ। ਸੰਤ ਫ਼ਤਹ ਸਿੰਘ ਦੇ ਸਮੇਂ ਉਹਨਾਂ, ਆਪਣੀ ਵਲੋਂ ਪੰਜਾਬੀ ਸੂਬੇ ਦੀ ਪਹਿਲੀ ਕਿਸ਼ਤ ਵਸੂਲ ਕੀਤੀ ਸੀ ਤੇ ਦੂਜੀ ਕਿਸ਼ਤ ਕਿਤੇ ਦੂਜੇ ਸਮੇਂ ਤੇ ਲੈਣ ਦਾ ਇਰਾਦਾ ਕੀਤਾ ਸੀ। ਪਰ ਇਹ ਦੂਜੀ ਕਿਸ਼ਤ ਭੂਗੋਲਿਕ ਵਿਸਥਾਰ ਨਾਲੋਂ ਵੱਧ ਆਰਥਕ ਤੇ ਰਾਜਨੀਤਿਕ ਖ਼ੁਦਮੁਖਤਾਰੀ ਦੀ ਸੀ। ਭੂਗੋਲਿਕ ਤੌਰ ਤੇ ਤਾਂ ਹਰਿਆਣਾ ਥਾਪ ਕੇ ਉਹ ਪਹਿਲਾਂ ਹੀ ਗਰੀਬ ਹੋ ਚੁੱਕੇ ਸਨ। 1981 ਵਿਚ ਅਕਾਲੀਆਂ ਨੇ ਇਹ ਦੂਜਾ ਸੰਘਰਸ਼ ਆਰੰਭਿਆ। ਤੇ ਉਧਰ ਕਾਂਗਰਸੀ-ਕੇਂਦਰ ਇਸ ਸੰਘਰਸ਼ ਵਿਚੋਂ ਆਪਣਾ ਰਾਜਨੀਤਿਕ ਲਾਭ ਲੈਣ ਲਈ ਢੰਗ-ਤਰੀਕਿਆਂ ਤੇ ਉਤਰ ਆਇਆ। ਤੇ ਸਿੱਟਾ ਭਿੰਡਰਾਂਵਾਲੇ ਦੀ ਪੈਦਾਇਸ਼ ਅਤੇ 1984 ਦੀਆਂ ਖ਼ੂੰਨੀ ਘਟਨਾਵਾਂ ਦੇ ਰੂਪ ਵਿਚ ਸਾਹਮਣੇ ਆਇਆ। ਕੁਰਸੀ ਅਤੇ ਸੱਤਾਹ ਦੀ ਭੁੱਖ ਬਲਕਿ ਹਾੜਬੇ ਨੇ ਕੇਂਦਰ ਦੀ ਅਕਲ ਹੀ ਮਾਰ ਦਿੱਤੀ। ਤੇ ਉਹਨੇ ਇਕ ਫਿਰਕੇ ਦੇ ਧਾਰਮਕ ਵਿਸ਼ਵਾਸ ਨੂੰ ਤਕੜੀ

ਸੱਟ ਮਾਰ ਦਿੱਤੀ। ਇਥੇ ਭਾਰਤੀ ਇਤਿਹਾਸ ਦੇ ਮੁੱਖ ਸਰੋਤਾਂ ਵਿਚੋਂ ਨਿਕਲਦੀ ਇਕ ਗੱਲ ਯਾਦ ਰੱਖੀ ਜਾਣੀ ਚਾਹੀਦੀ ਸੀ ਕਿ ਧਾਰਮਕਤਾ ਸਮੁੱਚੇ ਭਾਰਤੀ ਇਤਿਹਾਸ ਦਾ ਉਹ ਮੁਹਾਵਰਾ ਹੈ ਜਿਸ ਰਾਹੀਂ ਇਹ ਜ਼ਿੰਦਗੀ ਦੇ ਅਰਥ ਤਲਾਸ਼ ਕਰਨ ਦਾ ਧਾਰਨੀ ਰਿਹਾ ਹੈ । ਵਿਗਿਆਨਕ ਕਰਾਂਤੀਆਂ ਦਾ ਨਾਮ ਭਾਰਤ ਲਈ ਨਿਤਾਂਤ ਓਪਰਾ ਹੈ। ਇਥੇ ਕਰਾਂਤੀ ਦਾ ਅਰਥ ਕਦੇ ਵੀ ਇਸ ਦੇ ਆਧੁਨਿਕ ਅੰਗਰੇਜ਼ੀ ਰੂਪਾਂਤਰ 'ਰੈਵੋਲੂਸ਼ਣ' ਤੋਂ ਨਹੀਂ ਲਿਆ ਜਾਂਦਾ। ਭਾਰਤ ਵਿਚ ਕਰਾਂਤੀ ਦਾ ਸੰਕਲਪ ਬੜੇ ਸਰਲ ਅਰਥਾਂ ਦਾ ਧਾਰਨੀ ਹੈ। ਅਸਾਂ ਇਸ ਨੂੰ ਸਦਾ ਹੀ ਸੁਧਾਰਵਾਦ ਦੇ ਅਰਥਾਂ ਵਿਚ ਸਮਝਿਆ ਹੈ। 'ਦੇਸ਼ ਵਿਚ ਕਰਾਂਤੀ ਹੋ ਗਈ' ਦਾ ਅਰਥ ਹੈ ਇਕ ਰਾਜੇ ਨੂੰ ਲਾਹ ਕੇ ਦੂਜਾ ਰਾਜਾ ਤਖ਼ਤ ਦਾ ਮਾਲਕ ਬਣ ਗਿਆ ਹੈ। ਇਸ ਦਾ ਅਰਥ ਕੇਵਲ ਆਮ ਤਬਦੀਲੀ ਹੈ ਕਰਾਂਤੀਕਾਰੀ ਤਬਦੀਲੀ ਨਹੀਂ। ਦੂਜੇ ਅਰਥਾਂ ਵਿਚ ਇਹ ਗਿਣਾਤਮਕ ਪਰਿਵਰਤਨ ਹੈ ਗੁਣਾਤਮਕ ਨਹੀਂ। ਵਿਗਿਆਨਕ ਕਰਾਂਤੀ ਦਾ ਅਰਥ ਮੁਕੰਮਲ ਤਬਦੀਲੀ ਹੈ ਯਾਨਿ ਗੁਣਾਤਮਕ ਤਬਦੀਲੀ। ਪਰ ਸਾਡਾ ਇਤਿਹਾਸ ਇਸ ਨੂੰ ਇਹਨਾਂ ਅਰਥਾਂ ਵਿਚ ਨਹੀਂ ਜਾਣਦਾ। ਇਹੀ ਕਾਰਨ ਹੈ ਕਿ ਅੱਜ ਵੀ ਸਾਡੇ ਦੇਸ਼ ਦੀ ਪਹਿਲੀ ਸਦੀ ਵੀਹਵੀਂ ਵਿਚ ਅਤੇ ਵੀਹਵੀਂ ਸਦੀ ਪਹਿਲੀ ਵਿਚ ਫਸੀ ਹੋਈ ਹੈ। ਪਰ ਯੂਰਪੀ ਦੇਸ਼ਾਂ ਵਿਚ ਅਜਿਹਾ ਨਹੀਂ ਹੋਇਆ। ਉਥੇ ਸਾਮੰਤੀ-ਕਰਾਂਤੀ ਨੇ ਗੁਲਾਮਦਾਰੀ ਸੰਬੰਧਾਂ ਦਾ ਖ਼ਾਤਮਾ ਕਰ ਦਿੱਤਾ ਸੀ ਅਤੇ ਬੁਰਜੂਆ-ਕਰਾਂਤੀ ਨੇ ਸਾਮੰਤੀ ਸੰਬੰਧਾਂ ਦਾ।

ਕਹਿਣ ਦਾ ਮੁੱਦਾ ਇਹ ਹੈ ਕਿ ਸਾਡੀ ਕਰਾਂਤੀ, ਸੁਧਾਰਵਾਦ ਵਰਗੀ ਕੋਈ ਚੀਜ਼ ਹੈ। ਇਹਦੇ ਵਿਗਿਆਨਕ ਸੰਦਰਭ ਸਾਡੇ ਲਈ ਅਜੇ ਤੱਕ ਓਪਰੇ ਹਨ। ਕਰਾਂਤੀਕਾਰੀ ਗੁਰੂ ਨਾਨਕ ਇਹ ਨਹੀਂ ਕਹਿ ਰਿਹਾ ਕਿ ਪੈਦਾਵਾਰ ਦੇ ਆਰਥਕ ਆਧਾਰ ਬਦਲ ਦਿਤੇ ਜਾਣ, ਉਹ ਇਹ ਕਹਿ ਰਿਹਾ ਹੈ ਕਿ ਰਾਜਾ ਦਿਆਲੂ ਤੇ ਪਰੋਪਕਾਰੀ ਤੇ ਲੋਕ-ਹਿੱਤਾਂ ਦਾ ਖਿਆਲ ਰੱਖਣ ਵਾਲਾ ਹੋਵੇ, ਤੇ ਪਰਜਾ ਵਿਚ ਪਰਸਪਰ ਵਿਸ਼ਵਾਸ ਤੇ ਪਿਆਰ ਦਾ ਰਿਸ਼ਤਾ ਹੋਵੇ। ਸਾਡੇ ਇਤਿਹਾਸ ਸਿਰਜਣ ਦਾ ਮੁਹਾਵਰਾ ਇਹੀ ਹੈ — ਧਾਰਮਕ। ਤੇ ਧਾਰਮਕਤਾ 'ਤੇ ਲੱਗੀ ਸੱਟ ਸਾਡੇ ਲੋਕ-ਮਾਨਸ ਨੂੰ ਕਦੇ ਵੀ ਪਰਵਾਨ ਨਹੀਂ ਹੋ ਸਕਦੀ। ਸਿੱਟੇ ਵਜੋਂ 1984 ਵਾਲੀ ਸੱਟ, ਤੇ ਉਹ ਵੀ ਆਪਣਿਆਂ ਵਲੋਂ ਇਕ ਅਜਿਹਾ ਤੱਥ ਹੈ ਜਿਸ ਨੇ ਸਾਡੇ ਲੋਕਾਂ ਦੇ ਇਤਿਹਾਸ-ਸਿਰਜਣ ਦੇ ਮਾਧਿਅਮ ਨੂੰ ਖ਼ਤਮ ਕਰ ਦਿੱਤਾ। ਤੇ ਸਿੱਟੇ ਬੜੇ ਭਿਆਨਕ ਹਨ।

ਹੁਣ ਕੁਝ ਗੱਲਾਂ ਪੰਜਾਬ ਦੀ ਆਧੁਨਿਕ ਜਾਂ ਵਰਤਮਾਨ ਸਥਿਤੀ ਬਾਰੇ : ਇਥੇ ਹੀ ਹਿੰਸਾ ਤੇ ਅਹਿੰਸਾ ਦੇ ਪ੍ਰਵਰਗਾਂ ਦੀ ਗੱਲ ਆਉਂਦੀ ਹੈ। ਸੰਸਕ੍ਰਿਤਕ ਮਨੁੱਖ ਦਾ ਰਹਿਣ-ਖੇਤਰ ਮਨੁੱਖਾ-ਸਮਾਜ ਹੈ । ਬਲਕਿ ਸੰਸਕ੍ਰਿਤਕ ਹੋਣ ਕਰਕੇ ਹੀ ਮਨੁੱਖ ਸਾਮਾਜਿਕ ਹੈ ਤੇ ਸਾਮਾਜਿਕ ਹੋਣ ਕਰਕੇ ਹੀ ਸੰਸਕ੍ਰਿਤਕ ਹੈ। ਸੰਸਕ੍ਰਿਤਕ ਕੀ ਹੈ ? ਇਹ ਪ੍ਰਕ੍ਰਿਤਕ-ਪਸ਼ੂ 'ਚੋਂ ਉਹਦੀ ਪ੍ਰਕ੍ਰਿਤੀ ਦੀ ਖਾਰਜਤਾ ਹੈ । ਪ੍ਰਕ੍ਰਿਤਕ-ਜੀਵ ਹਿੰਸਕ ਹੁੰਦਾ ਹੈ ਤੇ ਸੰਸਕ੍ਰਿਤਕ-ਜੀਵ ਦੀ ਹਿੰਸਕਤਾ ਸਮਾਜਕ-ਨਿਯੰਤਰਣ ਦਾ ਰੂਪ

ਧਾਰਨ ਕਰ ਲੈਂਦੀ ਹੈ। ਪਰ ਸਾਡੇ ਇਤਿਹਾਸ ਸਿਰਜਣ ਦੀ ਪ੍ਰਕਿਰਿਆ ਅਤੇ ਸਿੱਟੇ ਵਜੋਂ ਸੰਸਕ੍ਰਿਤਕ-ਰੂਪਾਂਤਰਣ ਦਾ ਅਮਲ ਧਾਰਮਕਤਾ ਦੇ ਮਾਧਿਅਮ ਥਾਣੀਂ ਲੰਘਦਾ ਹੈ। ਇਸ ਮਾਧਿਅਮ ਤੇ ਸੱਟ (ਪਹਿਲੀ ਹਿੰਸਾ, ਤੇ ਉਹ ਵੀ ਸਟੇਟ ਵਲੋਂ) ਨੇ ਸੰਸਕ੍ਰਿਤਕ-ਮਨੁੱਖ 'ਤੇ ਇਕ ਪ੍ਰਸ਼ਨ-ਚਿੰਨ੍ਹ ਲਾ ਦਿੱਤਾ। ਤੇ ਉਹ ਪ੍ਰਤਿਹਿੰਸਕ ਹੋ ਨਿਬੜਿਆ। ਪੰਜਾਬ ਵਿਚ ਤਾਇਨਾਤ ਫ਼ੌਜ ਤੇ ਮਿਲਟਰੀ ਦੂਜੀ ਹਿੰਸਾ ਦੇ ਰੂਪ ਵਿਚ ਸਾਹਮਣੇ ਆਈ। ਇਹਨਾਂ ਨੂੰ ਅਸੀਮ ਤਾਕਤ ਦਾ ਵਖਾਲਾ ਕਰਨ ਲਈ ਕਾਨੂੰਨ ਵੀ ਪ੍ਰਦਾਨ ਕੀਤੇ ਗਏ। ਤੇ ਪੰਜਾਬ ਦਾ ਸਿੱਖ ਨੌਜਵਾਨ ਆਪਣੀ ਤੇ ਆਪਣੇ ਲੋਕਾਂ ਦੀ ਫ਼ੌਜ ਹੱਥੋਂ ਹੁੰਦੀ ਬੇਹੁਰਮਤੀ ਨਾ ਵੇਖ ਸਕਿਆ। ਤੇ ਸਿੱਟਾ ਉਸ ਦੇ ਸੰਸਕ੍ਰਿਤਕ-ਰੂਪ ਤਿਆਗਣ ਅਤੇ ਪ੍ਰਕ੍ਰਿਤਕ-ਰੂਪ ਵੱਲ ਵਾਪਸ ਆਉਣ ਵਿਚ ਨਿਕਲਿਆ। ਇਹ ਉਹ ਨੌਜਵਾਨ ਸੀ ਜਿਹੜਾ ਪੰਜਾਬ ਦੇ ਅਰਥਚਾਰੇ ਵਿਚ ਕੋਈ ਵੀ ਸਾਰਥਕ ਭੂਮਿਕਾ ਨਿਭਾਉਣ ਦੇ ਅਯੋਗ ਕਰ ਦਿੱਤਾ ਗਿਆ ਸੀ — ਯਾਨਿ ਡਿੱਸ-ਸੈਟਿਸਫ਼ਾਈਡ ਐਂਡ ਐਂਗਰੀ ਯੰਗ-ਮੈਨ। ਉਪ੍ਰੋਕਤ ਸਾਰੀਆਂ ਘਟਨਾਵਾਂ ਨੇ ਉਹਦੇ ਸਾਂਸਕ੍ਰਿਤਕ-ਰੂਪ ਨੂੰ ਖੁੱਲ੍ਹੀ ਚੁਨੌਤੀ ਦਿੱਤੀ ਸੀ। ਤੇ ਉਸ ਦੀ ਆਰਥਕ ਰੂਪ ਵਿਚ ਅਯੋਗ ਸਥਿਤੀ ਲਈ ਇਹ ਸਭ ਕੁਝ ਹੋਰ ਵੀ ਮਾਰੂ ਸਾਬਤ ਹੋਇਆ। ਸੁੱਕੇ ਹੋਏ ਬਾਲਣ ਤੇ ਤੇਲ ਛਿੜਕ ਦਿੱਤਾ ਗਿਆ। ਤੇ ਅੱਗ ਦੀ ਤੀਲੀ ਧਾਰਮਕਤਾ ਨੇ ਬਖਸ਼ ਦਿਤੀ। ਤੇ ਉਸ ਨੌਜਵਾਨ ਨੂੰ ਅੱਜ ਅਸੀਂ ਪ੍ਰਕ੍ਰਿਤਕ-ਰੂਪ ਵਿਚ ਵੇਖ ਰਹੇ ਹਾਂ।

ਉੱਸਰੀ ਹੋਈ ਆਰਥਕਤਾ ਵਿਚ ਖੁੱਭੇ ਬੰਦੇ ਕੋਲ ਗੁਆਉਣ ਲਈ ਬੜਾ ਕੁਝ ਹੁੰਦਾ ਹੈ, ਪਰ ਅਭਾਵਗ੍ਰਸਤ ਬੰਦੇ ਕੋਲ ਕੁਝ ਵੀ ਨਹੀਂ। ਤੇ ਇਸੇ ਅਨੁਰੂਪ ਹੀ ਉਹਨਾਂ ਦਾ ਵਿਸੰਸਕ੍ਰਿਤੀਕਰਣ (Deculturisation) ਵੀ ਸੰਭਵ ਹੁੰਦਾ ਹੈ। ਪੰਜਾਬ ਦੇ ਸਰਬ-ਸਾਧਾਰਨ ਸਿੱਖ ਨੌਜਵਾਨ ਦੀ ਸਥਿਤੀ ਨੂੰ ਇਹਨਾਂ ਹੀ ਆਧਾਰਾਂ ਤੇ ਸਮਝਿਆ ਜਾ ਸਕਦਾ ਹੈ। ਦਹਿਸ਼ਤ ਅਤੇ ਆਤੰਕ ਦਾ ਸੂਤਰਪਾਤ ਸਦਾ ਹੀ ਸੱਤਾ ਵਲੋਂ ਹੁੰਦਾ ਹੈ। ਸੱਤਾ ਨੇ ਆਪਣੇ ਕਾਨੂੰਨਾਂ ਤੇ ਸੱਤਾ ਦੀਆਂ ਦੂਜੀਆਂ ਸੰਸਥਾਵਾਂ ਨੂੰ ਜਾਇਜ਼ ਸਿੱਧ ਕਰਨ ਲਈ, ਤੇ ਇਹਨਾਂ ਨੂੰ ਨਿਆਇਸ਼ੀਲ ਤਰਕ ਪ੍ਰਦਾਨ ਕਰਨ ਲਈ ਤਾਕਤ ਵਰਤਣੀ ਹੀ ਹੁੰਦੀ ਹੈ। ਇਹ ਤਾਕਤ ਦੀ ਵਰਤੋਂ ਪਹਿਲੀ ਹਿੰਸਾ ਹੈ। ਸਟੇਟ ਤੇ ਹਿੰਸਾ ਕਾਬਜ਼ ਜਮਾਤ ਦਾ ਰਾਜਨੀਤਿਕ ਪ੍ਰਗਟਾਅ ਹੈ। ਤੇ ਵਿਰੋਧੀ ਹਿੰਸਾ ਵਿਰੋਧੀ ਜਮਾਤ ਦਾ ਰਾਜਨੀਤਿਕ ਪ੍ਰਗਟਾਅ। ਜਦੋਂ ਵਿਰੋਧੀ ਧਿਰਾਂ ਖ਼ਤਮ ਹੁੰਦੀਆਂ ਹਨ ਤਾਂ ਸਿਆਸਤ ਦਾ ਖ਼ਾਤਮਾ ਹੋ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਸਮੱਸਿਆ ਦਾ ਰੂਪ ਆਰਥਕ ਅਧਾਰਾਂ ਤੋਂ ਤੁਰਦਾ ਹੋਇਆ ਰਾਜਨੀਤਿਕ ਅਧਾਰਾਂ ਵਿਚ ਬਦਲ ਜਾਂਦਾ ਹੈ। ਤੇ ਇਸ ਦੇ ਪ੍ਰਗਟਾਅ ਦੇ ਰੂਪ ਧਾਰਮਕ ਹੀ ਰਹਿੰਦੇ ਹਨ। ਕਾਰਨ ਸਾਡੇ ਸਾਹਮਣੇ ਹਨ ਅਤੇ ਅਸਾਂ ਇਹਨਾਂ ਕਾਰਨਾਂ ਨੂੰ ਕਾਰਜਾਂ ਜਾਂ ਫਿਰ ਵਰਤਾਰੇ ਦੇ ਦਿੱਸਦੇ ਪੱਖਾਂ ਤੋਂ ਲੁੱਕੇ ਹੋਏ ਤੱਤਾਂ ਵੱਲ ਸਫ਼ਰ ਕਰਦਿਆਂ ਲਭਿਆ ਹੈ। ਤੇ ਇਸ ਵਰਤਾਰੇ ਦੇ ਹੱਲ ਲਈ ਸਾਨੂੰ ਉਹਨਾਂ ਕਾਰਣਿਕ ਸੰਬੰਧਾਂ ਨੂੰ ਦੂਰ ਕਰਨਾ ਪਏਗਾ ਜਿਨ੍ਹਾਂ ਦਾ, ਦਰਅਸਲ, ਇਹ

ਪ੍ਰਗਟਾਵਾ ਹਨ। ਇਸ ਪੱਧਰ ਤੇ ਆਣ ਕੇ ਹਿੰਸਾ-ਅਹਿੰਸਾ-ਤੇ ਪ੍ਰਤੀਹਿੰਸਾ ਦਾ ਰੌਲਾ ਪਾਉਣਾ ਉਹਨਾਂ ਕਾਰਣਿਕ ਸੰਬੰਧਾਂ ਨੂੰ ਜਾਣ-ਬੁੱਝ ਕੇ ਨਜ਼ਰ-ਅੰਦਾਜ਼ ਕਰਨਾ ਹੈ ਜਿਨ੍ਹਾਂ ਕਰਕੇ ਇਹ ਨਵੇਂ ਸੰਬੰਧ ਪੈਦਾ ਹੋਏ ਹਨ — ਸ਼ਤਰੂਤਾ ਵਾਲੇ।

ਬੋਲੀ ਦੇ ਆਧਾਰ ਤੇ ਪੰਜਾਬ ਦਾ ਮੁੜ-ਸੰਗਠਨ ਸ਼ਾਇਦ ਸੰਭਵ ਨਾ ਹੋ ਸਕੇ। ਪਰ ਵਰਤਮਾਨ ਪੰਜਾਬ ਅਤੇ ਬਾਕੀ ਸਟੇਟਾਂ ਨੂੰ ਆਰਥਕ ਤੇ ਰਾਜਨੀਤਿਕ ਖ਼ੁਦ-ਮੁਖ਼ਤਾਰੀ ਦੇਣੀ ਹੀ ਮਸਲੇ ਦਾ ਯੋਗ ਹੱਲ ਹੋ ਸਕਦਾ ਹੈ। ਇਥੇ ਮੈਂ ਸਰਕਾਰੀਆ ਕਮਿਸ਼ਨ ਦੀ ਰਿਪੋਰਟ ਦੇ ਪਹਿਲੇ ਕਾਂਡ ਦੀ ਧਾਰਾ 1 2.03 ਨੂੰ ਪੇਸ਼ ਕਰਨਾ ਚਾਹੁੰਦਾ ਹਾਂ — (ਸਾਥੀ ਅਵਤਾਰ ਸਿੰਘ ਮਲਹੋਤਰਾ ਦੇ ਧੰਨਵਾਦ ਸਹਿਤ)।

'ਭਾਰਤ ਦੇ ਇਤਿਹਾਸ ਵਿਚ ਇਕ ਹੋਰ ਭਾਵਪੂਰਨ ਤੱਥ ਉਜਾਗਰ ਹੈ, ਉਹ ਇਹ ਕਿ ਮੋਰੀਆ ਤੋਂ ਲੈ ਕੇ ਮੁਗਲਾਂ ਤੱਕ ਭਿੰਨ ਭਿੰਨ ਸ਼ਹਿਨਸ਼ਾਹੀਆਂ ਸਮੇਂ ਸੂਬੇ ਤੇ ਸਥਾਨਕ ਸਰਕਾਰਾਂ ਚੋਖੀ ਖ਼ੁਦਮੁਖਤਾਰੀ ਰੱਖਦੀਆਂ ਸਨ।...ਜਦ ਕਦੀ ਵੀ ਕਿਸੇ ਬਾਹਲੇ ਆਤਮ-ਅਧਿਕਾਰੀ ਸ਼ਹਿਨਸ਼ਾਹ ਨੇ ਸਥਾਨਕ ਖ਼ੁਦਮੁਖਤਾਰੀ ਨੂੰ ਕੁਚਲ ਕੇ ਵਾਧੂ ਕੇਂਦਰੀਅਤਾ ਠੋਸਣ ਦੇ ਯਤਨ ਕੀਤੇ, ਇਸ ਦੇ ਤਿੱਖੇ ਪ੍ਰਤੀਕਰਮ ਤੇ ਵਿਰੋਧ ਹੋਏ। ਅਜਿਹੀ ਅੱਤ ਦੀ ਕੇਂਦਰੀਅਤਾ ਨਾ ਕੇਵਲ ਰਾਜ-ਪ੍ਰਬੰਧ ਸੁਯੋਗਤਾ ਲਈ ਹੀ ਹਾਨੀਕਾਰਕ ਸਿੱਧ ਹੋਈ, ਉਸ ਦੇ ਸਿੱਟੇ ਵਜੋਂ ਕੇਂਦਰੀ-ਸ਼ਕਤੀ ਦੀਆਂ ਹੇਠਲੀਆਂ ਅਰਧ-ਕੌਮੀ ਸ਼ਕਤੀਆਂ ਉਤੇ ਸਥਿਰ ਤੇ ਪਾਏਦਾਰ ਆਧਾਰ ਉਤੇ ਆਪਣੀ ਪਕੜ ਨੂੰ ਕਾਇਮ ਰੱਖਣ ਦੀ ਯੋਗਤਾ ਨੂੰ ਵੀ ਕਮਜ਼ੋਰ ਕੀਤਾ।'

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਆਰਥਕ ਤੇ ਰਾਜਨੀਤਿਕ ਤਾਕਤ ਦਾ ਸਾਪੇਖ ਵਿਕੇਂਦਰੀਕਰਣ ਹੀ ਪੰਜਾਬ ਸਮੱਸਿਆ ਦਾ ਵਿਗਿਆਨਕ ਹੱਲ ਹੋ ਸਕਦਾ ਹੈ। ਜੇ ਇਹ ਵਿਕੇਂਦਰੀਕਰਣ ਸਾਮੰਤੀ ਦੌਰ ਵਿਚ ਸੰਭਵ ਸੀ ਤਾਂ ਅੱਜ ਇਹ ਹੋਰ ਵੀ ਵੱਧ ਸੰਭਵ ਹੈ। ਜੇ ਸਾਡਾ ਮਕਸਦ ਬੁਰਜੁਆਜ਼ੀ ਨੂੰ ਵਿਕਸਿਤ ਕਰਨਾ ਵੀ ਹੈ ਤਾਂ ਵੀ ਆਰਥਕ ਸਿਆਸੀ ਖ਼ੁਦਮੁਖਤਾਰੀਆਂ ਆਰਥਕ ਉਤਪਾਦਨ ਦੇ ਵਿਕਾਸ ਅਤੇ ਆਜ਼ਾਦ ਮੁਕਾਬਲੇ ਦਾ ਕਾਰਨ ਬਣ ਕੇ ਇਸ ਨੂੰ ਵਿਕਾਸ ਦੀਆਂ ਅਗਲੀਆਂ ਪੱਧਰਾਂ ਤੇ ਹੀ ਪਹੁੰਚਾਣਗੀਆਂ। ਮੁਕਾਬਲਾ ਤਾਂ ਬੁਰਜੁਆਜ਼ੀ ਦੇ ਵਿਕਾਸ ਦੀ ਮੁਢਲੀ ਲੋੜ ਹੈ। ਅਜਾਰੇਦਾਰੀਆਂ ਦੀ ਪ੍ਰਕਿਰਤੀ ਦਾ ਸੰਬੰਧ ਸਾਮਰਾਜੀ ਫੈਲਾਅ ਅਤੇ ਮਹਾਂਮੁਨਾਫ਼ਿਆਂ ਨਾਲ ਹੈ। ਮੈਂ ਨਹੀਂ ਸਮਝਦਾ ਕਿ ਸਾਡਾ ਅਰਥਚਾਰਾ ਇਸ ਦਿਸ਼ਾ ਵੱਲ ਸੇਧਤ ਹੈ।

ਪੰਜਾਬ ਦੇ ਮੌਜੂਦਾ ਸੰਕਟ ਦੇ ਵਿਕਾਸ ਦੀ ਪ੍ਰਕ੍ਰਿਆ ਨੂੰ ਸੰਖੇਪ ਰੂਪ ਵਿਚ ਪ੍ਰਸਤੁਤ ਕਰ ਲੈਣ ਤੋਂ ਬਾਅਦ, ਹੁਣ ਅਸੀਂ ਬ੍ਰਤਾਨਵੀ ਪੰਜਾਬੀ ਸਾਹਿਤ ਵੱਲ ਪਰਤਦੇ ਹਾਂ। ਅਸੀਂ ਇਹ ਵੇਖਣਾ ਹੈ ਕਿ ਬ੍ਰਤਾਨਵੀ ਪੰਜਾਬੀ ਲੇਖਕਾਂ ਨੇ ਇਸ ਸਮੱਸਿਆ ਨੂੰ ਭਾਵੁਕ ਪੱਧਰ ਤੇ ਪ੍ਰਤਿਪਾਦਤ ਕੀਤਾ ਹੈ ਕਿ ਤਰਕ ਦੀ ਪੱਧਰ ਤੇ। ਭਾਵੁਕ ਪੱਧਰ 'ਤੇ ਅਤੇ ਧਾਰਮਕ ਫਿਰਕੇ ਦੇ ਧਾਰਮਕ ਜਜ਼ਬਾਤਾਂ ਨਾਲ ਸੰਬੰਧਤ ਬਹੁਤ ਸਾਰੀ ਕਵਿਤਾ ਪਰੰਪਰਾਗਤ ਰੂਪ ਵਿਚ ਉਹਨਾਂ ਲੇਖਕਾਂ ਵਲੋਂ ਲਿਖੀ ਗਈ ਜਿਹੜੇ 1984 ਤੋਂ ਬਾਅਦ ਪਹਿਲੀ ਵਾਰੀ ਖਾਲਿਸਤਾਨੀ ਅਖਬਾਰਾਂ ਦੇ ਕਾਲਮਾਂ ਵਿਚ ਛਪੇ। ਇਹਨਾਂ ਨਵ-

ਲੇਖਕਾਂ ਨੂੰ ਬਤੌਰ ਲੇਖਕਾਂ ਦੇ ਪਹਿਲਾਂ ਕੋਈ ਨਹੀਂ ਸੀ ਜਾਣਦਾ। ਇਨ੍ਹਾਂ ਲੋਕਾਂ ਦੀ ਕਵਿਤਾ ਦਾ ਮੁੱਖ ਸੋਮਾਂ 1983-90 ਦੇ ਵਿਚਕਾਰ ਬ੍ਰਤਾਨੀਆਂ ਵਿਚ ਬਣੀਆਂ ਉਹਨਾਂ ਜੱਥੇਬੰਦੀਆਂ ਦਾ ਕੇਂਦਰ ਦੇ ਖਿਲਾਫ਼ ਪ੍ਰਤੀਕਰਮ ਹੈ ਜਿਹੜੀਆਂ ਪੰਜਾਬ ਵਿਚਲੀਆਂ ਸਿੱਖ ਜੱਥੇਬੰਦੀਆਂ ਦੀਆਂ ਸਥਾਨਕ ਸ਼ਾਖਾਵਾਂ ਦੇ ਰੂਪ ਵਿਚ ਸਾਹਮਣੇ ਆਈਆਂ। ਇਹ ਸਨ : ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਇਸੇ ਹੀ ਤਰਜ਼ ਦੀਆਂ ਦੂਜੀਆਂ ਜੱਥੇਬੰਦੀਆਂ। 'ਕੇਂਦਰ ਦੇ ਹਿੰਦੂਵਾਦ' ਦੀ ਮੁਖ਼ਾਲਫਤ ਕਰਨਾ ਇਹਨਾਂ ਦਾ ਮੁੱਖ ਪ੍ਰਯੋਜਨ ਸੀ। ਕਿਉਂਕਿ ਇਹ ਕਵਿਤਾ ਧਾਰਮਕ-ਭਾਵਾਂ ਦੀ ਫੌਰੀ ਅਭਿਵਿਅਕਤੀ ਅਤੇ ਪ੍ਰਤੀਕਿਰਿਆ ਦੀ ਭਾਵੁਕ ਰੰਗਣ ਨਾਲ ਓਤਪੋਤ ਸੀ, ਇਸ ਲਈ ਇਹ ਕਲਾਤਮਕ ਪੇਸ਼ਕਾਰੀ ਤੋਂ ਵੀ ਸੱਖਣੀ ਸੀ। ਸਿਰਫ ਏਹੋ ਹੀ ਨਹੀਂ ਬ੍ਰਤਾਨਵੀ ਪੰਜਾਬੀ ਸਾਹਿਤ ਦੇ ਕੁਝ ਨਾਮਵਰ ਲੇਖਕ ਵੀ 1984 ਤੋਂ ਫੌਰਨ ਬਾਅਦ ਭਾਵੁਕ ਹੋ ਗਏ, ਤਰਕਸ਼ੀਲਤਾ 'ਤੇ ਸੁੱਧ-ਬੁੱਧ ਗੁਆ ਕੇ ਅਜਿਹੀਆਂ ਰਚਨਾਵਾਂ ਕਰਨ ਲੱਗੇ ਜਿਹੜੀਆਂ ਨਾ ਸਿਰਫ਼ ਵਰਤਾਰੇ ਨੂੰ ਵਰਤਾਰੇ ਦੀ ਪੱਧਰ ਤੇ ਹੀ ਦੇਖਦੀਆਂ ਸਨ ਬਲਕਿ ਧਾਰਮਕ ਸਿੱਖ-ਸੰਘਰਸ਼ ਨੂੰ 'ਗਲੋਰੀਫ਼ਾਈ' ਵੀ ਕਰਦੀਆਂ ਸਨ। ਲੇਖਕ ਤਰਸੇਮ ਸਿੰਘ ਨੀਲਗਿਰੀ ਨੇ ਇਹਨੀਂ ਹੀ ਦਿਨੀਂ ਸੰਤ ਭਿੰਡਰਾਂਵਾਲੇ ਨੂੰ ਪੰਜਾਬ ਦੀ ਕਿਰਸਾਣੀ ਦਾ ਪ੍ਰਮੁੱਖ ਲੀਡਰ ਥਾਪ ਦਿੱਤਾ, ਤੇ ਕਿਹਾ ਕਿ ਪੰਜਾਬ ਸਦਾ ਹੀ ਅਜਿਹੇ ਯੋਧਿਆਂ ਤੇ ਸੂਰਬੀਰਾਂ ਨੂੰ ਜਨਮ ਦੇਂਦਾ ਆਇਆ ਹੈ। ਪਰ ਸਾਲਾਂ ਬਾਅਦ ਜਦੋਂ ਤਾਪ ਉਤਰਿਆ ਤਾਂ ਉਹਨੇ ਇਕ ਹੋਰ ਲੇਖ ਲਿਖਿਆ : ਖਾਲਿਸਤਾਨ ਨਹੀਂ।

ਪਰ ਇਹਨੀਂ ਹੀ ਦਿਨੀਂ ਕੁਝ ਸੰਤੁਲਤ ਸੋਚ ਵਾਲੇ ਲੇਖਕ ਵੀ ਰਚਨਾ ਕਰ ਰਹੇ ਸਨ। ਇਕ ਤਾਂ ਅਜਿਹੇ ਲੇਖਕ ਬਹੁਤ ਥੋੜ੍ਹੇ ਸਨ, ਤੇ ਦੂਜੇ ਇਹਨਾਂ ਦੀਆਂ ਰਚਨਾਵਾਂ ਛਾਪਣ ਵਾਲੇ ਅਖ਼ਬਾਰ ਆਪ ਵੀ ਖਾਲਿਸਤਾਨੀ ਹੋ ਨਿਬੜੇ ਸਨ। ਸਿੱਟੇ ਵਜੋਂ ਇਹਨਾਂ ਲੋਕਾਂ ਨੇ ਅਜਿਹੇ ਅਖਬਾਰਾਂ ਦਾ ਬਾਈਕਾਟ ਕਰ ਦਿੱਤਾ, ਤੇ ਆਪਣੇ ਪੇਪਰ ਕੱਢਣ ਦੀ ਕੋਸ਼ਿਸ਼ ਕਰਨ ਲੱਗੇ। ਇਹਨਾਂ ਹੀ ਦਿਨਾਂ ਵਿਚ ਪੰਡਤ ਵਿਸ਼ਨੂੰ ਦੱਤ ਸ਼ਰਮਾ ਦਾ ਮਾਸਿਕ ਪੱਤਰ 'ਚਰਚਾ' ਅਤੇ ਸਵਰਨ ਚੰਦਨ ਦਾ ਮਾਸਿਕ ਰਸਾਲਾ 'ਸੂਰਜ' ਸਾਹਮਣੇ ਆਏ। ਇਹਨਾਂ ਦੋਹਾਂ ਪਰਚਿਆਂ ਨੇ ਹੱਕ-ਸੱਚ ਦੀ ਲੜਾਈ ਲੜੀ ਅਤੇ ਸੰਤੁਲਤ ਲੇਖਕਾਂ ਦੀਆਂ ਤਰਕਸ਼ੀਲ ਰਚਨਾਵਾਂ ਨੂੰ ਲੋਕਾਂ ਤੱਕ ਪਹੁੰਚਾਇਆ।

ਪੰਜਾਬ ਸਮੱਸਿਆ ਦੀ ਤਰਕਸ਼ੀਲ, ਇਤਿਹਾਸਕ ਅਤੇ ਕਾਰਣਿਕ ਪ੍ਰਸਤੁਤੀ ਇਹਨਾਂ ਪਰਚਿਆਂ ਅਤੇ ਇਹਨਾਂ ਦੇ ਲੇਖਕਾਂ ਦਾ ਮੁੱਖ ਪ੍ਰਯੋਜਨ ਸੀ। ਇਹਨਾਂ ਪਰਚਿਆਂ ਦੇ ਸੰਪਾਦਕੀਆਂ ਦਾ ਵੀ ਵਿਰੋਧੀ ਧਿਰਾਂ ਵਲੋਂ ਬੜਾ ਤਿੱਖਾ ਪ੍ਰਤਿਕਰਮ ਹੋਇਆ। ਡਾ: ਜਗਜੀਤ ਸਿੰਘ ਚੌਹਾਨ ਵਲੋਂ ਚਰਚਾ ਪਰਚੇ ਉਤੇ ਮੁਕੱਦਮਾ ਇਹਦੀ ਇਕ ਮਾਤਰ ਉਦਾਹਰਣ ਹੈ। ਤੇ ਸੂਰਜ ਦੇ ਸੰਪਾਦਕ ਨੂੰ ਨੌਕਰੀ ਤੋਂ ਸਦਾ ਲਈ ਛੁੱਟੀ ਕਰਵਾਉਣ ਦੇ ਲਿਖਤੀ ਯਤਨ ਇਸ ਦੀ ਦੂਜੀ ਮਿਸਾਲ ਹੈ। ਪਰ ਇਹਨਾਂ ਵਿਸਥਾਰਾਂ ਵਿਚ ਜਾਣਾ ਹੱਥਲੇ ਪਰਚੇ ਦਾ ਮਕਸਦ ਨਹੀਂ।

ਬ੍ਰਤਾਨਵੀ ਪੰਜਾਬੀ ਸਾਹਿਤ ਵਿਚ ਕਵੀਆਂ ਵਜੋਂ ਸੰਘਰਸ਼ਸ਼ੀਲ ਲੋਕਾਂ 'ਚੋਂ

ਸੰਤੁਲਤ ਲਿਖਣ ਵਾਲੇ ਲੇਖਕ ਇਹ ਸਨ : ਨਰਿੰਜਨ ਸਿੰਘ ਨੂਰ, ਸੰਤੋਖ ਸਿੰਘ ਸੰਤੋਖ, ਮੁਸ਼ਤਾਕ ਸਿੰਘ, ਮਹਿੰਦਰ ਗਿੱਲ । ਜਗਤਾਰ ਢਾਅ ਭਾਵੇਂ ਛਪਦਾ ਤਾਂ ਖਾਲਿਸਤਾਨੀ ਪੇਪਰਾਂ ਵਿਚ ਹੀ ਰਿਹਾ ਪਰ ਕਹਿੰਦਾ ਆਪਣੀ ਗੱਲ ਰਿਹਾ । ਤੇ ਉਹਦੀ ਇਹ ਗੱਲ ਅਬਾਦਕਾਰੀ ਚੇਤਨਾ ਨੂੰ ਸਥਿਰ ਰੂਪ ਦੇਣ ਲਈ ਕੀਤੀ ਗਈ । ਪੰਜਾਬ ਦੇ ਖੇਤਾਂ ਵਿਚ ਉੱਗ ਰਹੀ ਬੰਬਾਂ, ਬੰਦੂਕਾਂ ਦੀ ਫਸਲ ਨੂੰ ਆਧਾਰ ਬਣਾ ਕੇ ਉਹ ਪਰਵਾਸੀ ਮਨੁੱਖ ਨੂੰ ਬ੍ਰਤਾਨੀਆਂ ਦੀ ਧਰਤੀ ਤੇ ਹੀ ਵੱਸਣ ਲਈ ਪ੍ਰੇਰਿਤ ਕਰਦਾ ਹੈ (ਚਾਂਦੀ ਨਗਰ ਤੇ ਪਰਿੰਦਾ) ।

ਨਰਿੰਜਨ ਸਿੰਘ ਨੂਰ ਦੀ ਇਕ ਕਵਿਤਾ — ਕੌਣ ਮੋਇਆ — ਇਕ ਖੂਬਸੂਰਤ ਨਜ਼ਮ ਹੈ ਜਿਸ ਵਿਚ ਪੂਰੀ ਪੰਜਾਬੀਅਤ ਦੀ ਭਰਪੂਰਤਾ ਦੀ ਗੱਲ ਕੀਤੀ ਗਈ ਹੈ । ਆਪਣੀ ਇਕ ਨਜ਼ਮ 'ਬੇਗ਼ਮਪੁਰਾ' (ਹਯਾਤੀ ਦੀ ਹੂਕ) ਵਿਚ ਨੂਰ, ਜਨੂੰਨੀ ਖਾਲਿਸਤਾਨ ਦਾ ਨਹੀਂ ਬਲਕਿ ਉਸ ਖਾਲਿਸਤਾਨ ਦਾ ਨਕਸ਼ਾ ਖਿੱਚਦਾ ਹੈ ਜਿਸ ਦਾ ਦੂਜਾ ਨਾਂ ਸਮਾਜਵਾਦ ਹੈ, ਤੇ ਜਿਸ ਦੀ ਨੀਤੀ ਹੋਵੇਗੀ :

ਵੰਡਵਾਦੀ ਮੇਰੇ ਖਾਲਿਸਤਾਨ ਦੇ ਆੜੀ ਨਹੀਂ ।
ਮੇਰਾ ਖਾਲਿਸਤਾਨ ਇਕ ਪੰਜਾਬ ਦੀ ਫਾੜੀ ਨਹੀਂ ।

ਤੇ ਜਦੋਂ ਉਹ ਸਮੁੱਚੇ ਹਿੰਦੁਸਤਾਨ ਤੇ ਫਿਰ ਵਿਸ਼ਵ ਦੀ ਗੱਲ ਕਰਦਾ ਹੈ ਤਾਂ ਕਹਿੰਦਾ ਹੈ :

ਫੁੱਲ ਦੀ ਪੀੜੋਂ ਵਡੇਰੀ ਪੀੜ ਹੈ ਗੁਲਜ਼ਾਰ ਦੀ ।
ਯਾਰ ਦੀ ਪੀੜੋਂ ਵਡੇਰੀ ਪੀੜ ਹੈ ਸੰਸਾਰ ਦੀ ।

ਤੇ ਫਿਰ 'ਬੇਗ਼ਮਪੁਰਾ' ਨਜ਼ਮ ਦੇ ਇਕ ਦੋ ਭਾਗ ਨੂਰ ਦੇ ਨੁਕਤਾ-ਨਿਗਾਹ ਦੇ ਸਬੂਤਾਂ ਵਜੋਂ ਪੇਸ਼ ਕਰਨੇ ਬਣਦੇ ਹਨ :

ਮੇਰਾ ਖਾਲਿਸਤਾਨ ਭਾਰਤ, ਵਿਸ਼ਵ ਹੈ, ਬ੍ਰਹਿਮੰਡ ਹੈ ।
ਮੇਰਾ ਖਾਲਿਸਤਾਨ ਹੈ ਇਨਸਾਨ ਦੀ ਬਸਤੀ ਦਾ ਨਾਂ ।
ਜੀਹਦੀ ਹਸਤੀ ਵਿਚ ਜੁਆਲਾ ਉਨਸ ਦੀ ਪ੍ਰਚੰਡ ਹੈ,
ਕਿਰਤ, ਕਲਾ, ਪਿਆਰ, ਅਮਨ ਬੋਲੀਆਂ ਨੇ ਇਸ ਦੀਆਂ ।
ਉਰਦੂ, ਹਿੰਦੀ ਤੇ ਪੰਜਾਬੀ ਹੋਣ ਹਮਸ਼ੀਰਾਂ ਜਿਵੇਂ ।
ਹਿੰਦੂ ਮੁਸਲਮ, ਸਿੱਖ, ਇਸਾਈ ਮਿਲਣ ਏਥੇ ਸਦਾ,
ਅੱਖੀਆਂ ਉਤੇ ਬਿਠਾਵੇ ਵੀਰ ਨੂੰ ਵੀਰਾ ਜਿਵੇਂ ।

... ...

ਜਲ੍ਹਿਆਂ ਵਾਲੇ 'ਚ ਸਾਂਝੇ ਖ਼ੂਨ ਡੁੱਲ੍ਹੇ ਦੀ ਕਸਮ ।
ਨਾਨਕ, ਰਵੀਦਾਸ, ਧਨੀ ਰਾਮ, ਬੁੱਲ੍ਹੇ ਦੀ ਕਸਮ ।
ਬੇਟੀਆਂ ਦੀ ਸਾਂਝ ਦੀ ਤੇ ਸਾਂਝੇ ਚੁੱਲ੍ਹੇ ਦੀ ਕਸਮ ।
ਪੱਗ ਦੀ, ਟੋਪੀ ਦੀ, ਟੋਪ ਅਤੇ ਕੁੱਲ੍ਹੇ ਦੀ ਕਸਮ ।

ਮੇਰੇ ਖਾਲਿਸਤਾਨ ਦੀ ਤਾਜ਼ਾ ਪਵਿੱਤਰ ਪੌਣ 'ਚੋਂ,
ਨਸਲ, ਭਾਸ਼ਾ, ਰੰਗ, ਮਜ਼ਹਬ, ਜ਼ਾਤ-ਪਾਤ
ਗ਼ਲਤ ਅੱਖਰ ਵਾਂਗਰਾਂ ਮਿਟ ਜਾਣਗੇ ।

ਡਾ: ਮਹਿੰਦਰ ਗਿੱਲ 1947 ਦੀ ਵੰਡ ਨੂੰ ਯਾਦ ਕਰਦਾ, ਹੋਣ ਵਾਲੀਆਂ ਵੰਡਾਂ ਨੂੰ ਬੇਤਰਹ ਕੋਸਦਾ ਹੋਇਆ ਪ੍ਰਤੀਤ ਹੁੰਦਾ ਹੈ :

ਇਹ ਕੈਸਾ ਵਰ੍ਹਾ ਆਇਆ ਹੁਸਨ ਖੁਸ਼ਬੂਆਂ ਦਾ ਵੈਰੀ ।
ਮੁਹੱਬਤ ਜਣਦੀਆਂ ਅੱਖੀਆਂ ਨੇ ਜਣਿਆ ਖ਼ੂਨ ਸੀ ਕਹਿਰੀ ।
ਜਦੋਂ ਸਾਡੇ ਦਿਲਾਂ ਦੀ ਦਿੱਲੀ ਦੇ ਦੋਫਾੜ ਹੋਏ ਸਨ ।
ਜਦੋਂ ਮਾਤਮ ਦੀ ਸਫ਼ ਤੇ ਰਾਮ ਤੇ ਗੋਬਿੰਦ ਰੋਏ ਸਨ ।
ਇਹ ਅਜਗਰ ਚੇਤਨਾ ਦੇ ਨੇਰ੍ਹਿਆਂ ਖੰਡਰਾਂ 'ਚ ਪਲਦਾ ਹੈ ।
ਇਹਦੀ ਫੁੰਕਾਰ ਦੇ ਨਾਲ ਆਸ ਦਾ ਹਰ ਫੁੱਲ ਜਲਦਾ ਹੈ ।
ਸਿਆਸੀ ਕੁੱਤਿਆਂ ਨਾਲ ਇਹ ਬੜਾ ਹੀ
ਮੋਹ ਦਿਖਾਉਂਦਾ ਹੈ ।
ਇਹਨੇ ਮੈਨੂੰ ਹੈ ਆਪਣੇ ਆਪ ਤੋਂ ਤਕਸੀਮ ਕਰਵਾਇਆ ।
ਹੋਏ ਤਕਸੀਮ ਨੂੰ ਫਿਰ ਵੰਡੀਆਂ ਦੀ ਰਾਹ ਤੇ ਪਾਇਆ ।

(ਬਿਨ ਬਰਸਾਤੀਂ ਮੇਘਲੇ)

ਤੇ ਮੁਸ਼ਤਾਕ ਸਿੰਘ ਦੀ ਇਕ ਨਜ਼ਮ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ :

ਇਹ ਧਰਤੀ ਪੰਜ ਆਬਾਂ ਵਾਲੀ ਅਣਖਾਂ ਦੀ ਮਤਵਾਲੀ ।
ਸਾਰੇ ਦੇਸ਼ ਨੂੰ ਰੋਟੀ ਦਿੰਦੀ ਹੱਦਾਂ ਨੂੰ ਰੱਖਵਾਲੀ ।
ਹੁਣ ਮਾਸੂਮਾਂ ਦੀ ਰੱਤ ਅੰਦਰ ਭਿੱਜ ਗਈਆਂ ਨੇ ਤਲੀਆਂ ।
ਗਲੀਆਂ ! ਗਲੀਆਂ ! ਗਲੀਆਂ !

(ਪੁਸਤਕ : ਬੇਚਰਾਗ਼ ਗਲੀਆਂ)

ਪਿੱਛੇ ਜਿਹੇ ਹੀ ਦਰਸ਼ਨ ਬੁਲੰਦਵੀ ਦੀ ਇਕ ਪੁਸਤਕ ਛਪੀ ਹੈ : ਸਮੁੰਦਰ ਨਾਲ ਗੱਲਾਂ । ਇਸ ਵਿਚਲੀ ਇਕ ਨਜ਼ਮ ਦਹਿਸ਼ਤਵਾਦ ਨੂੰ ਜੰਗਲ ਅਰਥਾਤ ਮਨੁੱਖ ਦੇ ਪ੍ਰਕ੍ਰਿਤਕ ਰੂਪ ਵਿਚ ਪਛਾਣਦੀ ਪ੍ਰਤੀਤ ਹੁੰਦੀ ਹੈ :

ਜੰਗਲ ਦੀ ਦਹਿਸ਼ਤ ਤੋਂ ਪ੍ਰੇਸ਼ਾਨ ਹੋ ਕੇ
ਪਿੰਡੋਂ ਸ਼ਹਿਰ ਜਾ ਕੇ ਵੱਸਣ ਵਾਲੇ ਦੋਸਤ
ਉਂਜ ਜੰਗਲ ਤਾਂ ਹੁਣ ਸ਼ਹਿਰਾਂ ਵਿਚ ਫੈਲ ਚੁੱਕਾ ਏ ।

ਤੇ ਅਜਿਹੀ ਸਥਿਤੀ ਕਿੰਨੀ ਦੁਖਦਾਇਕ ਹੁੰਦੀ ਹੈ ਜਦੋਂ ਪਿੰਡ ਵੀ ਜੰਗਲ ਬਣ ਜਾਣ ਅਤੇ ਸ਼ਹਿਰ ਵੀ । ਨਰਿੰਜਨ ਸਿੰਘ ਨੂਰ ਆਪਣੀ ਨਜ਼ਮ : ਕੌਣ ਮੋਇਐ ? ਵਿਚ 'ਬਚਣ ਤੇ ਮਰਨ' ਦੇ ਵਿਰੋਧੀ ਜੁੱਟਾਂ ਨੂੰ ਆਧਾਰ ਬਣਾ ਕੇ 1984 ਦੇ ਮਹਾਂ-ਹਾਦਸਿਆਂ ਨੂੰ

ਇਸ ਤਰ੍ਹਾਂ ਪੇਸ਼ ਕਰਦਾ ਹੈ :

ਏਸ ਨਗਰੀ ਕੌਣ ਬਚਿਐ ?
ਸੌ ਕੁ ਰਾਧਾ ਸੁਆਮੀ,
ਚਾਰ-ਪੰਜ ਸੌ ਕਾਂਗਰਸੀਏ,
ਛੇ ਸੌ ਪੂਰਾ ਅਕਾਲੀ,
ਸੱਤ ਸੌ ਮਾਸੂਮ ਬੱਚੇ,
ਅੱਠ ਸੌ ਮਾਵਾਂ ਜਿਨ੍ਹਾਂ ਦੀ ਕੁੱਖ ਅੰਦਰ
ਰਾਮ, ਕ੍ਰਿਸ਼ਨ, ਬੁੱਧ, ਨਾਨਕ, ਰਵੀਦਾਸ, ਗੋਬਿੰਦ ਸਿੰਘ
ਮਾਰਕਸ, ਲੈਨਿਨ, ਹੋ ਚੀ ਮਿਨ੍ਹ
ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ
ਧਰਮ ਦੇ ਨਾਂ ਤੇ ਜਨੂੰਨੀ ਕੁਫ਼ਰ ਵਲੋਂ
ਕਿਵੇਂ ਬਖਸ਼ੇ ਜਾਣਗੇ
ਜੋ ਪੁੰਨ ਦੇ ਨਾਂ ਤੇ ਗੁਨਾਹ ਕੀਤੇ ਗਏ ।

ਧਰਮ ਸਾਡੇ ਇਤਿਹਾਸ-ਸਿਰਜਣ ਦਾ ਮਾਧਿਅਮ ਹੈ, ਪਰ ਧਰਮ ਦੇ ਨਾਂ ਉਤੇ ਇਹ ਜਿਹੜੇ ਮਹਾਂ-ਗੁਨਾਹ ਕੀਤੇ ਗਏ ਹਨ ਇਸ ਨਾਲ ਇਤਿਹਾਸ ਦਾ ਵਿਸਰਜਣ ਹੋਇਆ ਹੈ । ਇਹੋ ਗੱਲ ਸ਼ਾਇਰ ਨੂਰ ਸਥਾਪਿਤ ਕਰਨੀ ਚਾਹੁੰਦਾ ਹੈ ।

ਇਨ੍ਹਾਂ ਉਪ੍ਰੋਕਤ ਕਵੀਆਂ ਤੋਂ ਬਿਨਾਂ ਹੋਰ ਵੀ ਸ਼ਾਇਰ ਹਨ ਜਿਨ੍ਹਾਂ ਨੂੰ ਪੰਜਾਬ ਸਮੱਸਿਆ ਦੇ ਇਕ ਜਾਂ ਦੂਜੇ ਪੱਖ ਨੂੰ ਲੈ ਕੇ ਕਵਿਤਾਵਾਂ ਲਿਖੀਆਂ ਹਨ ਜੋ ਕਿ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਛਪਦੀਆਂ ਰਹੀਆਂ ਹਨ ਜਿਵੇਂ ਗਿਆਨੀ ਦਰਸ਼ਨ ਸਿੰਘ, ਸੰਤੋਖ ਸਿੰਘ ਸੰਤੋਖ, ਹਰਜੀਤ ਅਟਵਾਲ, ਅਵਤਾਰ ਸਾਦਿਕ ਆਦਿ ਦੀਆਂ । ਪਰ ਇਹ ਸਾਰੀਆਂ ਪੁਸਤਕੀ ਰੂਪ ਵਿਚ ਅਜੇ ਪ੍ਰਾਪਤ ਨਹੀਂ ਹੋ ਸਕੀਆਂ ।

ਪੰਜਾਬ ਸਮੱਸਿਆ ਬਾਰੇ ਲਿਖੀਆਂ ਗਈਆਂ ਕਹਾਣੀਆਂ ਪ੍ਰਮੁੱਖ ਤੌਰ ਤੇ ਤਿੰਨ ਕਹਾਣੀਕਾਰਾਂ ਦੀਆਂ ਹਨ : ਰਘੁਬੀਰ ਢੰਡ, ਸ਼ਿਵਚਰਨ ਗਿੱਲ ਅਤੇ ਸਵਰਨ ਚੰਦਨ ਦੀਆਂ । ਹੁਣ ਅਸੀਂ ਇਹਨਾਂ ਕਹਾਣੀਆਂ ਦਾ ਸੰਖੇਪ ਵਿਵੇਚਨ ਪ੍ਰਸਤੁਤ ਕਰਦੇ ਹਾਂ ।

ਕਹਾਣੀ 'ਖਜ਼ਾਨਿਆਂ ਵਾਲੇ' (ਪੁਸਤਕ : ਕੁਰਸੀ) ਦੋ ਰਿਕਸ਼ਾ-ਚਾਲਕਾਂ ਦੀ ਕਹਾਣੀ ਹੈ : ਇਕ ਨਾਨਕ ਸਿੰਘ ਅਤੇ ਦੂਜਾ ਰਾਮ ਚੰਦ । ਉਹ ਦੋਵੇਂ ਭਾਰਤ ਨਗਰ ਚੌਂਕ ਵਿਚ ਖੜੇ ਸੁਆਰੀਆਂ ਦੀ ਉਡੀਕ ਕਰ ਰਹੇ ਹਨ । ਰਾਮ ਚੰਦ ਬਿਮਾਰ ਹੈ । ਉਹਨੂੰ ਸਰਦੀ ਲੱਗ ਗਈ ਹੈ । ਪਰ ਬਾਲ-ਬੱਚੇ ਨੇ ਰੋਟੀ ਤਾਂ ਖਾਣੀ ਹੀ ਹੈ ।... ਏਨੇ ਚਿਰ ਵਿਚ ਸੁਆਰੀਆਂ ਦੇ ਦੋ ਗਰੁੱਪ ਆਉਂਦੇ ਹਨ : ਇਕ ਦੋ ਲਾਲਿਆਂ ਦਾ, ਤੇ ਇਕ ਦੋ ਸਰਦਾਰਾਂ ਦਾ । ਨਾਨਕ ਸਿੰਘ ਚਾਹੁੰਦਾ ਹੈ ਉਹ ਮੋਟੇ ਲਾਲਿਆਂ ਨੂੰ ਚੁੱਕ ਲਵੇ ਤੇ ਰਾਮ ਚੰਦ ਪਤਲੇ ਸਰਦਾਰਾਂ ਨੂੰ ਕਿਉਂਕਿ ਬਿਮਾਰ ਹੋਣ ਕਰਕੇ ਰਾਮ ਚੰਦ ਲਾਲਿਆਂ ਦੀਆਂ 'ਲੋਥਾਂ' ਨੂੰ ਸਟੇਸ਼ਨ ਤੱਕ ਨਹੀਂ ਪਹੁੰਚਾ ਸਕੇਗਾ । ਪਰ ਲਾਲੇ ਨਾਨਕ ਸਿੰਘ ਦੇ ਰਿਕਸ਼ੇ 'ਚ ਬਹਿਣ ਨੂੰ ਤਿਆਰ ਨਹੀਂ ਅਤੇ ਸਰਦਾਰ ਰਾਮ ਚੰਦ ਦੇ

ਰਿਕਸ਼ੇ ਵਿਚ। ਸਿੱਟੇ ਵਜੋਂ ਲਾਲੇ ਰਾਮ ਚੰਦ ਦੇ ਹਿੱਸੇ ਹੀ ਆਉਂਦੇ ਹਨ। ਨਾਨਕ ਸਿੰਘ ਨੂੰ ਅਫਸੋਸ ਹੈ ਕਿ ਏਡਾ ਭਾਰ ਖਿੱਚ ਕੇ ਉਹਦਾ ਯਾਰ ਹੋਰ ਬਿਮਾਰ ਨਾ ਹੋ ਜਾਏ। ਜਾਣਾ ਚੌਹਾਂ ਸੁਆਰੀਆਂ ਨੇ ਸਟੇਸ਼ਨ 'ਤੇ ਹੀ ਹੈ। ਨਾਨਕ ਸਿੰਘ ਜਾਣ ਕੇ ਰਿਕਸ਼ਾ ਅੱਗੇ ਲਾਉਂਦਾ ਹੈ ਤੇ ਹੌਲੀ ਹੌਲੀ ਚਲਾਉਂਦਾ ਹੈ ਤਾਂ ਕਿ ਰਾਮ ਚੰਦ ਥੱਕ ਨਾ ਜਾਏ। ਰਾਹ ਵਿਚ ਲਾਲੇ, ਰਾਮ ਚੰਦ ਨਾਲ ਸਿੱਖ-ਵਿਰੋਧੀ ਹਿੰਦੂਆਂ ਦੇ ਹੱਕ ਵਿਚ ਗੱਲਾਂ ਕਰਦੇ ਹਨ। ਕਹਾਣੀ ਨੂੰ ਮੋੜ ਉਦੋਂ ਮਿਲਦਾ ਹੈ ਜਦੋਂ ਰਿਕਸ਼ਿਆਂ ਵਾਲੇ ਪ੍ਰਚਲਤ ਭਾਅ ਦੋ ਰੁਪਏ ਮੰਗਦੇ ਹਨ ਤੇ ਸਵਾਰੀਆਂ (ਹਿੰਦੂ ਤੇ ਸਿੱਖ ਦੋਵੇਂ) ਪੌਣੇ ਦੋ ਰੁਪਏ ਦੇਂਦੀਆਂ ਹਨ। ਸੁਆਰੀਆਂ ਚਲੀਆਂ ਜਾਂਦੀਆਂ ਹਨ ਤੇ ਇਕ ਮੰਗਤੀ ਰਿਕਸ਼ਿਆਂ ਵਾਲਿਆਂ ਕੋਲੋਂ ਭਿੱਖਿਆ ਮੰਗਦੀ ਹੈ। ਰਾਮ ਚੰਦ ਉਹਨੂੰ ਪੰਝੀ ਪੈਸੇ ਫੜਾ ਦੇਂਦਾ ਹੈ, ਤੇ ਉਹ ਅਸੀਸ ਦੇਂਦੀ ਹੈ — ਖਜ਼ਾਨੇ ਭਰੇ ਰਹਿਣ। ਇਸ ਤਰ੍ਹਾਂ ਕਹਾਣੀਕਾਰ ਪੰਜਾਬ ਸਮੱਸਿਆ ਨੂੰ ਆਰਥਕ ਅਧਾਰ ਦੇ ਕੇ ਲੋਕਾਂ ਨੂੰ ਮਜ਼ਹਬਾਂ ਵਿਚ ਨਹੀਂ, ਵਰਗਾਂ ਵਿਚ ਵੰਡਦਾ ਪ੍ਰਤੀਤ ਹੁੰਦਾ ਹੈ। ਧਾਰਮਕਤਾ, ਇਤਿਹਾਸ-ਸਿਰਜਣ ਦੀ ਵਿਧੀ ਕਦੇ ਸੀ, ਪਰ ਅੱਜ ਇਹ ਇਤਿਹਾਸ ਦਾ ਵਿਸਰਜਣ ਕਰ ਰਹੀ ਹੈ। ਇਸ ਲਈ ਮਨੁੱਖ ਨੂੰ ਧਰਮਾਂ ਦੇ ਨਹੀਂ, ਆਰਥਕ-ਸਮਾਜਕ ਆਧਾਰਾਂ ਦੇ ਅਨੁਰੂਪ ਹੀ ਸਮਝਿਆ ਜਾ ਸਕਦਾ ਹੈ — ਇਹ ਕਹਾਣੀ ਇਹੋ ਚੇਤਨਾ ਜਗਾਉਂਦੀ ਹੈ।

ਕਹਾਣੀ 'ਮੌਨ' (ਪੁਸਤਕ : ਕੁਰਸੀ) ਵਿਚ ਰਘੁਬੀਰ ਢੰਡ ਅਜਿਹੇ ਲੇਖਕਾਂ ਦੀ ਹੋਂਦ ਤੇ ਕਰਾਰੀ ਸੱਟ ਮਾਰਦਾ ਹੈ ਜਿਹੜੇ ਗੱਲੀਂ-ਬਾਤੀਂ ਤਾਂ ਸੂਰਮੇ ਹਨ ਪਰ ਅਮਲ ਵਿਚ ਨਿਰੇ ਗੋਹੇ, ਠੰਡੇ-ਠਾਰ ਤੇ ਬੇਹਿੱਸ, ਮੌਤ ਵਰਗੀ ਚੁੱਪ। ਗੱਲਾਂ ਵਿਚ ਉਹ ਕਾਡਵੈੱਲ ਤੇ ਫੌਕਸ ਵਾਂਗ ਜੀਣ-ਮਰਨ ਦਾ ਦਾਅਵਾ ਕਰਦੇ ਹਨ, ਪਰ ਅਮਲ ਵਿਚ ਗੁਰਦੁਆਰੇ ਦੇ ਭਾਈ ਤੇ ਮੰਦਰ ਦੇ ਪੰਡਤ ਕੋਲੋਂ ਡਰਦੇ ਅਤੇ ਸੰਤ ਭਿੰਡਰਾਂਵਾਲੇ ਨੂੰ ਅਪਨਾਉਣ ਤੱਕ ਚਲੇ ਜਾਂਦੇ ਹਨ। ਇਸ ਕਹਾਣੀ ਰਾਹੀਂ ਢੰਡ ਨੇ ਅਜਿਹੇ ਹੀ ਲੇਖਕਾਂ ਤੇ ਇਕ ਜ਼ਬਰਦਸਤ ਪਰਹਾਰ ਕੀਤਾ ਹੈ। ਉਹ ਦਸਦਾ ਹੈ ਕਿ ਇਸ ਤਰ੍ਹਾਂ ਦੇ ਲੇਖਕਾਂ ਨੂੰ ਕਾਗਜ਼ ਕਾਲੇ ਕਰਨ ਦਾ ਕੋਈ ਹੱਕ ਨਹੀਂ ਜਿਹੜੇ ਲੇਖਕ ਹੋਣ ਦਾ ਕੇਵਲ ਮਖੌਟਾ ਪਹਿਨਦੇ ਹਨ, ਤੇ ਅਮਲ ਵਿਚ ਏਨੇ ਸ਼ਾਂਤ ਜਿਵੇਂ ਕੋਈ ਜਿਉਂਦੇ-ਜੀਅ ਹੀ ਮਰ ਗਿਆ ਹੋਵੇ।

'ਚਿੜੀਆਂ' ਕਹਾਣੀ ਇਕ ਅਜਿਹੀ ਕੁੜੀ ਦੀ ਕਹਾਣੀ ਹੈ ਜਿਹੜੀ ਛੋਟੀ ਹੁੰਦੀ ਇਕ ਚਿੜੀ ਦੇ ਜ਼ਖਮਾਂ ਨੂੰ ਵੇਖ ਕੇ ਤ੍ਰਾਹ-ਤ੍ਰਾਹ ਕਰ ਉਠਦੀ ਸੀ। ਪਰ ਜਦੋਂ ਦਰਬਾਰ ਸਾਹਬ ਢੱਠਦਾ ਹੈ ਤਾਂ ਉਹਦਾ ਜੀਣ-ਥੀਣ ਦਾ ਚਾਅ ਹੀ ਮੁੱਕ ਜਾਂਦਾ ਹੈ। ਪਰ ਫੇਰ ਜਦੋਂ ਇੰਦਰਾ ਗਾਂਧੀ ਦਾ ਕਤਲ ਹੁੰਦਾ ਹੈ ਤਾਂ ਮੁੜ ਕੇ ਉਵੇਂ ਹੀ ਟਹਿਕ ਪੈਂਦੀ ਹੈ। ਇਸ ਕਹਾਣੀ ਬਾਰੇ ਡਾ: ਕੇਸਰ ਕਹਿੰਦਾ ਹੈ : 'ਇਹ ਇਕ ਮਨੋਵਿਗਿਆਨਕ ਕਹਾਣੀ ਹੈ ਜਿਸ ਵਿਚ ਸਮਕਾਲੀ ਸੰਕਟ ਵਿਚ ਸਿੱਖ ਮਾਨਸਿਕਤਾ ਦੇ ਜ਼ਖਮੀ ਹੋਣ ਅਤੇ ਫੇਰ ਅਰੋਗ ਹੋ ਜਾਣ ਦੀ ਗੱਲ ਹੈ...ਜੋ ਜ਼ਖਮੀ ਮਨ ਬਦਲੇ ਦੇ ਮਰ੍ਹਮ ਨਾਲ

ਰਾਜ਼ੀ ਹੋ ਜਾਂਦਾ ਹੈ ਤਾਂ ਇਹ ਨਿਰਾ ਬਚਗਾਨਾਪਨ ਹੈ, ਉਸ ਮਾਸੂਮ ਬਚਪਨੇ ਤੋਂ ਵੀ ਨਿੱਕਾ ਜਦੋਂ ਚਿੜੀ ਦੀ ਪੀੜ ਵੀ ਆਪਣੀ ਪੀੜ ਜਾਪਦੀ ਸੀ। ਢੰਡ ਦੀ ਇਹ ਕਹਾਣੀ, ਦਰਅਸਲ, ਸਾਨੂੰ ਬਾਲਗ਼-ਬੁੱਧ ਹੋਣ ਲਈ ਵੰਗਾਰ ਰਹੀ ਹੈ।'

ਪਰ ਡਾ: ਕੇਸਰ ਦੇ ਇਹਨਾਂ ਲਫ਼ਜ਼ਾਂ ਦੇ ਬਾਵਜੂਦ ਇਹ ਜਾਪਦਾ ਹੈ ਜਿਵੇਂ ਇਹ ਕਹਾਣੀ ਸਮੁੱਚੀ ਸਿੱਖ ਸੰਪਰਦਾਏ (ਸਿੱਖ ਕੁੜੀ ਜੀਤੀ ਦੇ ਪ੍ਰਤਿਨਿੱਧ ਪਾਤਰ ਰਾਹੀਂ) ਨੂੰ ਬਦਲੇ ਦੀ ਭਾਵਨਾ ਨਾਲ ਖੁਸ਼ ਹੋ ਜਾਣ ਵਾਲੀ ਵਜੋਂ ਸੰਕਲਪਦੀ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਅਜਿਹੀਆਂ ਇਕ-ਦੋ ਘਟਨਾਵਾਂ ਘਟੀਆਂ ਤਾਂ ਸਨ, ਪਰ ਉਹਨਾਂ ਕਿਰਦਾਰਾਂ ਦੀ ਕਿਰਦਾਰ-ਨਿਗਾਰੀ ਲਈ ਤੇ ਉਹਨਾਂ ਨੂੰ ਵਿਸ਼ਿਸ਼ਟ ਰੂਪ ਪ੍ਰਦਾਨ ਕਰਨ ਲਈ ਉਹਨਾਂ ਦੀ ਪਿੱਠਭੂਮੀ ਵਿਚੋਂ ਅੱਪਵਾਦੀ ਰੂਪ ਵਿਚ ਬਦਲਾ-ਲਊ ਝੁਕਾਅ ਨਿਕਲਣੇ ਚਾਹੀਦੇ ਸਨ। ਸ਼ਾਇਦ ਕਹਾਣੀਕਾਰ ਢੰਡ ਸੰਤੁਲਤ ਸੋਚ ਵਾਲਾ ਹੋਣ ਦੇ ਬਾਵਜੂਦ ਇਸ ਕਹਾਣੀ ਵਿਚ ਠੀਕ ਜੁਗਤਾਂ ਦੀ ਵਰਤੋਂ ਨਹੀਂ ਕਰ ਸਕਿਆ। ਬਲਕਿ ਉਹ ਇਕ ਅੱਛੀ-ਖਾਸੀ ਕੁੜੀ ਦੇ ਪਾਤਰ ਨੂੰ ਗਲਤ ਥਾਂ ਉਤੇ ਇਕ ਜੁਗਤ ਵਜੋਂ ਵਰਤ ਗਿਆ ਹੈ।

ਪੰਜਾਬ ਸਮੱਸਿਆ ਨਾਲ ਸੰਬੰਧਤ ਸ਼ਿਵਚਰਨ ਗਿੱਲ ਦੀਆਂ ਪੰਜ ਕਹਾਣੀਆਂ ਪ੍ਰਾਪਤ ਹਨ : ਬੇਅਣਖੇ, ਰਾਜ-ਧਰਮ, ਰਾਖੀ, ਖਬਰ ਦੀ ਜ਼ਹਿਰ ਅਤੇ ਬੈਸੰਤਰ (ਪੁਸਤਕ : ਬਦਰੰਗ)।

'ਬੇਅਣਖੇ', ਇਕ ਸਿੱਖ-ਜੱਟ ਅਤੇ ਕਾਂਗਰਸੀ ਐਮ. ਐਲ. ਏ. ਦੀ ਕਹਾਣੀ ਹੈ। ਉਹ ਉਦੋਂ ਵੀ ਕਾਂਗਰਸ ਦਾ ਅਲਾਪ ਕਰਨੋਂ ਨਹੀਂ ਹੱਟਦਾ ਜਦੋਂ ਉਹਦੇ ਹੀ ਪਿੰਡ ਵਿਚ ਫੌਜ ਤਾਇਨਾਤ ਕਰ ਦਿਤੀ ਜਾਂਦੀ ਹੈ। ਉਹ ਸਮਝਦਾ ਹੈ ਇਹ ਸੀ. ਆਰ. ਪੀ. ਤਾਂ ਉਹਨਾਂ ਦੀ ਹਿਫ਼ਾਜ਼ਤ ਲਈ ਹੀ ਤਾਇਨਾਤ ਕੀਤੀ ਗਈ ਹੈ। ਉਹ ਫ਼ੌਜ ਦੇ ਚੀਫ਼ ਨੂੰ ਮਿਲਦਾ ਵੀ ਹੈ ਤੇ ਆਪਣੇ ਐਮ. ਐਲ. ਏ. ਹੋਣ ਦੀ ਦੁਹਾਈ ਪਾ ਕੇ ਪਿੰਡ ਵਿਚ ਆਪਣੀ ਚੌਧਰ ਦੇ ਮੁਲੰਮੇ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਪਰ ਚੀਫ਼ ਉਹਦੀ ਕੋਈ ਪਰਵਾਹ ਨਹੀਂ ਕਰਦਾ। ਪਿੰਡ ਵਿਚ ਕਰਫ਼ਿਊ ਲੱਗਾ ਰਹਿੰਦਾ ਹੈ, ਤੇ ਸਿਰਫ ਦੋ ਕੁ ਘੰਟੇ ਹੀ ਖੁਲ੍ਹਦਾ ਹੈ ਜਦੋਂ ਲੋਕ ਆਪਣੇ ਡੰਗਰਾਂ ਲਈ ਪੱਠਾ-ਦੱਥਾ ਵੱਢ ਕੇ ਲਿਆਉਂਦੇ ਹਨ। ਅੰਤ, ਇਕ ਦਿਨ ਕਰਫਿਊ ਸਮੇਂ ਉਹਦੀ ਧੀ ਬਲਵੰਤ ਫ਼ੌਜੀ ਸਿਪਾਹੀਆਂ ਦੇ ਕਾਬੂ ਆ ਜਾਂਦੀ ਹੈ। 'ਮੈਂ ਅਰਜਨ ਸਿੰਘ ਐਮ. ਐਲ. ਏ. ਦੀ ਧੀ ਹਾਂ' — ਵਰਗੀ ਉਹਦੀ ਗੱਲ ਕੋਈ ਨਹੀਂ ਸੁਣਦਾ। ਤੇ ਫ਼ੌਜੀ ਕਹਿੰਦਾ ਹੈ : 'ਆਜ ਤੋ ਹਮ ਭੀ ਦੇਖੇਂਗੇ ਵੋਹ ਰਾਸਤਾ ਜਹਾਂ ਸੇ ਮਾਰਸ਼ਲ ਕੌਮ ਆਤੀ ਹੈ।' ਉਹ ਬਲਾਤਕਾਰ ਦਾ ਸ਼ਿਕਾਰ ਹੋਣ ਦੇ ਕੰਢੇ ਤੇ ਹੈ ਜਦੋਂ ਉਹਦੇ ਹੱਥ ਫ਼ੌਜੀ ਦੀ ਬੰਦੂਕ ਆ ਜਾਂਦੀ ਹੈ ਤੇ ਉਹ ਦੋ-ਤਿੰਨਾਂ ਨੂੰ ਉਥੇ ਹੀ ਢੇਰੀ ਕਰ ਦੇਂਦੀ ਹੈ। ਲੇਖਕ ਦਾ ਪ੍ਰਯੋਜਨ ਕਾਂਗਰਸ ਵਲੋਂ, ਫ਼ੌਜ ਦੀ ਸ਼ਕਲ ਵਿਚ, ਸਿੱਖਾਂ ਤੇ ਢਾਏ ਜ਼ੁਲਮ ਨੂੰ ਅਭਿਵਿਅਕਤੀ ਦੇਣੀ ਹੈ, ਤੇ ਇਹ ਸਾਬਤ ਕਰਨਾ ਹੈ ਕਿ ਮਾਰਸ਼ਲ ਕੌਮ ਨੂੰ ਪੈਦਾ

ਕਰਨ ਵਾਲੀ ਕੁੱਖ ਅੱਜ ਵੀ ਸ਼ੇਰਨੀ ਬਣ ਸਕਦੀ ਹੈ। ਬਲਵੰਤ ਕੌਰ ਸਿੱਧੂ ਇਕ ਤਰ੍ਹਾਂ ਮਾਈ ਭਾਗੋ ਬਣ ਕੇ ਪਿਉ-ਭਰਾਵਾਂ ਨੂੰ ਫਿਟਕਾਰਾਂ ਪਾਉਂਦੀ ਹੈ। ਇਹ ਕਹਾਣੀ ਪੰਜਾਬ ਸਮੱਸਿਆ ਨੂੰ ਕੇਵਲ ਸਿੱਖ-ਸਮੱਸਿਆ ਵਜੋਂ ਪੇਸ਼ ਕਰਦੀ ਹੋਈ ਸਮੱਸਿਆ ਦੇ ਸਮਾਜਾਰਥਕ ਆਧਾਰਾਂ ਨੂੰ ਸਮਝਣੋਂ ਅਸਮਰਥ ਰਹਿੰਦੀ ਹੈ।

ਕਹਾਣੀ 'ਰਾਜ-ਧਰਮ' ਕਾਂਗਰਸ ਦੇ ਇਕ ਵਿਸ਼ੇਸ਼ ਸੇਵਾਦਾਰ ਨੂੰ ਲੈ ਕੇ ਲਿਖੀ ਗਈ ਹੈ ਜੋ ਕਿ ਅਨੁਸੂਚਿਤ ਜਾਤੀਆਂ ਵਿਚੋਂ ਹੈ। ਅੰਤ ਵਿਚ ਸਿੱਖਾਂ ਦੀ ਸਰਦਾਰ ਧਿਰ ਉਹਨੂੰ ਮੁਆਫ਼ ਨਹੀਂ ਕਰਦੀ। ਕਹਾਣੀ ਦੀ ਸ਼ੈਲੀ ਪ੍ਰਤੀਕਮਈ ਹੈ। ਲੇਖਕ ਦੀ ਹਮਦਰਦੀ ਵੀ ਸਰਦਾਰ ਧਿਰ ਨਾਲ ਹੀ ਹੈ।

'ਰਾਖੀ'-ਕਹਾਣੀ ਵਿਚ ਫਿਰ ਫ਼ੌਜ ਹੱਥੋਂ ਪੰਜਾਬ ਦੇ ਸਿੱਖ ਸ਼ਹਿਰੀਆਂ ਦੀ ਬੇਹੁਰਮਤੀ ਦਾ ਚਿਤਰ ਪੇਸ਼ ਹੁੰਦਾ ਹੈ। ਜਗਦੀਸ਼ ਆਪਣੇ ਪਿਉ ਦੀ ਬਿਮਾਰੀ ਸਮੇਂ ਇੰਡੀਆ ਆਇਆ ਹੈ। ਉਹਦਾ ਭਰਾ ਇਕ ਦਿਨ ਦੁਕਾਨ ਤੇ ਉਹਨੂੰ ਬਹਾ ਕੇ ਆਪ ਦੋ-ਚਾਰ ਕੰਮ ਕਰਨ ਲਈ ਕਿਸੇ ਦੂਜੇ ਸ਼ਹਿਰ ਚਲਾ ਜਾਂਦਾ ਹੈ। ਤੇ ਪਿਛੋਂ ਸੀ. ਆਰ. ਪੀ. ਦੇ ਸਿਪਾਹੀ ਜਗਦੀਸ਼ ਨੂੰ ਮਾਰਦੇ-ਕੁੱਟਦੇ ਹਨ ਕਿ ਉਹਦੀ ਦੁਕਾਨ ਤੋਂ ਖਾਲਿਸਤਾਨੀ ਛੋਕਰੇ ਦੁੱਧ ਪੀ ਕੇ ਗਏ ਹਨ। 'ਨਵੇਂ ਬਣੇ ਮੁਗ਼ਲ' — ਇਸ ਕਹਾਣੀ ਦਾ ਸਾਰਾਂਸ਼ ਹੈ। ਕਹਾਣੀਕਾਰ ਦਾ ਪ੍ਰਮੁੱਖ ਪ੍ਰਯੋਜਨ, ਸੀ. ਆਰ. ਪੀ. ਦੇ ਜ਼ੁਲਮਾਂ ਨੂੰ ਬਿਆਨ ਕਰਨਾ ਹੈ।

'ਖ਼ਬਰ ਦੀ ਜ਼ਹਿਰ' ਕਹਾਣੀ ਵਧੇਰੇ ਸੰਤੁਲਤ ਹੈ। ਇਹ ਦੋ ਦੋਸਤਾਂ ਦੀ ਕਹਾਣੀ ਹੈ: ਕਰਮ ਚੰਦ ਅਤੇ ਮਹਿੰਦਰ ਸਿੰਘ ਸੰਧੂ ਦੀ ਜਿਹੜੇ ਸਾਲਾਂ ਤੋਂ ਇੰਗਲੈਂਡ ਵਿਚ ਰਹਿ ਰਹੇ ਹਨ। ਉਹ ਦੋਸਤ ਨਹੀਂ ਸੱਚੇ ਭਰਾ ਹਨ। ਸੰਧੂ ਦੇ ਘਰ ਅਖੰਡ-ਪਾਠ ਦਾ ਭੋਗ ਪਿਆ ਹੈ ਤੇ ਲੰਗਰ ਖੁਲ੍ਹਿਆ ਹੋਇਆ ਹੈ। ਕਰਮ ਚੰਦ ਦਾ ਸਾਰਾ ਪਰਿਵਾਰ ਰਸੋਈ ਵਿਚ ਲੰਗਰ ਤਿਆਰ ਕਰ ਰਿਹਾ ਤੇ ਸੰਗਤਾਂ ਨੂੰ ਵਰਤਾ ਰਿਹਾ ਹੈ। ਤਦੋ ਰੇਡੀਉ ਤੇ ਖਬਰਾਂ ਆਉਂਦੀਆਂ ਹਨ ਕਿ ਸਿੱਖਾਂ ਵਲੋਂ ਏਨੇ ਹਿੰਦੂ ਮਾਰ ਦਿਤੇ ਗਏ। ਕਰਮ ਚੰਦ ਦਾ ਸਾਰਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ। ਤੇ ਉਹ ਘਰ ਨੂੰ ਚਲਾ ਜਾਂਦਾ ਹੈ। ਜਦੋਂ ਸੰਧੂ ਉਹਨੂੰ ਇਕ ਦਮ ਖਿਸਕ ਆਉਣ ਦਾ ਕਾਰਨ ਪੁਛਦਾ ਹੈ ਤਾਂ ਉਹ ਕਹਿੰਦਾ ਹੈ: 'ਮਹਿੰਦਰਾ, ਬਹੁਤੀਆਂ ਗੱਲਾਂ ਦਾ ਕੋਈ ਫ਼ੈਦਾ ਨੀਂ। ਸਾਨੂੰ ਹੁਣ ਕਿਸੇ ਨੇ ਪੰਜਾਬ 'ਚ ਰਹਿਣ ਨੀ ਦੇਣਾ। ਆਪਣੀ ਭਾਈਵੰਦੀ ਨਈਂ ਪੁੱਗਣੀ। ਤੂੰ ਪੱਤੇ ਵਾਚ ਜਾ। ਮੈਂ ਸੜਿਆ-ਮੱਚਿਆ ਬੈਠਾਂ। ਹੋਰ ਨਾ ਮੈਥੋਂ ਕੋਈ ਗ਼ਲਤ ਕੰਮ ਹੋ ਜੇ।'

ਪਰ ਫੇਰ ਕੁਝ ਦਿਨਾਂ ਪਿਛੋਂ ਜਦੋਂ ਇਕ ਹੋਰ ਖਬਰ ਆਉਂਦੀ ਹੈ ਕਿ: 'ਹਰਿਆਣਾ ਸਟੇਟ ਦੇ ਵੱਖ-ਵੱਖ ਸ਼ਹਿਰਾਂ ਵਿਚ ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨਾਂ ਨੂੰ ਅੱਗ ਦੀ ਭੇਂਟ ਕਰ ਦਿਤਾ ਗਿਆ।...ਗੁਰਦੁਆਰਾ ਲੂਹ ਦਿਤਾ...ਤੇ ਸਿੱਖਾਂ ਦੀਆਂ ਅੱਧ-ਝੁਲਸੀਆਂ ਲਾਸ਼ਾਂ ਮਿਲੀਆਂ।' ਤਾਂ ਕਰਮ ਚੰਦ ਵਾਹੋ ਦਾਹੀ ਮਹਿੰਦਰ ਦੇ ਘਰ ਨੂੰ ਭੱਜ ਜਾਂਦਾ ਹੈ।

ਕਹਾਣੀਕਾਰ ਦਾ ਪ੍ਰਯੋਜਨ 'ਖ਼ਬਰ ਦੀ ਜ਼ਹਿਰ' ਦੇ ਅਸਰ ਨੂੰ ਬਿਆਨ ਕਰਨਾ ਹੈ। ਅਜਿਹਾ ਅਸਰ ਇੰਗਲੈਂਡ ਵਿਚ ਹੋਇਆ ਜ਼ਰੂਰ ਪਰੰਤੂ ਕੇਵਲ ਉਹਨਾਂ ਲੋਕਾਂ ਤੇ ਜਿਹੜੇ ਪਹਿਲਾਂ ਹੀ ਫਿਰਕੂ-ਭਾਵਨਾ ਰੱਖਦੇ ਸਨ। ਕਰਮ ਚੰਦ ਅਤੇ ਮਹਿੰਦਰ ਸੰਧੂ ਵਰਗੇ ਪਾਤਰਾਂ ਤੇ ਇਹ ਅਸਰ ਨਹੀਂ ਸੀ ਹੋਇਆ। ਅਜਿਹੇ ਪਾਤਰ ਤਾਂ ਸਗੋਂ ਫਿਰਕੂ ਜ਼ਹਿਰ ਨੂੰ ਖ਼ਤਮ ਕਰਨ ਲਈ ਦਿਨ-ਰਾਤ ਕੰਮ ਕਰਦੇ ਰਹੇ ਹਨ। 'ਬੈਸੰਤਰ'-ਕਹਾਣੀ ਵਿਚ ਲੇਖਕ ਇਹ ਗੱਲ ਪਰਪੱਕ ਕਰਦਾ ਹੈ ਕਿ ਜੇ ਖਾਲਿਸਤਾਨ ਦੀ ਮੰਗ ਸਹੀ ਹੈ ਤਾਂ ਫਿਰ ਅਫਗਾਨਿਸਤਾਨ ਦੇ ਮੁਜਾਹਦੀਨਾਂ ਦੀ ਵੀ ਸਹੀ ਹੈ। ਸਿੱਖਾਂ ਦੀ ਹੋਂਦ ਅਤੇ ਮੁਜਾਹਦੀਨਾਂ ਦੀ ਹੋਂਦ ਨੂੰ ਲੇਖਕ ਨਿਆਇਸ਼ੀਲ ਤਰਕ ਪ੍ਰਦਾਨ ਕਰਦਾ ਹੋਇਆ ਕੇਂਦਰ ਨੂੰ ਸਿੱਖ-ਮੱਤ ਦੇਂਦਾ ਹੈ ਕਿ ਉਹ ਪੰਜਾਬ ਦੀ ਅੱਗ ਨੂੰ ਬੈਸੰਤਰ ਨਾ ਸਮਝਣ, ਇਹਦਾ ਕੁਝ ਕਰਨ। ਇਸ ਦੇ ਨਾਲ ਹੀ ਉਹ ਗੁਰਦੁਆਰੇ ਦੇ ਢੌਂਗੀ ਲੀਡਰਾਂ ਨੂੰ ਵੀ ਨੰਗਿਆਂ ਕਰਦਾ ਹੈ ਜਿਨ੍ਹਾਂ ਲਈ ਖਾਲਿਸਤਾਨ ਦੀ ਲਹਿਰ ਖਾਣ-ਪੀਣ ਅਤੇ ਚੌਧਰਾਂ ਚਮਕਾਉਣ ਦਾ ਵਸੀਲਾ ਬਣੀ ਹੋਈ ਹੈ। ਸ਼ਿਵਚਰਨ ਗਿੱਲ ਦੀਆਂ ਇਹ ਕਹਾਣੀਆਂ ਇਕ ਖਾਸ ਮਾਨਸਿਕਤਾ ਦੀਆਂ ਕਹਾਣੀਆਂ ਹਨ, ਕੇਵਲ ਰੂੜ੍ਹ ਸਿੱਖ ਮਾਨਸਿਕਤਾ ਦੀਆਂ। ਇਹ ਕਹਾਣੀਆਂ ਪੰਜਾਬ ਸਮੱਸਿਆ ਦੇ ਆਰਥਕ ਅਧਾਰਾਂ ਨੂੰ ਨਹੀਂ ਸਮਝਦੀਆਂ। ਇਹ ਵਰਤਾਰੇ ਦੀਆਂ ਕਹਾਣੀਆਂ ਵਜੋਂ ਹੀ ਪੇਸ਼ ਹੁੰਦੀਆਂ ਹਨ।

ਸਵਰਨ ਚੰਦਨ ਦੀਆਂ ਦੋ ਕਹਾਣੀਆਂ ਇਸ ਸਮੱਸਿਆ ਨਾਲ ਸੰਬੰਧਤ ਹਨ : 'ਡਰਿਆ ਹੋਇਆ ਆਦਮੀ' ਅਤੇ 'ਇਕ ਸ਼ਹਿਰ ਦੀ ਦਾਸਤਾਨ'। (ਪੁਸਤਕ : ਲਾਲ ਚੌਂਕ) 'ਡਰਿਆ ਹੋਇਆ ਆਦਮੀ' ਬਾਹਰੋਂ ਆਏ ਬੰਦੇ ਦੇ ਦਿੱਲੀ ਤੋਂ ਅੰਮ੍ਰਿਤਸਰ ਤੱਕ ਦੇ ਰੇਲਵੇ ਸਫਰ ਦੀ ਕਹਾਣੀ ਹੈ ਜੋ ਪੂਰਾ ਪੈਂਡਾ ਇਕ ਤਣਾਉ ਵਿਚੋਂ ਗੁਜ਼ਰਦਾ ਹੈ। ਅੰਮ੍ਰਿਤਸਰ ਪਹੁੰਚਦਿਆਂ ਤੱਕ ਉਹਦੇ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ ਤੇ ਉਹਨੂੰ ਸਮਝ ਆਉਂਦੀ ਹੈ ਕਿ ਇਹ ਸਮੱਸਿਆ, ਹਿੰਦੂ-ਸਿੱਖ ਸਮੱਸਿਆ ਨਹੀਂ ਹੈ ਸਗੋਂ ਸਰਕਾਰੀ ਨੀਤੀਆਂ ਤੇ ਕੁਰਸੀ-ਭੁੱਖ ਦੀ ਪੈਦਾ ਕੀਤੀ ਹੋਈ ਸਮਾਜਕ ਤੇ ਰਾਜਨੀਤਿਕ ਸਮੱਸਿਆ ਹੈ। ਜਦੋਂ ਉਹ ਅੰਮ੍ਰਿਤਸਰ ਗੱਡੀਉਂ ਉਤਰ ਕੇ ਰਿਕਸ਼ਾ ਲੈਂਦਾ ਹੈ ਤਾਂ ਰਿਕਸ਼ੇ ਵਾਲੇ ਭਈਏ ਨੂੰ ਕਰਫਿਊ ਲੱਗਣ ਦਾ ਕਾਰਨ ਪੁਛਦਾ ਹੈ। ਭਾਈਆ ਅੱਗੋਂ ਉੱਤਰ ਦੇਂਦਾ ਹੈ : 'ਤਾਂਕਿ ਹਮ ਲੋਗ ਆਰਾਮ ਸੇ ਭੂਖੇ ਪੇਟ - ਮਰ ਸਕੇਂ।'

'ਇਕ ਸ਼ਹਿਰ ਦੀ ਦਾਸਤਾਨ', ਅੰਮ੍ਰਿਤਸਰ ਵਿਚ ਫੈਲੀ ਗੰਦਗੀ, ਭਰਿਸ਼ਟਾਚਾਰ, ਬਦਬੂ ਅਤੇ ਚਰਿਤਰ-ਹੀਣਤਾ ਦੀ ਕਹਾਣੀ ਹੈ ਜਿੱਥੇ ਸਾਧਾਰਨ ਲੋਕ, ਸ਼ਹਿਰ ਦੇ ਦੁਆਲੇ ਵਗਦੇ ਗੰਦੇ ਨਾਲੇ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਪਰ ਜਦੋਂ ਮੰਜੀ ਸਾਹਿਬ ਤੋਂ ਇਹ ਬਿਆਨ ਜਾਰੀ ਹੁੰਦਾ ਹੈ ਕਿ ਸਾਡੇ ਇਸ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਤਾ ਜਾਏ ਤਾਂ ਕਹਾਣੀ ਦਾ ਨਾਇਕ ਹੈਰਾਨੀ ਵਿਚ ਆਪਣੇ ਮਿੱਤਰ ਦਾ ਮੂੰਹ ਤੱਕਦਾ ਰਹਿ ਜਾਂਦਾ ਹੈ।

ਇੰਜ ਅਸੀਂ ਵੇਖਦੇ ਹਾਂ ਕਿ ਬ੍ਰਤਾਨਵੀ ਪੰਜਾਬੀ ਕਵਿਤਾ ਅਤੇ ਕਹਾਣੀ ਨੇ ਪੰਜਾਬ ਸਮੱਸਿਆ ਨੂੰ ਲੇਖਕ ਦੇ ਸੰਸਾਰ-ਦ੍ਰਿਸ਼ਟੀਕੋਨ ਦੇ ਆਧਾਰ ਤੇ ਵੱਖ-ਵੱਖ ਰੂਪਾਂ ਵਿਚ ਕਲਾਤਮਕ ਪੇਸ਼ਕਾਰੀ ਦਿਤੀ ਹੈ। ਪੰਜਾਬ ਸਮੱਸਿਆ ਨਾਲ ਸੰਬੰਧਤ ਹੋਰ ਨਜ਼ਮਾਂ ਤੇ ਕਹਾਣੀਆਂ ਵੀ ਹੋਣਗੀਆਂ, ਪਰ ਇਸ ਪੱਤਰ ਵਿਚ ਸਾਡੀ ਚੋਣ ਕੇਵਲ ਪੁਸਤਕ ਰੂਪ ਵਿਚ ਪ੍ਰਾਪਤ ਰਚਨਾਵਾਂ ਤਕ ਹੀ ਸੀਮਤ ਸੀ। ਇਸ ਸਮੱਸਿਆ ਨਾਲ ਸੰਬੰਧਤ ਅਜੇ ਤੱਕ ਕੋਈ ਨਾਵਲ ਸਾਹਮਣੇ ਨਹੀਂ ਆਇਆ। ਸ਼ਾਇਦ ਭਵਿੱਖ ਵਿਚ ਅਜਿਹਾ ਹੋ ਸਕੇ — ਇਸ ਦੀ ਆਸ ਕੀਤੀ ਜਾ ਸਕਦੀ ਹੈ।

(1992)

□

ਬ੍ਰਤਾਨਵੀ ਪੰਜਾਬੀ ਗਲਪ ਦਾ ਮੁੱਲ-ਪ੍ਰਬੰਧ

ਸਮਾਜ-ਵਿਗਿਆਨਕ ਪੱਧਰ ਤੇ ਮੁੱਲ-ਪ੍ਰਬੰਧ ਉਹਨਾਂ ਸਮਾਜਕ, ਆਰਥਕ, ਸਭਿਆਚਾਰਕ ਅਤੇ ਵਿਚਾਰਧਾਰਕ ਮੁੱਲਾਂ ਦੀ ਸੰਰਚਨਾ ਦਾ ਸਮੁੱਚ ਹੈ ਜੋ ਕਿਸੇ ਵਿਸ਼ੇਸ਼ ਸਮਾਜ ਦੀ ਇਤਿਹਾਸਕ ਪ੍ਰਗਤੀ ਦਾ ਕਾਰਨ ਵੀ ਬਣ ਸਕਦਾ ਹੈ ਅਤੇ ਉਸ ਸਮਾਜ ਦੀ ਅਧੋਗਤੀ ਜਾਂ ਫਿਰ ਪਿੱਛੇ ਲੈ ਜਾਣ ਦਾ ਕਾਰਨ ਵੀ। ਕਿਸੇ ਸਮਾਜ ਦੇ ਉਪ੍ਰੋਕਤ ਸਾਰੇ ਮੁੱਲ ਉਹ ਕਦਰਾਂ-ਕੀਮਤਾਂ ਹਨ ਜਿਨ੍ਹਾਂ ਵਿਚੋਂ ਕੁਝ ਪ੍ਰਾਪਤ ਹਨ ਅਤੇ ਕੁਝ ਅਪ੍ਰਾਪਤ। ਪ੍ਰਾਪਤ ਤੇ ਅਪ੍ਰਾਪਤ ਦਾ ਨਿਖੇੜਾ, ਦਰਅਸਲ, ਪਰੰਪਰਾ ਤੇ ਪ੍ਰਗਤੀ ਦਾ ਨਿਖੇੜਾ ਹੈ। ਪ੍ਰਾਪਤ ਵਿਚ ਉਹ ਸਾਰੇ ਮੁੱਲ ਸ਼ਾਮਿਲ ਹਨ ਜਿਹੜੇ ਕਦੇ ਪਰਧਾਨ ਵਿਚਾਰਧਾਰਾ ਦਾ ਅੰਗ ਰਹੇ ਹਨ ਜਾਂ ਫਿਰ ਅਜੇ ਵੀ ਹਨ, ਜਦੋਂ ਕਿ ਅਪ੍ਰਾਪਤ ਦੀ ਪੱਧਰ ਤੇ ਉਹ ਮੁੱਲ ਜਾਂ ਫਿਰ ਮੁੱਲਾਂ ਦਾ ਵਿਧਾਨ ਹੈ ਜਿਸ ਨੇ ਸਮਾਜ ਨੂੰ ਪ੍ਰਗਤੀ ਦੀ ਅਗਲੀ ਪੱਧਰ ਤੇ ਲੈ ਜਾਣਾ ਹੈ।

ਅਸਲ ਵਿਚ ਸਮੁੱਚੇ ਮਨੁੱਖੀ-ਇਤਿਹਾਸ ਨੂੰ ਦੋ ਪ੍ਰਕਾਰ ਦੇ ਮੁੱਲ-ਪ੍ਰਬੰਧਾਂ ਦੇ ਇਤਿਹਾਸ ਵਜੋਂ ਵਿਆਖਿਆਇਆ ਜਾ ਸਕਦਾ ਹੈ :

(ੳ) ਆਦਰਸ਼ਵਾਦੀ ਜਾਂ ਵਿਚਾਰਵਾਦੀ ਮੁੱਲ-ਪ੍ਰਬੰਧ, ਅਤੇ

(ਅ) ਪਦਾਰਥਵਾਦੀ ਮੁੱਲ-ਪ੍ਰਬੰਧ

ਇਹਨਾਂ ਦੋ ਮੁੱਲ-ਪ੍ਰਬੰਧਾਂ ਪਿੱਛੇ ਦੋ ਸੰਸਾਰ-ਦ੍ਰਿਸ਼ਟੀਕੋਣ ਕੰਮ ਕਰ ਰਹੇ ਹਨ। ਆਦਰਸ਼ਵਾਦੀ ਜਾਂ ਵਿਚਾਰਵਾਦੀ ਮੁੱਲ-ਪ੍ਰਬੰਧ ਇਸ ਆਸਰੇ ਖੜਾ ਹੈ ਕਿ ਵਿਚਾਰ ਦੀ ਹੋਂਦ ਪ੍ਰਮੁੱਖ ਹੈ ਅਤੇ ਪਦਾਰਥ ਦੀ ਦੁਜੈਲੀ। ਇਸ ਅਨੁਸਾਰ ਮਨੁੱਖੀ-ਹੋਂਦ ਉਹਦੀ ਚੇਤਨਾ ਨੂੰ ਨਿਸ਼ਚਿਤ ਨਹੀਂ ਕਰਦੀ ਬਲਕਿ ਇਸ ਦੇ ਉਲਟ, ਚੇਤਨਾ ਮਨੁੱਖੀ-ਹੋਂਦ ਨੂੰ ਨਿਸ਼ਚਿਤ ਕਰਦੀ ਹੈ। ਚੇਤਨਾ ਦੀ ਇਹ ਪ੍ਰਮੁੱਖਤਾ ਇਹ ਵੀ ਸਿੱਧ ਕਰਦੀ ਹੈ ਕਿ ਮਨੁੱਖਾਂ ਵਿਚਲੇ ਫ਼ਰਕ ਉਹਨਾਂ ਦੇ ਜਨਮ ਕਰਕੇ ਹੁੰਦੇ ਹਨ ਅਤੇ ਵਰਗ-ਵਿਭਾਜਿਤ-ਸਮਾਜ ਵਿਚ ਸਰਦਾਰੀ ਦਾ ਹੱਕ ਅਜਿਹੇ ਵਰਗ ਕੋਲ ਹੀ ਹੋਣਾ ਚਾਹੀਦਾ ਹੈ ਜਿਸ ਦੀ ਚੇਤਨਾ ਧੁਰੋਂ ਹੀ ਅਜਿਹਾ ਕਰਨ ਦੇ ਯੋਗ ਹੈ ਜਾਂ ਜਿਹਨਾਂ ਨੂੰ ਵਰਾਸਤ ਵਜੋਂ

ਹੀ ਅਜਿਹੇ ਗੁਣ ਪ੍ਰਾਪਤ ਹਨ। ਕਾਲੇ ਰੰਗ ਦੇ ਲੋਕਾਂ ਨੂੰ ਜਨਮ ਵਜੋਂ ਹੀ ਘਟੀਆ ਸਮਝਣਾ ਅਤੇ ਨਸਲਵਾਦ ਨੂੰ ਉਤਸ਼ਾਹਿਤ ਕਰਨਾ ਇਸੇ ਹੀ ਸੋਚ ਦਾ ਸਿੱਟਾ ਹੈ। ਰਾਜਨੀਤਿਕ ਪੱਧਰ ਤੇ ਸਮਾਜ ਦੀ ਸਰਦਾਰ ਧਿਰ 'ਚੱਕਰ-ਸਿਧਾਂਤ' (Circle Theory) ਵਿਚ ਵਿਸ਼ਵਾਸ ਰਖਦੀ ਹੈ। ਇਸ ਸਿਧਾਂਤ ਅਨੁਸਾਰ ਬੁਰਜੂਆ ਸਮਾਜ, ਸੰਸਕ੍ਰਿਤੀ ਦੇ ਇਤਿਹਾਸਕ ਵਿਕਾਸ ਦੀ ਆਖਰੀ ਸਿਖਰ ਹੈ। ਜੇ ਇਸ ਸਮਾਜ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਦਾ ਜ਼ਰੂਰੀ ਨਤੀਜਾ ਵਰਤਮਾਨ ਸਭਿਆਚਾਰਾਂ ਤੇ ਸਭਿਆਤਾਵਾਂ ਦੇ ਅਸਤ-ਵਿਅਸਤ ਹੋਣ ਅਤੇ ਫਿਰ ਤੋਂ ਸਮਾਜਕ ਵਿਕਾਸ ਦੀਆਂ ਬਹੁਤ ਪਹਿਲੀਆਂ ਪੱਧਰਾਂ ਤੋਂ ਸ਼ੁਰੂ ਹੋਣ ਵਿਚ ਹੋਵੇਗਾ। ਪੱਥਰ-ਯੁੱਗ ਅਤੇ ਬੁਰਜੂਆ-ਯੁੱਗ ਕ੍ਰਮਵਾਰ ਸਮਾਜਕ ਵਿਕਾਸ ਦੀ ਪਹਿਲੀ ਅਤੇ ਆਖਰੀ ਸਟੇਜ ਹੈ। ਤੇ ਇਹ ਚੱਕਰ ਹਮੇਸ਼ਾਂ ਚਲਦਾ ਰਹੇਗਾ। ਇਸ ਲਈ ਜ਼ਰੂਰੀ ਹੈ ਕਿ ਸਮਾਜ ਦਾ ਭਲਾ ਚਾਹੁਣ ਵਾਲੇ ਲੋਕ ਗੈਰ-ਸਮਾਜਕ ਤਾਕਤਾਂ ਨੂੰ ਬੁਰਜੂਆਜ਼ੀ ਦੇ ਖਿਲਾਫ਼ ਜਾਣੋਂ ਰੋਕਣ।

ਦੂਜੇ ਪਾਸੇ ਪਦਾਰਥਵਾਦੀ ਮੁੱਲ-ਪ੍ਰਬੰਧ ਪਦਾਰਥ ਨੂੰ ਪ੍ਰਮੁੱਖ ਅਤੇ ਚੇਤਨਾ ਨੂੰ ਦੁਜੈਲੀ ਸਮਝਦਾ ਹੈ। ਇਸ ਅਨੁਸਾਰ ਮਨੁੱਖੀ ਚੇਤਨਾ ਉਹਦੀ ਹੋਂਦ ਨੂੰ ਨਿਸ਼ਚਿਤ ਨਹੀਂ ਕਰਦੀ ਬਲਕਿ ਮਨੁੱਖੀ ਹੋਂਦ ਉਹਦੀ ਚੇਤਨਾ ਨੂੰ ਨਿਸ਼ਚਿਤ ਕਰਦੀ ਹੈ। ਚੇਤਨਾ ਜਨਮ ਕਰਕੇ ਨਹੀਂ ਬਲਕਿ ਉਸ ਸਮਾਜਕ ਜੀਵਨ ਕਰਕੇ ਹੁੰਦੀ ਹੈ ਜਿਸ ਵਿਚ ਕੋਈ ਵਿਅਕਤੀ ਰਹਿੰਦਾ ਅਤੇ ਕਾਰਜ ਕਰਦਾ ਹੈ। ਆਪਣੇ ਸਮਾਜਕ ਜੀਵਨ ਵਿਚ ਵਿਅਕਤੀ ਉਤਪਾਦਨ ਦੇ ਅਮਲ ਵਿਚ ਪਿਆ ਦੂਜੇ ਮਨੁੱਖਾਂ ਨਾਲ ਵਿਸ਼ੇਸ਼ ਰਿਸ਼ਤਿਆਂ ਵਿਚ ਬੱਝਦਾ ਹੈ ਜਿਹੜੇ ਉਸ ਦੀ ਮਰਜ਼ੀ ਜਾਂ ਨਾਮਰਜ਼ੀ ਤੋਂ ਆਜ਼ਾਦ ਹੁੰਦੇ ਹਨ। ਉਹ ਦੂਜੇ ਮਨੁੱਖਾਂ ਨਾਲ ਰਿਸ਼ਤਿਆਂ ਵਿਚ ਬੱਝਣ ਲਈ ਆਜ਼ਾਦ ਨਹੀਂ ਹੈ ਬਲਕਿ ਮਜਬੂਰ ਹੈ ਅਤੇ ਇਸ ਮਜਬੂਰੀ ਵਿਚ ਉਹਦੀ ਜ਼ਰੂਰਤ ਜੜ੍ਹਸ਼ੀਲ ਹੈ। ਉਹ ਆਜ਼ਾਦ ਤਾਂ ਹੀ ਹੋ ਸਕਦਾ ਹੈ ਜੇ ਉਹਦੇ ਮਜਬੂਰੀ ਦੇ ਰਿਸ਼ਤਿਆਂ ਨੂੰ ਤੋੜ ਦਿਤਾ ਜਾਏ। ਪਰੰਤੂ ਵਰਗ-ਵਿਭਾਜਤ-ਸਮਾਜ ਵਿਚ ਅਜਿਹਾ ਹੋਣਾ ਸੰਭਵ ਹੀ ਨਹੀਂ। ਮਜਬੂਰੀ ਦੇ ਰਿਸ਼ਤਿਆਂ ਨੂੰ ਤੋੜਨ ਦਾ ਅਰਥ ਆਦਰਸ਼ਵਾਦੀ ਜਾਂ ਵਿਚਾਰਵਾਦੀ ਮੁੱਲ-ਪ੍ਰਬੰਧਾਂ ਨੂੰ ਤੋੜਨਾ ਹੈ ਜਿਸ ਦਾ ਅਰਥ ਹੈ ਸਮਾਜ ਵਿਚਲੇ ਵਰਗਾਂ ਦਾ ਖ਼ਾਤਮਾ।

ਪਰ ਇਥੇ ਹੀ ਇਹ ਵਿਚਾਰ ਲੈਣਾ ਵੀ ਵਾਜਬ ਹੋਵੇਗਾ ਕਿ ਬਰਾਬਰੀ ਦਾ ਸਮਾਜ ਸਿਰਜਣ ਦਾ ਅਰਥ ਮਨੁੱਖਾਂ ਨੂੰ ਛਾਂਗ ਕੇ ਬਰਾਬਰ ਕਰ ਦੇਣਾ ਨਹੀਂ ਹੈ। ਬਰਾਬਰੀ ਦਾ ਅਰਥ ਸਮਾਜ ਵਿਚਲੀਆਂ ਦੁਸ਼ਮਣੀ ਦੀਆਂ ਵਿਰੋਧਤਾਈਆਂ ਨੂੰ ਖਤਮ ਕਰਨਾ ਹੈ ਨਾ ਕਿ ਯੋਗ ਤਰਬੀਅਤ ਅਤੇ ਤਾਲੀਮ ਹਾਸਿਲ ਕਰਕੇ ਉਤਪਾਦਨ ਦੇ ਅਮਲ ਵਿਚ ਅਗੇਰੇ ਨਿਕਲ ਜਾਣ ਦੇ ਮਨੁੱਖੀ-ਉਮਾਹ ਨੂੰ। ਮਨੁੱਖਾਂ ਵਿਚਲੇ ਫਰਕ ਤਾਂ ਹਮੇਸ਼ਾਂ ਰਹਿਣਗੇ, ਪਰ ਇਹ ਫਰਕ ਦੁਸ਼ਮਣੀ ਵਾਲੇ ਨਹੀਂ ਦੋਸਤੀ ਵਾਲੇ ਹੁੰਦੇ ਹਨ। ਜੇਕਰ ਪੂੰਜੀ ਸ਼ੋਸ਼ਣ ਦਾ ਇਕ ਪ੍ਰਬਲ ਹਥਿਆਰ ਹੈ ਤਾਂ ਇਸ ਨੂੰ ਕੁਝ ਹੱਥਾਂ ਵਿਚ ਇਕੱਠੀ ਨਹੀਂ ਹੋਣ ਦਿਤਾ ਜਾ ਸਕਦਾ। ਪਰ ਪੂੰਜੀ ਅਸੀਮ ਦੌਲਤ ਹੈ, ਵਸੀਲਿਆਂ ਦੀ

ਬਹੁਲਤਾ ਦੀ ਮਾਲਕੀ ਹੈ, ਕੋਈ ਸੀਮਤ ਆਮਦਨ ਨਹੀਂ। ਤੇ ਸੀਮਤ ਆਮਦਨ ਵਾਲੇ ਲੋਕ ਫੈਕਟਰੀ ਦੇ ਕਾਮੇ, ਡਾਕਟਰ, ਇੰਜੀਨੀਅਰ, ਟੀਚਰ ਤੇ ਪ੍ਰੋਫ਼ੈਸਰ ਆਦਿ ਸਭ ਹਨ। ਇਹ ਪੂੰਜੀ ਦੀ ਉਸਾਰੀ ਅਤੇ ਸੀਮਤ ਆਮਦਨ ਵਿਚਲੇ ਫ਼ਰਕ ਨੂੰ ਸਮਝਣ ਦੀ ਭੁੱਲ ਕਰਕੇ ਹੀ ਸੀ ਕਿ ਸਾਬਕਾ ਸਮਾਜਵਾਦੀ ਦੇਸ਼ਾਂ ਵਿਚ 'ਨਿੱਜੀ ਜਾਇਦਾਦ ਦੇ ਖਾਤਮੇ' ਨੂੰ ਸਾਪੇਖ ਅਰਥਾਂ ਦੀ ਥਾਂ ਨਿਰਪੇਖ ਅਰਥਾਂ ਵਿਚ ਸਮਝਿਆ ਗਿਆ, ਤੇ ਸਿੱਟਾ ਸਾਡੇ ਸਾਹਮਣੇ ਹੈ। ਪਰੰਤੂ ਇਹਨਾਂ ਸਮਾਜਾਂ ਦੇ ਵਿਗੜਨ ਦੇ ਹੋਰ ਵੀ ਅਨੇਕਾਂ ਕਾਰਨ ਸਨ ਜਿਨ੍ਹਾਂ ਵੱਲ ਜਾਣਾ ਸਾਡੇ ਹੱਥਲੇ ਕੰਮ ਦਾ ਪ੍ਰਯੋਜਨ ਨਹੀਂ।

ਪਰੰਤੂ ਹਰ ਹਾਲਤ ਵਿਚ ਪਦਾਰਥਵਾਦੀ ਮੁੱਲ-ਪ੍ਰਬੰਧ ਇਸ ਆਸਰੇ ਟਿਕਿਆ ਹੋਇਆ ਹੈ ਕਿ ਪਦਾਰਥ ਦੀ ਗਤੀ ਤੇ ਵਿਕਾਸ ਅਰੋਕ ਹਨ। ਦਰਅਸਲ, ਗਤੀ ਹੀ ਪਦਾਰਥ ਦੀ ਹੋਂਦ-ਵਿਧੀ ਹੈ। ਮਨੁੱਖੀ ਚੇਤਨਾ ਵੀ ਪਦਾਰਥ ਦੀ ਹੀ ਉਪਜ ਹੈ। ਚੇਤਨਾ, ਬੜੇ ਹੀ ਜਟਿਲ ਰੂਪ ਵਿਚ ਸੰਗਠਿਤ ਅਤੇ ਉਚ-ਪੱਧਰੀ ਪਦਾਰਥਕ-ਹੋਂਦ (ਦਿਮਾਗ਼) ਦੀ ਉਪਜ ਹੈ। ਗਤੀ ਅਤੇ ਵਿਕਾਸ ਪਦਾਰਥ ਦੀ ਹੋਂਦ-ਵਿਧੀ ਅਤੇ ਪ੍ਰਕਿਰਤੀ ਹੈ। ਇਸ ਨੁਕਤੇ ਤੋਂ ਵੇਖਿਆਂ ਸਮਾਜ ਦੀ ਅਗਲੀ ਅਤੇ ਫਿਰ ਹੋਰ ਅਗਲੀ ਪ੍ਰਗਤੀ ਲਾਜ਼ਮੀ ਸ਼ੈਅ ਹੈ। ਇਥੇ ਪਹੁੰਚ ਕੇ ਚੱਕਰ-ਸਿਧਾਂਤ ਦੇ ਪੈਰ ਤਿਲਕ ਜਾਂਦੇ ਹਨ ਅਤੇ ਸਮਾਜਕ ਵਿਕਾਸ ਦੀ ਅਗਲੀ ਪੱਧਰ ਪਦਾਰਥ ਦੇ ਅਤਿਆਵੱਸ਼ਕ ਗੁਣ ਵਜੋਂ ਸਾਹਮਣੇ ਆਉਂਦੀ ਹੈ।

ਸਾਹਿਤਕ ਅਭਿਵਿਅਕਤੀ ਦੀ ਪੱਧਰ ਤੇ, ਮੁੱਲ-ਪ੍ਰਬੰਧਾਂ ਦੇ ਸੰਦਰਭ ਵਿਚ ਇਹ ਵੇਖਣਾ ਲਾਜ਼ਮੀ ਹੈ ਕਿ ਕੋਈ ਸਾਹਿਤਕ-ਕਿਰਤ ਪ੍ਰਾਪਤ ਅਰਥਾਤ ਪ੍ਰਧਾਨ ਮੁੱਲ-ਪ੍ਰਬੰਧਾਂ ਦੀ ਗੱਲ ਕਰ ਰਹੀ ਹੈ ਕਿ ਅਪ੍ਰਾਪਤ ਅਰਥਾਤ ਸਮਾਜਕ ਵਿਕਾਸ ਦੀ ਅਗਲੀ ਪੱਧਤੀ ਦੇ ਮੁੱਲ-ਪ੍ਰਬੰਧਾਂ ਦੀ। ਇਥੇ ਆਣ ਕੇ ਹੀ ਸਾਹਿਤ ਦੇ ਵਿਸ਼ਾ-ਵਸਤੂ (Subject-matter) ਅਤੇ ਵਿਚਾਰ-ਵਸਤੂ (Idea-content) ਨੂੰ ਸਮਝਣਾ ਵੀ ਲਾਜ਼ਮੀ ਬਣ ਜਾਂਦਾ ਹੈ। ਕਿਸੇ ਸਾਹਿਤਕ-ਕ੍ਰਿਤ ਦਾ ਵਿਸ਼ਾ-ਵਸਤੂ ਤਾਂ ਪ੍ਰਧਾਨ-ਵਿਚਾਰਧਾਰਾ ਜਾਂ ਫਿਰ ਮੁੱਲ-ਪ੍ਰਬੰਧ ਵੀ ਹੋ ਸਕਦੇ ਹਨ, ਪਰੰਤੂ ਜ਼ਰੂਰੀ ਨਹੀਂ ਕਿ ਇਹ ਮੁੱਲ, ਅਸਲ ਵਿਚ, ਲੇਖਕ ਦਾ ਦ੍ਰਿਸ਼ਟੀਕੋਂਨ ਜਾਂ ਫਿਰ ਟੈਕਸਟ ਵਿਚਲੀ ਵਿਚਾਰ-ਵਸਤੂ ਵੀ ਹੋਵੇ। ਵਿਸ਼ਾ-ਵਸਤੂ ਲਈ ਹੋਮੋਸੈਕਸ਼ੂਐਲਿਟੀ, ਲੈਜ਼ਬੀਏਨਿਜ਼ਮ, ਵਿਅਕਤੀਵਾਦ, ਸੈਕਸ-ਵਿਕ੍ਰਿਤੀਆਂ, ਬਲਾਤਕਾਰ ਆਦਿ ਅਨੇਕਾਂ ਵਿਸ਼ੇ ਹੋ ਸਕਦੇ ਹਨ, ਪਰੰਤੂ ਕਲਾ ਦੇ ਮੁੱਲ-ਪ੍ਰਬੰਧ ਦਾ ਅੰਤਮ ਫੈਸਲਾ ਟੈਕਸਟ ਦੀ ਵਿਚਾਰ-ਵਸਤੂ ਨੇ ਹੀ ਕਰਨਾ ਹੈ। ਵਿਚਾਰ-ਵਸਤੂ ਅਤੇ ਵਿਚਾਰਧਾਰਾ ਵਿਚ ਕੋਈ ਲੀਕ ਖਿੱਚਣੀ ਮੁਸ਼ਕਿਲ ਹੈ। ਬਾਖਤਿਨ ਅਨੁਸਾਰ ਚਿਹਨ ਅਤੇ ਵਿਚਾਰਧਾਰਾ ਸਮਾਨੰਤਰ ਚਲਦੇ ਹਨ, ਪਰੰਤੂ ਇਸ ਤੋਂ ਅਗਲਾ ਕਦਮ ਇਹ ਹੈ ਕਿ ਚਿਹਨ ਜ਼ਰੂਰੀ ਤੌਰ ਤੇ ਵਿਚਾਰਧਾਰਕ ਹੀ ਹੁੰਦੇ ਹਨ। ਵਿਚਾਰਧਾਰਕ ਅਰਥਾਂ ਦੀ ਸਿਰਜਣਾ ਕਰਨਾ ਚਿਹਨਾਂ ਦਾ ਲਾਜ਼ਮੀ ਗੁਣ ਹੈ। ਪਰੰਤੂ ਵਿਚਾਰਧਾਰਾ ਚਿਹਨਾਂ ਤੋਂ ਬਾਹਰ ਵੀ ਹੁੰਦੀ ਹੈ। ਲੇਖਕ ਦੀ ਵਿਚਾਰਧਾਰਾ

ਨੂੰ ਹਰ ਵਾਰ ਚਿਹਨਾਂ ਦੇ ਅੰਦਰੋਂ ਭਾਲਣਾ ਤਰਕਸੰਗਤ ਨਹੀਂ ਹੈ। ਇਹ ਉਥੇ ਵੀ ਹੋ ਸਕਦੀ ਹੈ ਜਿਥੋਂ ਚਿਹਨ ਗ਼ਾਇਬ ਹਨ।

ਅਗਲੀ ਗੱਲ ਇਹ ਹੈ ਕਿ ਪ੍ਰਧਾਨ ਵਿਚਾਰਧਾਰਾ ਅਤੇ ਲੇਖਕ ਦੀ ਵਿਚਾਰਧਾਰਾ ਨੂੰ 'ਨਿਯੋਜਨ' ਤੇ 'ਪ੍ਰਯੋਜਨ' ਦੇ ਅਰਥਾਂ ਵਿਚ ਵੇਖਣ ਦੀ ਜ਼ਰੂਰਤ ਹੈ। ਨਿਯੋਜਨ ਤੇ ਪ੍ਰਯੋਜਨ ਦਾ ਫ਼ਰਕ ਇਕਤ੍ਰਤਾ ਤੇ ਅਜੰਡੇ ਦਾ ਫ਼ਰਕ ਹੈ। ਆਯੋਜਨ ਪ੍ਰਕਿਰਿਆ ਹੈ ਅਤੇ ਪ੍ਰਯੋਜਨ ਮਕਸਦ। ਕਹਾਣੀ ਇਕ ਆਯੋਜਨ ਹੈ, ਉਸ ਦਾ ਵਿਸ਼ਾ-ਵਸਤੂ ਇਕ ਨਿਯੋਜਨ ਅਤੇ ਲੇਖਕ ਦੀ ਵਿਚਾਰਧਾਰਾ ਇਕ ਪ੍ਰਯੋਜਨ। ਬਕੌਲ ਬਾਖਤਿਨ : ਵਾਸਤਵਿਕ ਉਚਾਰਾਂ (Concrete utterances) ਸਮੇਂ ਚਿਹਨਾਂ ਦੀ ਵਰਤੋਂ ਵਿਚਾਰਧਾਰਾਵਾਂ ਦੇ ਫ਼ਰਕਾਂ ਨੂੰ ਅਭਿਵਿਅਕਤ ਕਰਦੀ ਹੈ। ਜਦੋਂ ਵਕਤਾ ਸੁਣਦਾ ਅਤੇ ਸਰੋਤਾ ਬੋਲਦਾ ਹੈ ਤਾ ਇਹ ਸਕਾਜ਼ (Skaz) ਦੀ ਸਥਿਤੀ ਹੁੰਦੀ ਹੈ। ਇਸੇ ਤਰ੍ਹਾਂ ਟੈਕਸਟ ਵਿਚ ਚਿਹਨਾਂ ਦੀ ਵਰਤੋਂ ਵਿਚੋਂ ਪ੍ਰਧਾਨ ਅਤੇ ਪ੍ਰਯੋਜਿਤ ਵਿਚਾਰਧਾਰਾ ਵੀ ਲੱਭੀ ਜਾ ਸਕਦੀ ਹੈ। 'ਕਿਸ ਦਾ ਸ਼ਬਦ ਅਤੇ ਕਿਸ ਦੇ ਲਈ' ਉਹ ਧਰਾਤਲ ਹੈ ਜਿਥੇਂ ਪਾਤਰਾਂ ਦੇ ਸਮਾਜਕ, ਰਾਜਨੀਤਿਕ, ਆਰਥਕ ਅਤੇ ਵਿਚਾਰਧਾਰਕ ਰੋਲਾਂ ਤੇ ਸਥਿਤੀਆਂ ਨੂੰ ਪਛਾਣਿਆ ਜਾ ਸਕਦਾ ਹੈ।

ਇਸ ਤਰ੍ਹਾਂ ਗਲਪ ਦੀ ਟੈਕਸਟ ਵਿਚੋਂ ਪ੍ਰਧਾਨ ਵਿਚਾਰਧਾਰਾ ਤੇ ਉਸ ਦੇ ਮੁੱਲ-ਪ੍ਰਬੰਧਾਂ ਨੂੰ ਪੇਸ਼ ਵਿਸ਼ਾ-ਵਸਤੂ ਦੇ ਆਧਾਰ ਤੇ (ਪਰੰਤੂ) ਟੈਕਸਟ ਦੇ ਆਰ-ਪਾਰ ਤੇ ਅੰਦਰ-ਬਾਹਰ ਫੈਲੀ ਵਿਚਾਰ-ਵਸਤੂ ਦੇ ਸੰਦਰਭ ਵਿਚ ਹੀ ਪਛਾਣਿਆ ਜਾ ਸਕਦਾ ਹੈ। ਪਰੰਤੂ ਹਰ ਹਾਲਤ ਵਿਚ ਵਿਚਾਰ-ਵਸਤੂ ਦੇ ਆਪਣੇ ਮੁੱਲ-ਪ੍ਰਬੰਧ ਵੀ ਹਨ ਜਿਸ ਨੂੰ ਅਸੀਂ ਪ੍ਰਯੋਜਿਤ-ਵਿਚਾਰਧਾਰਾ ਜਾਂ ਫਿਰ ਪਦਾਰਥ ਦੇ ਵਿਕਾਸ ਦੀ ਸੰਭਾਵਿਤ ਦਿਸ਼ਾ ਵਜੋਂ ਪਰਿਭਾਸ਼ਿਤ ਕਰ ਸਕਦੇ ਹਾਂ। ਵਿਚਾਰਧਾਰਾਵਾਂ ਦੀ ਪੇਸ਼ਕਾਰੀ ਹੀ ਦਰਅਸਲ ਮੁੱਲ-ਪ੍ਰਬੰਧਾਂ ਦੀ ਪੇਸ਼ਕਾਰੀ ਹੈ।

ਕਲਾ-ਕ੍ਰਿਤ ਇਕ ਆਯੋਜਨ, ਇਕ ਪ੍ਰਕਿਰਿਆ ਹੈ। ਤੇ ਬਾਖ਼ਤਿਨ ਅਨੁਸਾਰ : ਸਾਹਿਤਕ-ਕਿਰਤਾਂ ਪ੍ਰਕਿਰਿਆਵਾਂ ਹਨ ਨਾ ਕਿ ਵਸਤਾਂ ਕਿਉਂਕਿ ਉਹਨਾਂ ਦਾ ਉਤਪਾਦਨ ਹਮੇਸ਼ਾਂ ਲਈ ਨਹੀਂ ਹੁੰਦਾ ਬਲਕਿ ਉਹਨਾਂ ਦਾ ਪੁਨਰ-ਉਤਪਾਦਨ ਹੁੰਦਾ ਹੈ। ਉਹਨਾਂ ਦੀ ਇਕ ਪਛਾਣ ਤੇ ਵਸਤੂ ਹੁੰਦੀ ਹੈ ਜੋ ਕਿ ਰੂਪਾਂਤਰਣ ਦੀ ਲਗਾਤਾਰ ਪ੍ਰਕਿਰਿਆ ਵਿਚ ਰਹਿੰਦੀ ਹੈ। ਕੋਈ ਵੀ ਕਲਾ ਸਦੀਵੀ ਨਹੀਂ ਹੁੰਦੀ ਅਤੇ ਨਾ ਹੀ ਤਬਦੀਲੀ-ਰਹਿਤ ਹੁੰਦੀ ਹੈ। ਭਾਸ਼ਾ ਦੇ ਸੌਸੂਰੀਅਨ-ਬੰਦ-ਸਿਧਾਂਤ ਤੇ ਆਧਾਰਿਤ ਸਾਹਿਤ-ਸਿਸਟਮ ਨੂੰ ਇਸੇ ਲਈ ਉਹ ਰੱਦ ਕਰ ਦੇਂਦਾ ਹੈ। ਤੇ ਇਸੇ ਲਈ ਕਲਾ-ਕਿਰਤ ਨੂੰ ਮੁਕੰਮਲ ਸਮਝਣ ਵਾਲਾ ਕੋਈ ਵੀ ਸਿਧਾਂਤ ਆਪਣੇ ਅੰਤਮ-ਵਿਸ਼ਲੇਸ਼ਣ ਵਿਚ ਰੱਦ ਹੋ ਜਾਂਦਾ ਹੈ।

ਇਕ ਅਹਿਮ ਗੱਲ ਗ੍ਰਹਿਣ ਯੋਗ ਹੈ ਕਿ ਕਿਸੇ ਸਮਾਜ ਦੇ ਸਾਰੇ ਹੀ ਮੁੱਲ ਕਦੇ ਵੀ ਨਾ ਤਿਆਗਣਯੋਗ ਹੁੰਦੇ ਹਨ ਅਤੇ ਨਾ ਹੀ ਅਪਨਾਉਣਯੋਗ। ਜਿਹਨਾਂ ਮੁੱਲਾਂ ਵਿਚ ਸਮਾਜਕ-ਵਸਤੂ ਅਜੇ ਬਾਕੀ ਹੈ ਅਤੇ ਜਿਸ ਦਾ ਨਵੀਨੀਕਰਣ ਸੰਭਵ ਹੈ, ਉਹ

ਸਮਾਜ ਦੀ ਅਗਲੀ ਪ੍ਰਗਤੀ ਦਾ ਆਧਾਰ ਬਣਦੇ ਹਨ । ਪਰੰਤੂ ਜਿਹੜੇ ਮੁੱਲ ਨਵੀਨੀਕਰਣ ਦੀ ਜ਼ਦ 'ਚੋਂ ਬਾਹਰ ਹਨ ਅਤੇ ਜਿਹਨਾਂ ਦੀ ਸਮਾਜਕ ਵਸਤੂ ਪਦਾਰਥ ਦੀ ਅਗਲੀ ਪ੍ਰਗਤੀ ਦੇ ਚਿੰਨ੍ਹਾਂ ਤੋਂ ਨਿਤਾਂਤ ਸੱਖਣੀ ਹੈ, ਨੂੰ ਰੱਦ ਕਰ ਦੇਣਾ ਵੀ ਜ਼ਰੂਰੀ ਹੈ । ਕੁਝ ਮੁੱਲ ਸਦੀਵੀ ਹਨ ਅਤੇ ਕੁਝ ਸਮਾਂ-ਸਾਪੇਖ । ਸਦੀਵੀ ਮੁੱਲ ਹਰੇਕ ਸਮਾਜਕ ਬਣਤਰ ਵਿਚ ਆਪਣੀ ਵਸਤੂ ਨੂੰ ਕੁਝ ਕੁ ਕਾਇਮ ਰਖਦੇ ਹਨ । ਇਹਨਾਂ ਦਾ ਸੰਬੰਧ ਮੂਲ-ਮਨੁੱਖੀ-ਭਾਵਨਾਵਾਂ ਨਾਲ ਹੁੰਦਾ ਹੈ । ਪਰੰਤੂ ਇਹਨਾਂ ਦੀ ਵੀ ਸਾਰੀ ਵਸਤੂ ਕਦੇ ਕਾਇਮ ਨਹੀਂ ਰਹਿੰਦੀ । ਕੋਈ ਵੀ ਮਾਂ, ਮਖੱਟੂ ਪੁੱਤ ਜਾਂ ਪਤੀ ਨੂੰ ਪਿਆਰ ਨਹੀਂ ਕਰ ਸਕਦੀ । ਦਰਅਸਲ, ਕਿਸੇ ਵੀ ਸਮਾਜਕ-ਮੁੱਲ ਦੀ ਵਰਤਮਾਨ-ਵਸਤੂ ਨੂੰ ਉਸ ਸਮਾਜ ਦੇ ਆਰਥਕ, ਰਾਜਨੀਤਿਕ, ਸਮਾਜਿਕ ਤੇ ਵਿਚਾਰਧਾਰਕ ਪ੍ਰਕਰਣਾਂ ਵਿਚ ਹੀ ਆਂਕਿਆ ਜਾ ਸਕਦਾ ਹੈ । ਤੇ ਗੈਰ-ਸਦੀਵੀ ਮੁੱਲ ਹਰੇਕ ਸਮਾਜਕ-ਬਣਤਰ ਦੇ ਮਰਨ ਨਾਲ ਹੀ ਮਰ ਵੀ ਜਾਂਦੇ ਹਨ ।

ਬਰਤਾਨੀਆਂ ਇਕ ਪੂਰਨ-ਵਿਕਸਿਤ ਪੂੰਜੀਵਾਦੀ ਅਰਥਚਾਰਾ ਹੈ । ਇਸ ਦੇ ਬੁਰਜੁਆ ਮੁੱਲ-ਪ੍ਰਬੰਧ ਵਿਚ ਉਹ ਸਾਰੀਆਂ ਹੀ ਕਦਰਾਂ-ਕੀਮਤਾਂ ਸ਼ਾਮਿਲ ਹਨ ਜਿਹੜੀਆਂ ਕਿਸੇ ਵੀ ਪੂੰਜੀਵਾਂਦੀ-ਸਮਾਜ ਦੇ ਸੁਭਾਅ ਦਾ ਖਾਸਾ ਹੋ ਸਕਦੀਆਂ ਹਨ । ਦਰਅਸਲ, ਆਪਣੇ ਪੂੰਜੀਵਾਦੀ-ਵਿਕਾਸ ਦੇ ਅਰੂਜ 'ਤੇ ਪਹੁੰਚਣ ਪਿਛੋਂ ਹੁਣ ਇਹ ਸਮਾਜ ਜ਼ਵਾਲ ਦੀ ਅਵਸਥਾ ਦਾ ਸ਼ਿਕਾਰ ਹੈ । ਨਿਰੰਤਰ-ਆਰਥਕ-ਸੰਕਟਾਂ ਦਾ ਸਾਹਮਣਾ ਕਰਨਾ ਇਸ ਸਮਾਜ ਦੀ ਹੋਣੀ ਹੈ । ਵਧ ਰਹੀ ਬੇਕਾਰੀ ਨੂੰ ਠੱਲ੍ਹ ਪਾਉਣੀ ਹੁਣ ਇਸ ਦੇ ਵੱਸ ਦੀ ਗੱਲ ਨਹੀਂ । ਆਮ ਲੋਕਾਂ ਨੂੰ ਬੁੱਧੂ ਬਣਾਉਣ ਲਈ ਸ਼ਾਇਦ ਕੋਈ ਦੂਸਰਾ ਫੌਕਲੈਂਡ-ਯੁੱਧ ਕਿਸੇ ਕੰਮ ਨਾ ਆ ਸਕੇ । ਪਰੰਤੂ ਫਿਰ ਵੀ ਇਸ ਦੇ ਪੂੰਜੀਵਾਦੀ ਮੁੱਲ ਉਸੇ ਤਰ੍ਹਾਂ ਕਾਇਮ ਹਨ । ਉਤਪਾਦਨ ਦੀਆਂ ਵਿਕਸਿਤ ਤਾਕਤਾਂ ਪੁਰਾਣੇ ਰਿਸ਼ਤਿਆਂ ਵਿਚ ਬੱਝਣ ਲਈ ਤਿਆਰ ਨਹੀਂ ਹਨ । ਸਿੱਟੇ ਵਜੋਂ ਕਦੇ ਵੈਸਟ ਮਿੱਡਲੈਂਡਜ਼ ਦੇ ਕੋਲਾ ਮਜ਼ਦੂਰਾਂ ਦਾ ਜੱਥੇਬੰਦਤ ਸੰਘਰਸ਼ ਸ਼ੁਰੂ ਹੋ ਜਾਂਦਾ ਹੈ, ਕਦੇ ਡਾਕਖਾਨਾ-ਕਰਮਚਾਰੀਆਂ ਦਾ, ਕਦੇ ਟੀਚਰਾਂ ਦਾ ਤੇ ਕਦੇ ਕਾਲੇ ਲੋਕਾਂ ਦਾ ।

ਕਾਲੇ ਲੋਕ ਗਏ ਤਾਂ ਉਥੇ ਮਜ਼ਦੂਰ ਜਮਾਤ ਦੇ ਇਕ ਅੰਗ ਵਜੋਂ ਸਨ, ਅਤੇ ਉਹ ਵੀ ਤਥਾ-ਕਥਿਤ ਕਾਮਨਵੈਲਥ ਦੇਸ਼ਾਂ ਤੋਂ ਯਾਨਿ ਇਹ ਲੋਕ ਅੰਗਰੇਜ਼ਾਂ ਦੀਆਂ ਸਾਬਕਾ-ਬਸਤੀਆਂ ਦੇ ਉਹਨਾਂ ਦੁਆਰਾ ਸ਼ੋਸ਼ਤ ਲੋਕ ਸਨ । ਬ੍ਰਿਟਿਸ਼-ਰਾਜ ਦੇ ਪੁਰਾਣੇ ਸੁਪਨਿਆਂ ਅਤੇ ਹਾਕਮ ਜਮਾਤ ਦੁਆਰਾ ਪੈਦਾ ਕੀਤੀਆਂ ਭ੍ਰਾਂਤੀਆਂ ਦਾ ਸ਼ਿਕਾਰ ਗੋਰੀ ਮਜ਼ਦੂਰ-ਜਮਾਤ ਕਾਲੇ ਕਾਮਿਆਂ ਨੂੰ ਆਪਣਾ ਇਕ ਹਿੱਸਾ ਮੰਨਣ ਨੂੰ ਤਿਆਰ ਨਹੀਂ ਸੀ । ਇਸ ਦਾ ਸਿੱਟਾ ਜਿੱਥੇ ਖੰਡਤ-ਕਾਮਾ-ਜਮਾਤ (ref.—Robert Miles) ਵਜੋਂ ਸਾਹਮਣੇ ਆਇਆ, ਉਸ ਦੇ ਨਾਲ ਹੀ ਨਸਲਵਾਦ ਦੀ ਪ੍ਰਕਿਰਿਆ ਵੀ ਤੇਜ਼ ਹੋਈ । ਤੇ ਇਸ ਦਾ ਪੂਰਾ ਲਾਹਾ ਲਿਆ ਹਾਕਮ-ਸ਼੍ਰੇਣੀਆਂ ਨੇ । ਜਦੋਂ ਵੀ ਕੋਈ ਆਰਥਕ ਸੰਕਟ ਆਇਆ ਉਦੋਂ ਬਲੀ ਦਾ ਬੱਕਰਾ ਕਾਲੇ ਕਾਮਿਆਂ ਨੂੰ ਹੀ

ਬਣਾਇਆ ਗਿਆ। ਮੁੱਖ ਧਾਰਾ ਨੇ ਕਦੇ ਕਾਲੇ ਕਾਮਿਆਂ ਨੂੰ ਮਰਕਜ਼ੀ ਮਨੁੱਖ ਬਣਨ ਹੀ ਨਹੀਂ ਦਿਤਾ। ਸਿੱਟੇ ਵਜੋਂ ਉਹ ਹਮੇਸ਼ਾਂ ਫਿਰਨੀ-ਮਨੁੱਖਾਂ (Marginal Men) ਵਜੋਂ ਹੀ ਸਾਹਮਣੇ ਆਏ।

ਬ੍ਰਤਾਨੀਆਂ 'ਚ ਵਸਦੇ ਲੇਖਕਾਂ ਦੀ ਪਿੱਠ-ਭੂਮੀ ਤਾਂ ਮਧ-ਕਿਸਾਣੀ ਦੀ ਸੀ, ਪਰੰਤੂ ਗੰਦੇ ਤੇ ਭਾਰੇ ਕੰਮਾਂ, ਗੋਰਿਆਂ ਨਾਲੋਂ ਮੁਕਾਬਲਤਨ ਘੱਟ ਤਨਖਾਹਾਂ, ਸਮਾਜਿਕ, ਆਰਥਿਕ, ਰਾਜਨੀਤਿਕ ਖੇਤਰਾਂ ਵਿਚ ਹੁੰਦਾ ਵਿਤਕਰਾ ਅਤੇ ਉਸ ਦਾ ਸੰਸਥਾਈ ਰੂਪ ਨਸਲਵਾਦ ਆਦਿ ਨੇ ਨਾ ਸਿਰਫ ਉਹਨਾਂ ਨੂੰ ਹੀ ਬਲਕਿ ਸਮੁੱਚੇ ਭਾਰਤੀ ਕਾਮਿਆਂ ਨੂੰ ਆਪਣਾ ਨਜ਼ਰਿਆਤੀ ਪਹਿਲੂ ਬਦਲ ਲੈਣ ਲਈ ਮਜਬੂਰ ਕਰ ਦਿਤਾ। ਦੂਜੇ ਸ਼ਬਦਾਂ ਵਿਚ ਉਹਨਾਂ ਦੀ ਸਮਾਜਕ, ਆਰਥਕ ਤੇ ਰਾਜਨੀਤਿਕ ਹੋਂਦ ਨੇ ਉਹਨਾਂ ਦੀ ਇਕ ਨਵੀਂ ਪ੍ਰਕਾਰ ਦੀ ਚੇਤਨਾ ਘੜੀ ਜਿਸ ਵਿਚ ਗੋਰਿਆਂ ਦੇ ਖਿਲਾਫ਼ ਤਾਂ ਨਫਰਤ ਸੀ ਹੀ, ਨਾਲ ਹੀ ਆਪਣੀ ਧਰਤੀ ਤੇ ਲੋਕਾਂ ਲਈ ਇਕ ਮੋਹ ਵੀ ਸੀ। ਇਸ ਤਰ੍ਹਾਂ ਸਮੁੱਚਾ ਬ੍ਰਤਾਨਵੀ ਪੰਜਾਬੀ ਸਾਹਿਤ ਸਮਾਜਕ ਚੇਤਨਾ ਦੇ ਵੱਖ ਵੱਖ ਰੂਪਾਂ ਨੂੰ ਕਲਾਤਮਕ-ਸੰਗਤੀ ਦੇਂਦਾ ਆਇਆ ਹੈ। ਪਹਿਲਾਂ ਪਹਿਲਾਂ ਝੂਰੇਰਵਾ (Nostalgia), ਫੇਰ ਸਮੁੱਚੇ ਗੋਰੇ ਸੰਸਾਰ ਦੇ ਖਿਲਾਫ਼ ਨਫਰਤ, ਫੇਰ ਕਾਲਾ-ਸੰਘਰਸ਼, ਫੇਰ ਕਾਲੇ-ਗੋਰੇ ਮਜ਼ਦੂਰਾਂ ਦੀ ਯੱਕਜਹਿਤੀ ਅਤੇ ਹਾਕਮ ਜਮਾਤਾਂ ਦੇ ਖਿਲਾਫ਼ ਸੰਘਰਸ਼ (ਪਰ ਕੇਵਲ ਫੈਕਟਰੀ ਜਾਂ ਫਾਊਂਡਰੀ ਦੀ ਪੱਧਰ ਤੇ), ਤੇ ਫੇਰ ਹੌਲੀ ਹੌਲੀ ਹੋਰ ਚੁਰੇੜਾ ਸੰਘਰਸ਼, ਅਤੇ ਅੰਤ ਏਥੋਂ ਤੱਕ ਕਿ ਫੈਕਟਰੀ ਤੋਂ ਬਾਹਰ ਦੀ ਜ਼ਮੀਨ ਤੇ ਖਲੋ ਕੇ ਇਕ ਜਮਾਤ ਦਾ ਦੂਜੀ ਦੇ ਵਿਰੁੱਧ ਸੰਘਰਸ਼।

ਭਾਰਤੀਆਂ ਦੀ ਦੂਜੀ ਪੁਸ਼ਤ ਭਾਵੇਂ ਮਰਕਜ਼ੀ ਮਨੁੱਖ ਬਣਨ ਦੇ ਯਤਨਾਂ ਵਿਚ ਹੈ ਪਰੰਤੂ ਅਜੇ ਵੀ ਇਹ ਪੂਰੀ ਤਰ੍ਹਾਂ ਅਜਿਹਾ ਨਹੀਂ ਕਰ ਸਕੀ। ਇਹੋ ਹੀ ਸਮਾਜਕ ਜ਼ਿੰਦਗੀ ਬ੍ਰਤਾਨਵੀ ਗਲਪ ਵਿਚ ਪੇਸ਼ ਹੋਈ ਹੈ। ਬਹੁਤਾ ਸਾਹਿਤ ਪੂੰਜੀਵਾਦੀ ਮੁੱਲ-ਪ੍ਰਬੰਧਾਂ ਦੇ ਖਿਲਾਫ਼ ਜੂਝਦਾ ਹੈ ਅਤੇ ਪਦਾਰਥਵਾਦੀ ਮੁੱਲਾਂ ਦੀ ਰਾਖੀ ਕਰਦਾ ਹੈ। ਕਿਉਂਕਿ ਭਾਰਤੀ ਲੋਕ ਪੂੰਜੀਵਾਦੀ ਮੁੱਲਾਂ ਤੋਂ ਆਹਤ ਅਤੇ ਤ੍ਰਸਤ ਹੋਏ ਹਨ, ਕਿਉਂਕਿ ਉਹਨਾਂ ਅੰਤ ਵਿਚ ਦੁਸ਼ਮਣ ਦਾ ਚਿਹਰਾ ਪਛਾਣ ਲਿਆ ਹੈ, ਇਸ ਲਈ ਗੋਰੀ ਮਜ਼ਦੂਰ ਜਮਾਤ ਦੀ ਗਿਆਨ-ਵਿਹੂਣੀ ਗ਼ਲਤੀ ਨੂੰ ਉਹਨਾਂ ਮੁਆਫ਼ ਕਰ ਦਿਤਾ ਅਤੇ ਪੂੰਜੀਵਾਦੀ ਮੁੱਲਾਂ ਅਤੇ ਮੁੱਲ-ਰਾਖਿਆਂ ਦੇ ਖਿਲਾਫ਼ ਸੰਘਰਸ਼ ਤੇਜ਼ ਕਰ ਦਿਤਾ।

ਸਾਹਿਤਕ ਅਭਿਵਿਅਕਤੀ ਦੀ ਪੱਧਰ 'ਤੇ ਗਲਪ ਦੀ ਸਿਰਜਣਾ ਕਰਨ ਵਾਲੇ ਕੁਝ ਪ੍ਰਮੁੱਖ ਲੇਖਕ ਇਹ ਹਨ : ਮਰਹੂਮ ਸੁਰਜੀਤ ਵਿਰਦੀ, ਰਘੁਬੀਰ ਢੰਡ, ਸ਼ਿਵਚਰਨ ਗਿੱਲ, ਦਰਸ਼ਨ ਧੀਰ, ਤਰਸੇਮ ਨੀਲਗਿਰੀ, ਪ੍ਰੀਤਮ ਸਿੱਧੂ, ਬਲਦੇਵ ਸਿੰਘ, ਸਾਥੀ ਲੁਧਿਆਣਵੀ ਤੇ ਸਵਰਨ ਚੰਦਨ ਆਦਿ।

ਸੁਰਜੀਤ ਵਿਰਦੀ ਦੀਆਂ ਚੇਤਨਾ-ਪ੍ਰਵਾਹ-ਸ਼ੈਲੀ ਵਿਚ ਲਿਖੀਆਂ ਕਹਾਣੀਆਂ ਝੂਰੇਰਵੇ ਨੂੰ ਜ਼ੁਬਾਨ ਦੇਂਦੀਆਂ ਹਨ। ਜਿਨ੍ਹਾਂ ਸਮਿਆਂ ਵਿਚ ਝੂਰੇਰਵਿਕ-ਸ਼ਾਇਰੀ

ਪ੍ਰਧਾਨ ਸੀ ਉਦੋਂ ਇਕ ਵਾਹਦ ਲੇਖਕ ਵਜੋਂ ਵਿਰਦੀ ਇਸੇ ਹੀ ਤੇਵਰ ਦੀ ਗਲਪ-ਰਚਨਾ ਕਰ ਰਿਹਾ ਸੀ। ਪਰ ਹਰ ਹਾਲਤ ਵਿਚ ਪੂੰਜੀਵਾਦੀ ਮੁੱਲ-ਪ੍ਰਬੰਧਾਂ ਦੇ ਖਿਲਾਫ਼ ਉਹ ਇਕ ਨਫ਼ਰਤ ਤੇ ਹਿਕਾਰਤ ਦਾ ਸੰਚਾਰ ਕਰਦਾ ਹੈ, ਪਰੰਤੂ ਉਹਦਾ ਮੋਹ ਭਾਰਤ ਵਿਚ ਰਹਿ ਗਈਆਂ ਸਾਮੰਤੀ ਕੀਮਤਾਂ ਵਲ ਵਧੇਰਾ ਹੋਣ ਕਰਕੇ ਨਵੇਂ ਮੁੱਲ ਉਹਦੇ ਗਲਪ-ਸੰਸਾਰ ਦਾ ਹਿੱਸਾ ਨਹੀਂ ਬਣਦੇ। ਉਹ ਪੂੰਜੀਵਾਦੀ-ਮੁੱਲਾਂ ਨੂੰ ਨਫ਼ਰਤ ਤੇ ਭੈਅ ਦੀ ਦ੍ਰਿਸ਼ਟੀ ਨਾਲ ਤਾਂ ਵੇਖਦਾ ਹੈ, ਪਰੰਤੂ ਉਹਦਾ ਵਿਚਾਰ-ਵਸਤੂ ਨਵੇਂ ਮੁੱਲਾਂ ਤੋਂ ਸੱਖਣਾ ਹੈ। ਨਿਰਸੰਦੇਹ ਉਹਦੀ ਗਲਪ ਵਿਚ ਵਿੱਥਾਂ ਤੇ ਚੁੱਪਾਂ ਬੋਲਦੀਆਂ ਹਨ ਪਰੰਤੂ ਉਹਨਾਂ ਵਿਚ ਸਾਮੰਤੀ-ਮੁੱਲ ਅੜੇ ਹੋਏ ਹਨ ਨਾ ਕਿ ਸਮਾਜਕ-ਵਿਕਾਸ ਦੀ ਕਿਸੇ ਅਗਲੀ ਪੱਧਤੀ ਦੀਆਂ ਕਦਰਾਂ-ਕੀਮਤਾਂ। ਉਹਦੀ ਗਲਪ ਦਾ ਮੁੱਲ-ਪ੍ਰਬੰਧ ਝੂਹੇਰਵਿਕ-ਚਿੰਤਨ ਦਾ ਹੈ ਭਾਵੇਂ ਕਿ ਉਹਦੀ ਸ਼ਿਲਪਕਾਰੀ ਅਤੇ ਜੁਗਤ-ਪ੍ਰਬੰਧ ਅਤਿ-ਆਧੁਨਿਕ ਹਨ।

ਰਘਬੀਰ ਢੰਡ ਨਿਰਸੰਦੇਹ ਪਦਾਰਥਵਾਦੀ ਚਿੰਤਨ-ਧਾਰਾ ਦਾ ਗਲਪਕਾਰ ਹੈ। 'ਕੁਰਸੀ' ਅਤੇ 'ਸ਼ਾਨੇ ਪੰਜਾਬ' ਉਹਦੀਆਂ ਸ਼ਾਹਕਾਰ ਕਹਾਣੀਆਂ ਹਨ। ਪਰੰਤੂ ਇਹ ਪੰਜਾਬ ਨਾਲ ਸੰਬੰਧਤ ਹਨ। 'ਨਲਕਾ ਗਿੜਦਾ ਹੈ' ਅਤੇ 'ਕਾਂ ਨੋਟ ਲੈ ਗਿਆ' ਵਰਗੀਆਂ ਖੂਬਸੂਰਤ ਕਹਾਣੀਆਂ ਉਹਨੇ ਪੰਜਾਬ ਵਿਚ ਰਹਿੰਦਿਆਂ ਹੋਇਆਂ ਲਿਖੀਆਂ ਸਨ। ਪ੍ਰਗਤੀਵਾਦੀ ਮੁੱਲਾਂ ਨੂੰ ਉਹਦੀ ਹਰ ਕਹਾਣੀ ਵਿਚ ਦਖ਼ਲ ਹੈ। ਸੰਸਥਾਗਤ ਨਸਲਵਾਦ, ਕਾਲੇ ਤੇ ਗੋਰੇ ਕਾਮੇ ਵਿਚਲੀ ਬਣਦੀ ਸਾਂਝ, ਪੂੰਜੀਵਾਦੀ ਹਾਕਮ ਜਮਾਤ ਦੇ ਖਿਲਾਫ਼ ਨਫ਼ਰਤ, ਬੁਰਜੂਆ ਮੁੱਲਾਂ ਨੂੰ ਰੱਦ ਕਰਨਾ ਅਤੇ ਸਮਾਜਵਾਦੀ ਮੁੱਲਾਂ ਦਾ ਪ੍ਰਚਾਰ ਕਰਨਾ ਉਹਦੀ ਗਲਪ-ਚੇਤਨਾ ਦੇ ਵਿਸ਼ੇਸ਼ ਲੱਛਣ ਹਨ। ਆਪਣੇ ਵਿਸ਼ੇ-ਵਸਤੂ ਵਿਚ ਉਹਨੇ ਸਦਾ ਪ੍ਰਾਪਤ ਨੂੰ ਲਿਆ ਹੈ ਯਾਨਿ ਸਮਕਾਲੀ ਸਮਾਜਿਕ ਯਥਾਰਥ ਉਹਦਾ ਨਿਯੋਜਨ ਹੈ ਅਤੇ ਪ੍ਰਯੋਜਨ ਇਸ ਯਥਾਰਥ ਨੂੰ ਬਦਲ ਕੇ ਇਸ ਦੇ ਅਗਲੇ ਵਿਕਾਸ ਦੀ ਕਿਸੇ ਹੋਰ ਪੱਧਤੀ ਤੇ ਲੈ ਜਾਣਾ ਹੈ। ਉਹ ਪੂੰਜੀਵਾਦੀ-ਮੁੱਲਾਂ ਨੂੰ ਰੱਦ ਕਰਦਾ ਹੈ ਅਤੇ ਸਮਾਜਵਾਦੀ-ਮੁੱਲਾਂ ਦਾ ਸੰਚਾਰ ਕਰਦਾ ਹੈ। ਮਾਲਵੇ ਦੀ ਧਰਤੀ ਦਾ ਮੋਹ ਉਹਨੂੰ ਝੂਹੇਰਵਿਕ ਨਹੀਂ ਗ੍ਰਹਿ-ਵਿਜੋਗਕ (Home-Sick) ਬਣਾਉਂਦਾ ਹੈ। ਝੂਹੇਰਵੇ ਅਤੇ ਗ੍ਰਹਿ-ਵਿਜੋਗ ਨੂੰ ਇਕ-ਦੂਜੇ ਨਾਲ ਰਲਗੱਡ ਨਹੀਂ ਕੀਤਾ ਜਾ ਸਕਦਾ। ਝੂਹੇਰਵਾ ਅਤੀਤ ਦੀਆਂ ਕਦਰਾਂ-ਕੀਮਤਾਂ ਜਾਂ ਮੁੱਲਾਂ ਨੂੰ ਵਾਪਸ ਲਿਆਉਣ ਜਾਂ ਮੁੜ-ਭੋਗਣ ਦੀ ਇਕ ਲਲਕ ਹੈ; ਇਹ ਕਿਸੇ ਵੀ ਤਰ੍ਹਾਂ ਸਿਹਤਮੰਦ ਰੁਝਾਨ ਨਹੀਂ ਹੁੰਦਾ; ਇਹ ਅੱਤ ਦੀ ਪਿਛਾਂਹ-ਖਿੱਚੂ ਪ੍ਰਵਿਰਤੀ ਹੈ। ਇਹਨੂੰ ਰੋਸ਼ਨ (Glorify) ਕਰਨਾ ਵੀ ਕੋਈ ਵਧੀਆ ਗੱਲ ਨਹੀਂ। ਪਰੰਤੂ ਘਰ ਦਾ ਮੋਹ ਜਾਂ ਗ੍ਰਹਿ-ਵਿਜੋਗ ਨਿਤਾਂਤ ਦੂਜੀ ਗੱਲ ਹੈ। ਇਹ ਪਿੱਛੇ-ਖਿੱਚੂ ਰੁਝਾਨ ਨਹੀਂ ਹੈ। ਘਰ ਵਾਪਸ ਪਰਤਿਆ ਜਾ ਸਕਦਾ ਹੈ ਪਰੰਤੂ ਬੀਤੇ ਸਮਿਆਂ ਦੇ ਪਿੱਛੇ ਰਹਿ ਗਏ ਮੁੱਲਾਂ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ। ਇਤਿਹਾਸ ਸਦਾ ਅੱਗੇ ਤੁਰਦਾ ਹੈ। ਇਹਦੇ ਵਾਪਸ ਆਉਣ ਦੀ ਕਾਮਨਾ ਕਰਨਾ ਪੁੱਠੇ ਪੈਰੀਂ ਤੁਰਨਾ ਹੈ। ਇਸ ਤਰ੍ਹਾਂ ਰਘਬੀਰ ਢੰਡ

ਦਾ ਘਰ-ਮੋਹ ਆਪਣੀਆਂ ਜੜ੍ਹਾਂ ਵਿਚੋਂ ਨਿੱਤ ਨਵੀਂ ਸ਼ਕਤੀ ਪ੍ਰਾਪਤ ਕਰਨ ਦਾ ਸਾਧਨ ਹੈ। ਉਹ ਭੂਹੇਰਵਿਕ ਨਹੀਂ ਹੈ ਕਿਉਂਕਿ ਉਹ ਜਗੀਰੂ-ਮੁੱਲਾਂ ਨੂੰ ਰੱਦ ਕਰਦਾ ਹੈ। ਉਹ ਪੂੰਜੀਵਾਦ ਦੀਆਂ ਕੁਝ ਪ੍ਰਾਪਤੀਆਂ ਨੂੰ ਭੋਗਦਾ ਹੋਇਆ ਉਸ ਦੀਆਂ ਵਿਕ੍ਰਿਤੀਆਂ ਨੂੰ ਵੀ ਰੱਦ ਕਰਦਾ ਹੈ। ਉਹ ਨਵੇਂ ਰਿਸ਼ਤਿਆਂ ਨੂੰ ਰੂਪਮਾਨ ਹੋਏ ਵੇਖਣਾ ਚਾਹੁੰਦਾ ਹੈ; ਤੇ ਇਸੇ ਲਈ ਉਹ ਬੁਰਜੁਆ ਮੁੱਲਾਂ ਦੇ ਪ੍ਰਬੰਧ ਨੂੰ ਵੇਲਾ ਵਿਹਾ ਚੁੱਕੇ ਪ੍ਰਬੰਧ ਵਜੋਂ ਵੇਖਦਾ ਤੇ ਇਸ ਨੂੰ ਰੱਦ ਕਰਦਾ ਹੈ। ਵਿਸ਼ਾ-ਵਸਤੂ ਦੇ ਪ੍ਰਤੀਪਾਦਨ ਵਿਚ ਚਿਹਨਾਂ ਦੇ ਆਰ-ਪਾਰ ਉਹਦਾ ਵਿਚਾਰ-ਵਸਤੂ ਵੀ ਸਮਾਇਆ ਹੋਇਆ ਹੈ ਪਰੰਤੂ ਉਹ ਇਸ ਨੂੰ ਨਾਕਾਫ਼ੀ ਸਮਝਦਾ ਹੋਇਆ ਗਲਪ-ਬਾਹਰੀ ਟਿੱਪਣੀਆਂ ਕਰਦਾ ਹੈ। ਇਹ ਟਿੱਪਣੀਕਾਰ ਗਲਪ-ਪ੍ਰਬੰਧ ਉਤੇ ਇਕ ਹੋਰ ਪ੍ਰਬੰਧ ਉਸਾਰਦਾ ਪ੍ਰਤੀਤ ਹੁੰਦਾ ਹੈ ਅਤੇ ਕਲਾ ਭੰਗ ਹੋਣ ਲਗਦੀ ਹੈ। ਅਪ੍ਰਾਪਤ ਦੇ ਵੇਰਵੇ ਪ੍ਰਾਪਤ ਵਿਚ ਪਏ ਹਨ, ਪਰੰਤੂ ਟਿੱਪਣੀਕਾਰ ਇਹਨਾਂ ਨੂੰ ਫਿਰ ਤੋਂ ਸਪਸ਼ਟ ਕਰਦਾ ਹੈ। ਕਲਾ ਤੇ ਭਾਸ਼ਣਕਾਰੀ ਅਲੱਗ-ਥਲੱਗ ਵਖਾਈ ਦੇਣ ਲਗਦੇ ਹਨ, ਤੇ ਲੇਖਕ ਦਾ ਵਿਚਾਰ-ਵਸਤੂ ਵਧੇਰੇ ਫੈਸਲਾਕੁਨ (Over Determined) ਹੋ ਜਾਂਦਾ ਹੈ। ਇੰਜ ਕਲਾ ਵਿਚ ਪੇਸ਼ ਸੰਭਾਵਿਤ ਮੁੱਲ-ਪ੍ਰਬੰਧ ਕਲਾ ਦੇ ਸੰਗਠਨ ਵਿਚੋਂ ਖਾਰਜ ਹੋਣ ਲਗਦਾ ਹੈ ਕਿਉਂਕਿ ਉਸ ਦੀ ਪ੍ਰਕਿਰਤੀ ਕਲਾ ਨਾ ਰਹਿ ਕੇ ਰਾਜਨੀਤਿਕ ਭਾਸ਼ਣ ਦੀ ਸੰਗਿਆ ਅਖਤਿਆਰ ਕਰ ਲੈਂਦੀ ਹੈ। ਢੰਡ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਇਹ ਦੋਸ਼ ਉਹਨੂੰ ਬਾਕੀ ਦੇ ਗਲਪਕਾਰਾਂ ਤੋਂ ਅਲੱਗ ਕਰ ਦੇਂਦਾ ਹੈ।

ਇਸ ਦੇ ਉਲਟ ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਪਾਤਰਾਂ ਤੇ ਸਥਿਤੀਆਂ ਦੀਆਂ ਕਹਾਣੀਆਂ ਹਨ। ਕਿਸੇ ਭਾਸ਼ਣਕਾਰ ਨੂੰ ਉਹਨਾਂ ਵਿਚ ਕੋਈ ਦਖ਼ਲ ਨਹੀਂ। ਉਹਦੀ ਗਲਪ-ਚੇਤਨਾ ਬੁਰਜੁਆ-ਮੁੱਲਾਂ ਨੂੰ ਰੱਦ ਕਰਦੀ ਹੈ ਪਰੰਤੂ ਉਹਦਾ ਵਿਚਾਰ-ਵਸਤੂ ਵੀ ਉਹਦੇ ਵਿਸ਼ਾ-ਵਸਤੂ ਤੋਂ ਵੱਖਰਾ ਨਹੀਂ। ਉਹ ਪੂੰਜੀਵਾਦੀ ਮੁੱਲਾਂ ਤੇ ਕਦਰਾਂ-ਕੀਮਤਾਂ ਨੂੰ ਏਸ ਕਰਦੇ ਨਹੀਂ ਰੱਦ ਕਰਦਾ ਕਿ ਇਤਿਹਾਸ ਇੱਥੇ ਹੀ ਖਲੋਤਾ ਨਹੀਂ ਰਹਿ ਸਕਦਾ ਬਲਕਿ ਏਸ ਕਰਕੇ ਕਿ ਉਹਦੇ ਪਾਤਰਾਂ ਨੇ ਇਹਨਾਂ ਰਾਹੀਂ ਬੜਾ ਦੁੱਖ ਭੋਗਿਆ ਹੈ। ਦੂਜੇ ਸ਼ਬਦਾਂ ਵਿਚ ਪੁਰਾਣੇ ਮੁੱਲ ਤਾਂ ਰੱਦਣਯੋਗ ਹਨ ਪਰੰਤੂ ਨਵੇਂ ਮੁੱਲਾਂ ਦਾ ਕੋਈ ਥਹੁ-ਟਿਕਾਣਾ ਨਹੀਂ। ਸ਼ਿਵਚਰਨ ਗਿੱਲ ਅੰਤਹ-ਦ੍ਰਿਸ਼ਟੀ (Intuition) ਦਾ ਕਹਾਣੀਕਾਰ ਹਨ। ਉਹਨੂੰ ਕਹਾਣੀ ਕਹਿਣ ਦੀ ਸੋਝੀ ਤਾਂ ਹੈ ਪਰੰਤੂ ਮੁੱਲਾਂ ਨੂੰ ਬਦਲਣ ਦੇਣ ਦੀ ਨਹੀਂ। ਰੱਦਣ ਤੇ ਸਿਰਜਣ ਦੇ ਅਮਲ ਨੂੰ ਜੇ ਕਲਾ ਦਾ ਜ਼ਰੂਰੀ ਪ੍ਰਯੋਜਨ ਮੰਨ ਲਿਆ ਜਾਏ ਤਾਂ ਉਹ ਇਸ ਅਮਲ ਦੇ ਇਕ ਹਿੱਸੇ ਦਾ ਗਲਪਕਾਰ ਸਾਬਤ ਹੁੰਦਾ ਹੈ। ਨਵੇਂ ਮੁੱਲਾਂ ਦੀ ਸਿਰਜਣਾ ਦੇ ਸੰਕੇਤ ਵਿਚਾਰ-ਵਸਤੂ ਦਾ ਅੰਗ ਹੁੰਦੇ ਹਨ ਪਰੰਤੂ ਗਲਪ-ਬਿੰਬ ਵਿਚ ਢਲੇ ਹੋਏ। ਵਿਸ਼ਾ-ਵਸਤੂ ਤੇ ਵਿਚਾਰ-ਵਸਤੂ ਇਕ-ਦੂਜੇ ਵਿਚ ਇਸ ਕਦਰ ਫਸੇ ਹੋਏ ਹੁੰਦੇ ਹਨ ਕਿ ਇਹਨਾਂ ਨੂੰ ਅੱਡ-ਅੱਡ ਕਰਨਾ ਸੌਖਾ ਕੰਮ ਨਹੀਂ ਹੁੰਦਾ। ਪਰੰਤੂ ਸਿਧਾਂਤਕ ਪੱਧਰ ਤੇ ਇਹਨਾਂ ਨੂੰ ਥਿੰਨ ਕਰਨਾ ਰੱਦਣ-ਸਿਰਜਣ ਦੀ ਦੁਭਾਗਤਾ (Dichotomy) ਨੂੰ ਸਮਝਣ

ਲਈ ਜ਼ਰੂਰੀ ਹੈ ।

ਦਰਸ਼ਨ ਧੀਰ ਦੀਆਂ ਕਹਾਣੀਆਂ ਭੂਪਵਾਦੀ ਤੇ ਪੂੰਜੀਵਾਦੀ ਮੁੱਲਾਂ ਨੂੰ ਰੱਦ ਕਰਦੀਆਂ ਹਨ ਅਤੇ ਇਤਿਹਾਸ ਦੀ ਅਗਲੀ ਪ੍ਰਗਤੀ ਵੱਲ ਇਸ਼ਾਰਾ ਵੀ ਕਰਦੀਆਂ ਹਨ ਪਰੰਤੂ ਇਹ ਸਾਰੀ ਪ੍ਰਕਿਰਿਆ 'ਦਿੱਖ' (Phenomenon) ਦੀ ਪੱਧਰ ਤੇ ਵਾਪਰਦੀ ਹੈ, ਤੱਤ-ਸਾਰ (Essance) ਦੀ ਪੱਧਰ ਤੇ ਨਹੀਂ । ਇਉਂ ਲਗਦਾ ਹੈ ਜਿਵੇਂ ਉਹਦੀ ਗਲਪ-ਚੇਤਨਾ ਵਿਚ ਪ੍ਰਸ਼ਨ ਯਥਾਰਥ ਦੇ ਰੂਪਾਂਤਰਣ ਦਾ ਨਹੀਂ ਬਲਕਿ ਪ੍ਰਤਿਬਿੰਬਣ ਦਾ ਹੈ । ਯਥਾਰਥ ਦੇ ਕਲਾਤਮਕ ਰੂਪਾਂਤਰਣ ਵਿਚ ਇਕ ਸੰਭਾਵਿਤ ਗਾਲਪਿਕ ਯਥਾਰਥ ਦੀ ਸਿਰਜਣਾ ਹੁੰਦੀ ਹੈ ਜਿਸ ਨਾਲੋਂ ਬੜਾ ਕੁਝ ਵਾਧੂ ਲਹਿ ਜਾਂਦਾ ਹੈ । ਇਥੋਂ ਤੱਕ ਕਿ ਉਹਦਾ ਕਾਰਨ-ਕਾਰਜੀ ਕ੍ਰਮ ਜਾਂ ਫਿਰ ਕਾਰਣਿਕ-ਰਿਸ਼ਤੇ (Causal relations) ਵੀ ਬਦਲ ਜਾਂਦੇ ਹਨ । ਪਰੰਤੂ ਦਰਸ਼ਨ ਧੀਰ ਕਲਾਤਮਕ-ਰੂਪਾਂਤਰਣ ਦੇ ਅਮਲ ਤੋਂ ਬੇਖ਼ਬਰ ਪ੍ਰਤੀਤ ਹੁੰਦਾ ਹੈ ਜਿਵੇਂ ਕਿ 'ਦਿਸ-ਹੱਦੇ ਤੋਂ ਪਾਰ' ਦੀਆਂ ਬਹੁਤੀਆਂ ਕਹਾਣੀਆਂ ਨੂੰ ਲਿਆ ਜਾ ਸਕਦਾ ਹੈ । ਕੁਝ ਇਸੇ ਤਰ੍ਹਾਂ ਦੀ ਸਥਿਤੀ ਉਸ ਦੇ ਨਾਵਲਾਂ ਦੀ ਵੀ ਹੈ ਜਿਵੇਂ 'ਧੁੰਦਲਾ ਸੂਰਜ' ਆਦਿ । 'ਸੰਘਰਸ਼' ਨਾਂਵਲ ਨੂੰ ਉਸ ਦਾ ਹੁਣ ਤੱਕ ਦਾ ਬੇਹਤਰੀਨ ਨਾਵਲ ਗਿਣਿਆ ਜਾ ਸਕਦਾ ਹੈ । ਇਸ ਨਾਵਲ ਵਿਚ ਉਸ ਦੇ ਵਿਸ਼ਾ-ਵਸਤੂ ਅਤੇ ਵਿਚਾਰ-ਵਸਤੂ ਨੂੰ ਅਲੱਗ-ਅਲੱਗ ਰੂਪ ਵਿਚ ਪਛਾਣਿਆ ਜਾ ਸਕਦਾ ਹੈ ।

ਤਰਸੇਮ ਨੀਲਗਿਰੀ ਦੀਆਂ ਦੋ ਜਾਂ ਤਿੰਨ ਕਹਾਣੀਆਂ ਨੂੰ ਛੱਡ ਕੇ ਬਾਕੀ ਦੀਆਂ ਉਹਦੇ ਬ੍ਰਤਾਨਵੀ-ਪ੍ਰਵੇਸ਼ ਤੋਂ ਪਹਿਲਾਂ ਦੇ ਸਮਾਜ ਦੀ ਗੱਲ ਕਰਦੀਆਂ ਹਨ । ਉਹਦੀ ਗਲਪ-ਚੇਤਨਾ ਵਿਚ ਨਾ ਪੁਰਾਣੇ ਮੁੱਲ ਰੱਦਣਯੋਗ ਹਨ ਅਤੇ ਨਾ ਹੀ ਕਿਸੇ ਨਵੇਂ ਮੁੱਲ ਦੀ ਸਿਰਜਣਾ ਜ਼ਰੂਰੀ ਹੈ । ਉਂਜ ਬ੍ਰਤਾਨੀਆਂ ਵਿਚ ਆਪਣੇ 30-32 ਸਾਲਾ ਕਿਆਮ ਦੇ ਬਾਵਜੂਦ ਉਹ ਉਥੋਂ ਦੇ ਸਮਾਜ ਬਾਰੇ ਬਹੁਤ ਘੱਟ ਅਤੇ ਭਾਰਤ ਦੇ ਪੰਜਾਬੀ ਸਮਾਜ ਬਾਰੇ ਵੱਧ ਗੱਲ ਕਰਦਾ ਹੈ ।

ਪ੍ਰੀਤਮ ਸਿੱਧੂ ਮੁੱਖ ਰੂਪ ਵਿਚ ਵਿਅੰਗ-ਲੇਖਕ ਹੈ । ਉਹਦੀ ਇਕ ਪੁਸਤਕ ਕਹਾਣੀਆਂ ਦੀ ਵੀ ਛਪੀ ਹੈ । ਜੇ ਕਹਾਣੀ ਦੀਆਂ ਤਕਨੀਕੀ ਬਾਰੀਕੀਆਂ ਨੂੰ ਇਕ ਮਿੰਟ ਲਈ ਭੁੱਲ ਜਾਇਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਪ੍ਰੀਤਮ ਸਿੱਧੂ ਇਕ ਸ਼ਕਤੀਸ਼ਾਲੀ ਗਲਪੀ-ਵਿਅੰਗਕਾਰ ਹੈ । ਉਹ ਪੁਰਾਣੇ ਤੇ ਜਰਜਰ ਹੋ ਚੁੱਕੇ ਮੁੱਲਾਂ ਤੇ ਆਪਣੀ ਹਰ ਕਹਾਣੀ ਵਿਚ ਪ੍ਰਬਲ ਪ੍ਰਹਾਰ ਕਰਦਾ ਪ੍ਰਤੀਤ ਹੁੰਦਾ ਹੈ । ਸੰਭਾਵਿਤ ਯਥਾਰਥ ਦੀ ਸਿਰਜਣਾ ਵਿਚੋਂ ਯਥਾਰਥ ਦੀ ਗਰੀ ਦਾ ਪਤਾ ਵੀ ਲਗਦਾ ਹੈ । ਪਰੰਤੂ ਉਹਦੇ ਵਿਅੰਗ ਦੀ ਦੋਧਾਰੀ ਤਲਵਾਰ ਕੁਝ ਇਸ ਤਰ੍ਹਾਂ ਚਲਦੀ ਹੈ ਕਿ ਚੰਗੇ ਤੇ ਮੰਦੇ ਸਭ ਪਾਤਰ ਫੱਟੜ ਹੋ ਜਾਂਦੇ ਹਨ । ਉਹਦੀਆਂ ਪੁਸਤਕਾਂ ਇੰਗਲੈਂਡ ਵਿਚ ਸਭ ਤੋਂ ਵੱਧ ਪੜ੍ਹੀਆਂ ਜਾਂਦੀਆਂ ਹਨ ।

ਬਲਦੇਵ ਸਿੰਘ 'ਸਾਨੂੰ ਕੌਣ ਪੁੱਛਦਾ' ਕਹਾਣੀ-ਸੰਗ੍ਰਹਿ ਨਾਲ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ ਸੀ । ਉਹ ਯਥਾਰਥਵਾਦੀ ਕਹਾਣੀਕਾਰ ਹੈ, ਤੇ ਹੁਣ ਉਹਦੀ

ਪੁਸਤਕ 'ਸੁੱਕੇ ਪੱਤੇ' ਵੀ ਛਪੀ ਹੈ। ਉਹ ਪੂਰੀ ਜੁਰਅਤ ਨਾਲ ਬੁਰਜੂਆ ਮੁੱਲਾਂ ਨੂੰ ਰੱਦ ਕਰਦਾ ਹੈ ਪਰੰਤੂ ਉਹਦਾ ਵਿਚਾਰ-ਵਸਤੂ ਵੀ ਇਹਨਾਂ ਮੁੱਲਾਂ ਨੂੰ ਰੱਦ ਕਰਨ ਤੱਕ ਹੀ ਸੀਮਤ ਹੈ। ਜੇ ਵਰਤਮਾਨ ਬ੍ਰਤਾਨਵੀ ਯਥਾਰਥ ਨਾਲ ਵਾਕਫੀਅਤ ਪਾਉਣੀ ਹੋਵੇ ਤਾਂ ਬਲਦੇਵ ਦੇ ਦੋਵੇਂ ਕਹਾਣੀ-ਸੰਗ੍ਰਹਿ ਪੜ੍ਹਨੇ ਬੜੇ ਜ਼ਰੂਰੀ ਹਨ।

ਸਾਥੀ ਲੁਧਿਆਣਵੀ ਆਪਣੇ ਕਹਾਣੀ-ਸੰਗ੍ਰਹਿ 'ਮੌਸਮ ਖਰਾਬ ਹੈ' ਵਿਚ ਕਹਾਣੀਕਾਰ ਜਾਂ ਗਲਪਕਾਰ ਤੋਂ ਵੱਧ ਇਕ ਲੇਖਕਾਰ ਵਜੋਂ ਹੀ ਸਾਹਮਣੇ ਆਉਂਦਾ ਹੈ। ਉਹ ਪੂੰਜੀਵਾਦੀ ਸਮਾਜ ਦੇ ਮੁੱਲਾਂ ਨੂੰ ਰੱਦ ਨਹੀਂ ਕਰਦਾ ਬਲਕਿ ਇਹਦੀਆਂ ਕੁਝ ਖਰਾਬੀਆਂ ਨੂੰ ਹੀ ਰੱਦ ਕਰਦਾ ਹੈ। ਨਵੇਂ ਮੁੱਲ-ਵਿਧਾਨ ਦੀ ਸਿਰਜਣਾ ਉਹਦੇ ਲੇਖਾਂ ਜਾਂ ਕਹਾਣੀਆਂ ਦਾ ਪ੍ਰਯੋਜਨ ਹੀ ਨਹੀਂ ਹੈ। ਸੁਰਿੰਦਰ ਦੇਹਲਵੀ ਇਕ ਸ਼ਕਤੀਸ਼ਾਲੀ ਕਹਾਣੀਕਾਰ ਹੈ ਪਰੰਤੂ ਆਪਣੇ ਇਕੋ ਇਕ ਕਹਾਣੀ-ਸੰਗ੍ਰਹਿ 'ਜਿੰਦ ਬੋਟੀ ਬੋਟੀ' ਤੋਂ ਬਾਅਦ ਉਹ ਨਿਤਾਂਤ ਚੁੱਪ ਹੈ। ਉਹ ਸਾਮੰਤੀ ਅਤੇ ਬੁਰਜੂਆ ਮੁੱਲਾਂ ਨੂੰ ਰੱਦਣ ਦੇ ਨਾਲ ਨਾਲ ਨਵੇਂ ਤੇ ਨਰੋਏ ਸਮਾਜ ਦੇ ਮੁੱਲਾਂ ਨੂੰ ਸਿਰਜਿਤ ਵੀ ਕਰਦਾ ਹੈ। ਹਰਜੀਤ ਅਟਵਾਲ ਅਤੇ ਕੇ. ਸੀ. ਮੋਹਨ, ਦੋ ਹੋਰ ਕਹਾਣੀਕਾਰ ਹਨ ਜਿਨ੍ਹਾਂ ਵਿਚੋਂ ਹਰਜੀਤ ਅਟਵਾਲ ਦੀ ਪੁਸਤਕ 'ਕਾਲਾ ਲਹੂ' ਨੇ ਉਹਨੂੰ ਮੋਹਰਲੀਆਂ ਸਫ਼ਾਂ ਵਿਚ ਖੜ੍ਹਾ ਕਰ ਦਿਤਾ ਸੀ, ਪਰੰਤੂ ਅੱਜ ਕੱਲ੍ਹ ਉਹ ਬਹੁਤ ਘੱਟ ਲਿਖ ਰਿਹਾ ਹੈ।

ਸਵਰਨ ਚੰਦਨ ਇਕ ਹੋਰ ਗਲਪਕਾਰ ਹੈ ਜਿਸ ਦੇ ਰੱਦਿਤ ਜਾਂ ਸਿਰਜਿਤ ਮੁੱਲ-ਵਿਧਾਨਾਂ ਦੀ ਗੱਲ ਕਿਤੇ ਫੇਰ ਕਰ ਲਵਾਂਗੇ। ਹਾਲ ਦੀ ਘੜੀ ਨਿਸ਼ਕਰਸ਼ ਰੂਪ ਵਿਚ ਇਹ ਕਹਿ ਸਕਦੇ ਹਾਂ ਕਿ ਬ੍ਰਤਾਨਵੀ ਪੰਜਾਬੀ ਗਲਪ ਦੀ ਮੁੱਖ ਪ੍ਰਵਿਰਤੀ ਯਥਾਰਥਵਾਦੀ ਮੁੱਲ-ਵਿਧਾਨਾਂ ਦੀ ਧਾਰਨੀ ਹੈ। ਵਧੇਰੇ ਕਰਕੇ ਇਹਨੇ ਸਾਮੰਤੀ ਅਤੇ ਬੁਰਜੂਆ ਗੈਰ-ਸਦੀਵੀ ਮੁੱਲਾਂ ਨੂੰ ਰੱਦ ਕਰਕੇ ਪ੍ਰਗਤੀਵਾਦੀ ਮੁੱਲਾਂ ਦੀ ਸਿਰਜਣਾ ਕੀਤੀ ਹੈ। ਬ੍ਰਤਾਨਵੀ ਪੰਜਾਬੀ ਗਲਪ ਦਾ ਮੁੱਲ-ਪ੍ਰਬੰਧ ਵਸਤੂਪਰਕ ਸਮਾਜਕ ਯਥਾਰਥ ਦਾ ਗਾਲਪਿਕ ਰੂਪਾਂਤਰਣ ਕਰਦਾ ਹੋਇਆ ਜਿੱਥੇ ਮਹਾਂਦ੍ਰਿਸ਼ ਦੀ ਸਿਰਜਣਾ ਕਰਦਾ ਹੈ ਉਥੇ ਵਰਤਮਾਨ ਯਥਾਰਥ ਨੂੰ ਅਜਨਬੀਕ੍ਰਿਤ ਰੂਪ ਦੇ ਕੇ ਪਾਠਕ ਦੀ ਉਸ ਨੰਗੀ ਕਰੂਰਤਾ ਨਾਲ ਪਛਾਣ ਕਰਾਉਂਦਾਂ ਹੈ ਜਿਸ ਨੂੰ ਲੋਕ ਚਿਰਾਂ ਦੇ ਸਹਿੰਦੜ ਹੋ ਚੁੱਕੇ ਹਨ। ਇਸ ਤਰ੍ਹਾਂ ਇਹ ਗਲਪ, ਪਾਠਕ ਦੀ, ਇਕ ਨਵੀਂ ਚੇਤਨਾ ਨਾਲ ਸਾਂਝ ਪੁਆਉਂਦੀ ਹੋਈ ਉਹਨੂੰ ਤੀਖਣ ਤੇ ਪ੍ਰਚੰਡ ਕਰਦੀ ਹੈ ਤੇ ਸਮਾਜਕ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਦੀ ਸੰਵੇਦਨਾ ਜਗਾਉਂਦੀ ਹੈ। ਸਮੁਚੇ ਤੌਰ ਬ੍ਰਤਾਨਵੀ ਪੰਜਾਬੀ ਗਲਪ ਪੁਰਾਣੇ ਮੁੱਲ-ਵਿਧਾਨਾਂ ਨੂੰ ਰੱਦ ਕਰਦੀ ਅਤੇ ਨਵੇਂ ਪ੍ਰਗਤੀਵਾਦੀ ਮੁੱਲਾਂ ਦੀ ਸਿਰਜਣਾ ਕਰਦੀ ਪ੍ਰਤੀਤ ਹੁੰਦੀ ਹੈ। □

ਇੰਗਲੈਂਡ ਵਿਚ ਪੰਜਾਬੀ ਰੰਗ ਮੰਚ

ਇੰਗਲੈਂਡ ਵਿਚ ਪੰਜਾਬੀ ਰੰਗ ਮੰਚ ਦੇ ਨਿਕਾਸ ਤੇ ਵਿਕਾਸ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਸਮਝਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਥੋਂ ਦੇ ਸਮਾਜ ਅਤੇ ਅੰਗਰੇਜ਼ੀ ਰੰਗ ਮੰਚ 'ਤੇ ਇਕ ਪੇਤਲੀ ਜਿਹੀ ਨਜ਼ਰ ਮਾਰ ਲਈ ਜਾਏ। ਇੰਗਲੈਂਡ ਇਕ ਪੂਰਨ-ਵਿਕਸਿਤ ਪੂੰਜੀਵਾਦੀ ਸਮਾਜ ਹੈ। ਪੂੰਜੀਵਾਦੀ ਸਮਾਜ ਦਾ ਇਹ ਵਿਸ਼ੇਸ਼ ਖਾਸਾ ਹੁੰਦਾ ਹੈ ਕਿ ਇਹ ਵਿਅਕਤੀ ਨੂੰ ਵਿਅਕਤੀ-ਅਜ਼ਾਦੀ ਦੇ ਨਾਂ ਉਤੇ ਵਿਅਕਤੀਵਾਦ ਦਾ ਸ਼ਿਕਾਰ ਬਣਾਉਂਦਾ ਹੈ। ਵਿਅਕਤੀ-ਅਜ਼ਾਦੀ ਤਾਂ ਖ਼ੂਬਸੂਰਤ ਗੱਲ ਹੈ ਪਰੰਤੂ ਵਿਅਕਤੀਵਾਦ ਨਹੀਂ। ਮਨੁੱਖ ਨੂੰ ਮਨੁੱਖ ਨਾਲੋਂ ਤੋੜਨਾ ਅਤੇ ਉਹਨੂੰ ਇਕੱਲਾਕਾਰਾ ਕਰਨਾ ਪੂੰਜੀਵਾਦੀ-ਵਿਕਾਸ ਦੀ ਲੋੜ ਹੈ। ਟੱਬਰ ਦੀ ਇਕਾਈ 'ਚੋਂ ਖਾਰਜ ਵਿਅਕਤੀ ਆਪਣੀਆਂ 'ਜ਼ਰੂਰਤਾਂ' ਕਾਰਨ ਅਤੇ ਮਜਬੂਰ ਹੋ ਕੇ ਕੁਝ ਅਜਿਹੇ ਸੰਬੰਧਾਂ ਵਿਚ ਬਝਦਾ ਹੈ ਜਿਸ ਦਾ ਲਾਭ ਸਦਾ ਪੂੰਜੀ ਨੂੰ ਪਹੁੰਚਦਾ ਹੈ। ਇੰਜ ਅਸੀਂ ਵੇਖਦੇ ਹਾਂ ਕਿ ਇੰਗਲੈਂਡ ਦਾ ਹਰ ਪਰਿਵਾਰ, ਵਿਸ਼ੇਸ਼ ਰੂਪ ਵਿਚ ਅੰਗਰੇਜ਼ ਪਰਿਵਾਰ ਟੁੱਟ ਕੇ ਖੇਰੂੰ ਖੇਰੂੰ ਹੋ ਚੁੱਕਾ ਹੈ। ਹੁਣ ਤਾਂ ਇਸ ਦੇ ਅਸਰ ਕਾਫ਼ੀ ਵੱਡੀ ਮਾਤਰਾ ਵਿਚ ਏਸ਼ੀਅਨ ਪਰਿਵਾਰਾਂ 'ਤੇ ਵੀ ਪਏ ਹਨ। ਸਿੱਟੇ ਵਜੋਂ ਟੱਬਰ ਦੀ ਇਕਾਈ ਟੁੱਟੀ-ਤਿੜਕੀ ਹੈ, ਅਤੇ ਵਿਅਕਤੀ ਇਕੱਲਾਕਾਰਾ ਭਟਕਣ ਲਈ ਮਜਬੂਰ ਹੈ। ਵਿਅਕਤੀ ਦੀ ਦ੍ਰਿਸ਼ਟੀ ਕੇਵਲ ਪੈਸੇ ਉਤੇ ਕੇਂਦਰਿਤ ਹੈ, ਅਤੇ ਮਨੁੱਖੀ ਰਿਸ਼ਤੇ ਸਤਹੀ ਤੇ ਇਕ-ਪਰਤੀ ਹਨ। ਪਰ ਇਸ ਦੇ ਐਨ ਉਲਟ ਮਨੁੱਖੀ ਜ਼ਿੰਦਗੀ ਜਟਿਲ ਤੋਂ ਜਟਿਲਤਰ ਹੁੰਦੀ ਜਾ ਰਹੀ ਹੈ। ਮਨੁੱਖੀ ਰਿਸ਼ਤਿਆਂ ਅਤੇ ਮਨੁੱਖੀ-ਹੋਂਦ ਦਾ ਰਿਸ਼ਤਾ ਸਿੱਧ-ਅਨੁਪਾਤੀ ਨਹੀਂ ਬਲਕਿ ਉਲਟ-ਅਨੁਪਾਤੀ ਹੁੰਦਾ ਹੈ। ਸਾਦੇ, ਸਵੱਛ ਅਤੇ ਪੀਡੇ ਰਿਸ਼ਤੇ ਮਨੁੱਖੀ ਸੁਭਾਅ ਨੂੰ ਸਾਧਾਰਣਤਾ ਪ੍ਰਦਾਨ ਕਰਦੇ ਹਨ ਜਦੋਂ ਕਿ ਸਤਹੀ ਤੇ ਇਕ-ਪਰਤੀ ਰਿਸ਼ਤੇ ਮਨੁੱਖੀ-ਸੁਭਾਅ ਨੂੰ ਜਟਿਲ ਬਣਾ ਦੇਂਦੇ ਹਨ। ਮਨੁੱਖ ਕਿਸੇ ਨੂੰ ਵੀ ਆਪਣਾ ਨਹੀਂ ਸਮਝਦਾ ਅਤੇ ਆਪਣੀ 'ਹੋਂਦ' ਦਾ ਪੂਰਾ ਭਾਰ ਆਪ ਢੋਂਹਦਾ ਹੋਇਆ ਅੰਤਰਮੁਖੀ ਅਥਵਾ ਜਟਿਲ ਹੋ ਨਿਬੜਦਾ ਹੈ।

ਇੰਗਲੈਂਡ ਵਿਚ ਅੰਗਰੇਜ਼ੀ ਰੰਗ-ਮੰਚ ਦੀ ਬੜੀ ਪੁਰਾਣੀ ਅਤੇ ਮਜ਼ਬੂਤ ਪਰੰਪਰਾ

ਰਹੀ ਹੈ। ਸਟਰੈਟਫੋਰਡ-ਆਨ-ਐਵਨ ਵਿਚ ਅਜੇ ਤੀਕਰ ਸ਼ੇਕਸਪੀਅਰ ਦੇ ਸੋਲ੍ਹਵੀਂ ਸਦੀ ਵਿਚ ਮੰਚਤ ਕੀਤੇ ਨਾਟਕਾਂ ਦੀ ਗਹਿਰੀ ਛਾਪ ਵੇਖੀ ਜਾ ਸਕਦੀ ਹੈ। ਕੇਵਲ ਲੰਡਨ ਵਿਚ ਹੀ ਦਰਜਨਾਂ ਦੇ ਕਰੀਬ ਥੀਏਟਰ ਹਨ। ਹਰੇਕ ਥੀਏਟਰ ਅਜੇ ਵੀ ਹਰ ਸ਼ਾਮ ਦਰਸ਼ਕਾਂ ਨਾਲ ਭਰਿਆ ਹੁੰਦਾ ਹੈ। ਇਹਨਾਂ ਥੀਏਟਰਾਂ ਵਿਚ ਵੱਖ ਵੱਖ ਪ੍ਰਕਿਰਤੀ ਅਤੇ ਸ਼ੈਲੀ ਦੇ ਨਾਟਕਾਂ ਦਾ ਮੰਚਣ ਹੁੰਦਾ ਹੈ। ਕੁਝ ਨਾਟਕ ਕੁਝ ਹਫ਼ਤੇ ਚਲਦੇ ਹਨ, ਕੁਝ ਕਈ ਮਹੀਨੇ ਅਤੇ ਕੁਝ ਕਈ ਕਈ ਸਾਲ। ਐਗਥਾ ਕ੍ਰਿਸਟੀ ਦੇ 'ਮਾਊਸ-ਟਰੈਪ', 'ਮਰਡਰ ਓਨ ਦਾ ਨਾਈਲ' ਵਰਗੇ ਨਾਟਕਾਂ ਦਾ ਮੰਚਣ ਲੰਮੇ ਸਮੇਂ ਲਈ ਹੁੰਦਾ ਹੈ। 'ਓ ਕੈਲਕੱਟਾ' ਵਰਗੇ ਫ਼ੁਹਸ਼ ਨਾਟਕ ਤਾਂ ਸਾਲਾਂ ਦੇ ਸਾਲ ਚਲਦੇ ਹਨ। ਪਰੰਤੂ ਸ਼ੇਕਸਪੀਅਰ ਦੇ ਨਾਟਕ ਕੁਝ ਹਫ਼ਤੇ ਜਾਂ ਕੁਝ ਮਹੀਨੇ ਚਲਦੇ ਹਨ। ਇਨ੍ਹਾਂ ਤੋਂ ਇਲਾਵਾ ਬ੍ਰੈਖ਼ਤ, ਬਰਨਾਰਡ ਸ਼ਾਅ ਅਤੇ ਰੂਸੀ ਨਾਟਕਾਂ ਦਾ ਮੰਚਣ ਵੀ ਹੁੰਦਾ ਹੈ। ਹਰੇਕ ਪ੍ਰਕਾਰ ਦੇ ਦਰਸ਼ਕ ਇੰਗਲੈਂਡ ਵਿਚ ਮੌਜੂਦ ਹਨ। ਗ੍ਰੀਕ-ਤ੍ਰਾਸਦੀ ਵੇਖਣ ਵਾਲੇ ਵੀ ਹਨ ਅਤੇ ਉਪਹਾਸਕ-ਸ਼ੈਲੀ ਦਾ ਲੁਤਫ਼ ਉਠਾਉਣ ਵਾਲੇ ਵੀ। ਸੈਕਸ ਪ੍ਰਤੀ ਵਿਕ੍ਰਿਤ-ਮੁੱਲਾਂ ਵਾਲੇ ਨਾਟਕ ਵਧੇਰੇ ਸਮਾਂ ਚਲਦੇ ਹਨ ਜਦੋਂ ਕਿ ਸਿਹਤਮੰਦ ਰੁਝਾਨਾਂ ਵਾਲੇ ਨਾਟਕ ਸੀਮਤ ਜਿਹੀ ਅਵਧੀ ਭੋਗਦੇ ਹਨ। ਜਿੱਥੇ ਟੁੱਟੇ ਅਤੇ ਖਿੰਡੇ ਵਿਅਕਤੀ ਦੀ ਕਹਾਣੀ ਪੇਸ਼ ਹੁੰਦੀ ਹੈ ਉਥੋਂ ਹੀ ਟੁੱਟੇ ਅਤੇ ਖਿੰਡੇ ਵਿਅਕਤੀ ਦੂਰ ਭਜਦੇ ਹਨ। ਉਹ ਸਦਾ ਪਲਾਇਣ ਦਾ ਰਾਹ ਲਭਦੇ ਹਨ। ਉਹ ਆਪਣੇ ਵਿਅਕਤੀਵਾਦ ਨੂੰ ਹੋਰ ਵਧੇਰੇ ਚਮਕਾਉਂਦੇ ਯਾਨਿ ਗਲੋਰੀਫ਼ਾਈ ਕਰਦੇ ਹਨ। ਯਥਾਰਥ ਦਾ ਸਾਹਮਣਾ ਕਰਨਾ ਅਜੋਕੇ ਅੰਗਰੇਜ਼ੀ ਦਰਸ਼ਕ ਲਈ ਬੜਾ ਹੀ ਕਠਨ ਹੁੰਦਾ ਜਾ ਰਿਹਾ ਹੈ। ਪਰ ਫੇਰ ਵੀ ਹਰੇਕ ਸ਼ੇਡ ਦਾ ਨਾਟਕ ਵੇਖਣ ਅਤੇ ਮਾਣਨ ਵਾਲੇ ਦਰਸ਼ਕ ਇੰਗਲੈਂਡ ਦੇ ਹਰ ਸ਼ਹਿਰ ਵਿਚ ਮੌਜੂਦ ਹਨ।

ਸਪਸ਼ਟ ਹੈ ਕਿ ਇਸ ਤਰ੍ਹਾਂ ਦੇ ਆਲੇ-ਦੁਆਲੇ ਵਿਚ ਪੰਜਾਬੀ ਰੰਗ-ਮੰਚ ਨੂੰ ਭਰਪੂਰ ਵਿਕਾਸ ਕਰਨਾ ਚਾਹੀਦਾ ਸੀ। ਤਕਨੀਕੀ ਪੱਖਾਂ ਤੋਂ ਅੰਗਰੇਜ਼ੀ, ਫਰਾਂਸਿਸੀ, ਜਰਮਨ, ਆਇਰਿਸ਼ ਮੰਚ ਬਹੁਤ ਅੱਗੇ ਨਿਕਲ ਚੁੱਕੇ ਹਨ। ਪੂੰਜੀਵਾਦੀ ਵਿਕਾਸ ਦੀ ਆਧੁਨਿਕ ਮੰਚ ਨੂੰ ਇਹ ਬਹੁਤ ਵੱਡੀ ਦੇਣ ਹੈ। ਪਰੰਤੂ ਸੱਚ ਇਹ ਹੈ ਕਿ ਪੰਜਾਬੀ ਰੰਗ-ਮੰਚ ਆਪਣੇ ਨਿਕਾਸ ਅਤੇ ਵਿਕਾਸ ਦੇ ਮੁਢਲੇ ਪੜਾਵਾਂ ਤੇ ਹੀ ਖ਼ਤਮ ਹੋ ਗਿਆ। ਇਸ ਹੋਣੀ ਦੇ ਬੜੇ ਬਲਵਾਨ ਅਤੇ ਤਰਕਸੰਗਤ ਕਾਰਨ ਹਨ। ਪਰੰਤੂ ਇਹਨਾਂ ਕਾਰਨਾਂ ਵੱਲ ਜਾਣ ਤੋਂ ਪਹਿਲਾਂ ਸਾਨੂੰ ਪੰਜਾਬੀ ਰੰਗ-ਮੰਚ ਉਪਰ ਇਕ ਇਤਿਹਾਸਕ-ਝਾਤ ਮਾਰ ਲੈਣੀ ਚਾਹੀਦੀ ਹੈ।

ਮੂਲ ਰੂਪ ਵਿਚ ਪੰਜਾਬੀ ਲੋਕ 1950-60ਵਿਆਂ ਵਿਚ ਇੰਗਲੈਂਡ ਜਾਣੇ ਸ਼ੁਰੂ ਹੋਏ। ਇਹ ਲੋਕ ਭੋਂ-ਰਹਿਤ ਛੋਟੀ ਕਿਸਾਣੀ, ਕਾਰੀਗਰ ਅਤੇ ਗ਼ੈਰ-ਕਾਰੀਗਰ ਸਮੂਹਾਂ ਵਿਚੋਂ ਸਨ। ਜਿਨ੍ਹਾਂ ਲੋਕਾਂ ਦੀ ਮਾੜੀ-ਮੋਟੀ ਭੋਂ ਜਾਂ ਫਿਰ ਤਰਖਾਣੇ-ਲੁਹਾਰੇ ਕੰਮ ਲਈ ਕੋਈ ਦੁਕਾਨ ਵੀ ਸੀ, ਉਹਨਾਂ ਦੀ ਆਰਥਕ ਸਥਿਤੀ ਵੀ ਅਜਿਹੀ ਨਹੀਂ ਸੀ ਕਿ ਉਹ ਆਪਣੀ ਜੰਮਣ-ਭੋਂ ਤੇ ਟਿਕੇ ਰਹਿ ਸਕਦੇ। ਇਹ ਸਾਰੇ ਜਾਂ ਫਿਰ ਬਹੁਤੇ

ਲੋਕ ਵਿਦਿਆਹੀਣ ਸਨ, ਅਤੇ ਕੇਵਲ ਆਰਥਕ ਸੁਖਾਵੇਂਪਨ ਨੂੰ ਬਹਾਲ ਕਰਨ ਲਈ ਹੀ ਬਾਹਰ ਗਏ ਸਨ। ਦੂਜਾ ਪੂਰ ਸੱਠਵਿਆਂ ਤੋਂ ਬਾਅਦ ਦਾ ਸੀ ਜਿਹੜਾ ਪੰਜਾਬ ਵਿਚ ਕਲਰਕੀਆਂ, ਮਾਸਟਰੀਆਂ ਅਤੇ ਹੋਰ ਇਸੇ ਤਰਜ਼ ਦੀਆਂ ਨੌਕਰੀਆਂ ਕਰਦਾ ਰਿਹਾ ਸੀ। ਇਹਨਾਂ ਵਿਚੋਂ ਕਾਫੀ ਸਾਰੇ ਲੋਕ ਸਾਹਿਤ-ਸਿਰਜਣਾ ਆਦਿ ਦਾ ਸ਼ੌਕ ਆਪਣੇ ਨਾਲ ਹੀ ਲੈ ਕੇ ਗਏ ਸਨ। ਇਹੋ ਹੀ ਲੋਕ ਸਨ ਜਿਨ੍ਹਾਂ ਨੇ ਸਾਹਿਤ ਅਤੇ ਕਲਾ ਵੱਲ ਧਿਆਨ ਦੇਣਾ ਸੀ। ਇਹਨਾਂ ਨੇ ਹੀ ਕਵਿਤਾ, ਕਹਾਣੀ ਅਤੇ ਨਾਵਲ ਦੀ ਸਿਰਜਣਾ ਕਰਨੀ ਸੀ ਅਤੇ ਪੰਜਾਬੀ ਰੰਗ-ਮੰਚ ਦਾ ਵਿਕਾਸ ਵੀ ਕਰਨਾ ਸੀ। ਪਰੰਤੂ ਇਹਨਾਂ ਸਾਹਮਣੇ ਪਹਿਲੇ ਦੌਰ ਵਿਚ ਕਈ ਹੋਰ ਸੰਕਟ ਖੜੇ ਸਨ। ਮੱਧ-ਕਿਸਾਣੀ ਜਾਂ ਫਿਰ ਨਿਮਨ-ਕਿਸਾਣੀ ਦੇ ਟੱਬਰਾਂ ਵਿਚੋਂ ਆਏ ਇਹਨਾਂ ਲੋਕਾਂ ਨੇ ਪਹਿਲੀ ਵੇਰਾਂ ਫੈਕਟਰੀਆਂ ਅਤੇ ਫੌਂਡਰੀਆਂ ਵਿਚ ਕੰਮ ਕਰਕੇ ਵੇਖਿਆ ਸੀ। ਸਕੂਲ-ਮਾਸਟਰੀ, ਕਲਰਕੀ, ਖੇਤੀ-ਇਨਸਪੈਕਟਰੀ ਆਦਿ ਦੀਆਂ ਕੁਰਸੀਆਂ ਅਤੇ ਪਿੰਡੀਂ-ਸ਼ਹਿਰੀਂ ਮਾਣੀ ਹੋਈ ਮੱਧ-ਵਰਗੀ ਸਰਦਾਰੀ ਤੋਂ ਇਕ ਦਮ ਹੇਠਾਂ ਉਤਰਨ ਨਾਲ ਅਤੇ ਫੈਕਟਰੀਆਂ, ਫੌਂਡਰੀਆਂ ਵਿਚ ਆਪਣੇ ਰਹਿ ਚੁੱਕੇ ਕਾਮਿਆਂ ਨਾਲ ਸਾਂਵਾਂ ਕੰਮ ਕਰਨ ਨਾਲ ਇਹਨਾਂ ਲੋਕਾਂ ਦੇ ਸਰਦਾਰੀ ਦੇ ਸੰਸਕਾਰਾਂ ਨੂੰ ਬੜੀ ਸੱਟ ਵੱਜੀ, ਅਤੇ ਇਹ ਇਕ ਤਰ੍ਹਾਂ ਨਾਲ ਵਿਜੋਗੇ ਗਏ। ਇਹਨਾਂ ਨੂੰ ਪੁਰਾਣੇ ਜ਼ਮਾਨੇ ਯਾਦ ਆਉਣ ਲੱਗੇ। ਇਹਨਾਂ ਨੂੰ ਕੰਮੀਆਂ-ਕਮੀਣਾਂ ਦੀਆਂ ਠੱਠੀਆਂ ਸਾਹਮਣੇ ਖੜ ਕੇ ਮਾਰੀਆਂ ਬੜ੍ਹਕਾਂ ਯਾਦ ਆਉਣ ਲੱਗੀਆਂ। ਤੇ ਫੇਰ ਜਦੋਂ ਪੁਰਾਣੇ ਰਹਿ ਚੁੱਕੇ ਹਾਕਮ, ਅੰਗਰੇਜ਼ ਨੇ ਇਹਨਾਂ ਨੂੰ ਵੀ ਛੋਟੀਆਂ ਜਾਤਾਂ ਦੇ ਬਰਾਬਰ ਹੀ ਸਮਝ ਲਿਆ ਤਾਂ ਇਹ ਹੋਰ ਵਧੇਰੇ ਟੁੱਟ ਕੇ ਰਹਿ ਗਏ। ਅੰਗਰੇਜ਼ ਨਸਲੀ-ਵਿਤਕਰਾ ਤਾਂ ਕਰਦਾ ਹੀ ਸੀ, ਪਰ ਇਹ ਵਿਤਕਰਾ ਜਾਂ ਫਿਰ ਨਸਲਵਾਦ ਇਹਨਾਂ ਨੂੰ ਵੱਧ ਸਤਾਉਂਦਾ ਸੀ। ਸਿੱਟੇ ਵਜੋਂ ਇਹਨਾਂ ਦੇ ਅੰਦਰਲੇ ਕਵੀ ਬਾਹਰ ਨਿਕਲੇ ਅਤੇ ਪੁਰਾਣੇ ਸਮਿਆਂ ਨੂੰ ਯਾਦ ਕਰ-ਕਰ ਝੂਰਨ ਲੱਗੇ। ਇਹ ਅਤਿ ਭਾਵੁਕਤਾ ਦਾ ਦੌਰ ਸੀ ਜਿਸ ਨੇ ਝੂਹੇਰਵਾ-ਗ੍ਰਸਤ ਕਵਿਤਾ ਦਾ ਸੂਤਰਪਾਤ ਕੀਤਾ। ਨਾਟਕ-ਸਿਰਜਣਾ ਅਤੇ ਉਸ ਦਾ ਮੰਚਣ ਤਾਂ ਦੂਰ ਦੀ ਗੱਲ, ਇਹ ਤਾਂ ਅਜੇ ਕਹਾਣੀ ਤੇ ਨਾਵਲ ਦੀ ਗੱਲ ਵੀ ਨਹੀਂ ਸਨ ਸੋਚ ਸਕਦੇ।

ਇਹਨਾਂ 'ਚੋਂ ਬਹੁਤੇ ਤਾਂ ਪੰਜਾਬ ਨੂੰ ਭੱਜਣ-ਭੱਜਣ ਵੀ ਕਰਦੇ ਸਨ, ਪਰ ਆਰਥਕ ਔਕੜਾਂ ਇਹਨਾਂ ਨੂੰ ਰਾਹ ਨਹੀਂ ਸਨ ਦੇਂਦੀਆਂ। ਇਸ ਤੋਂ ਬਿਨਾਂ ਰੋਜ਼ ਬਾਰਾਂ-ਬਾਰਾਂ ਘੰਟੇ ਕੰਮ, ਤੇ ਉਹ ਵੀ ਫੈਕਟਰੀਆਂ-ਫੌਂਡਰੀਆਂ ਦਾ, ਇਹਨਾਂ ਲੋਕਾਂ ਨੂੰ ਕਵਿਤਾ ਲਿਖਣ ਦਾ ਸਮਾਂ ਵੀ ਨਹੀਂ ਸੀ ਦਿੰਦਾ, ਸਾਹਿਤ ਦੇ ਬਾਕੀ ਰੂਪਾਕਾਰਾਂ ਦੀ ਗੱਲ ਤਾਂ ਬੜੀ ਦੂਰ ਸੀ। ਕਦੇ ਕਦੇ ਜਦੋਂ ਕਵੀ ਦਰਬਾਰ ਕਰਾਏ ਜਾਂਦੇ ਤਾਂ ਲੋਕ ਬੜੀ ਬੜੀ ਦੂਰੋਂ ਵੈਨਾਂ ਭਰ-ਭਰ ਆਉਂਦੇ ਸਨ। ਆਪਣੀ ਸਭਿਆਚਾਰਕ ਭੁੱਖ ਨੂੰ ਤ੍ਰਿਪਤ ਕਰਨ ਦਾ ਹੋਰ ਕੋਈ ਤਰੀਕਾ ਇਹਨਾਂ ਦਾ ਸਾਹਮਣੇ ਨਹੀਂ ਸੀ। ਤੇ ਜੇ ਕੋਈ ਸੀ ਵੀ ਤਾਂ ਕਿਸੇ ਕੋਲ ਏਨਾ ਸਮਾਂ ਹੀ ਨਹੀਂ ਸੀ ਕਿ ਲੰਮੀ ਸਾਧਨਾ ਤੇ ਸਿਰੜ ਨਾਲ ਪ੍ਰਤਿਬੱਧਤਾ

ਪੈਦਾ ਕਰ ਸਕਦਾ। ਗਏ ਤਾਂ ਇਹ ਲੋਕ ਚਾਰ ਪੈਸੇ ਕਮਾ ਕੇ ਵਾਪਸ ਮੁੜਨ ਦੀ ਅਭਿਲਾਸ਼ਾ ਨਾਲ ਸਨ, ਪਰ ਉਹ ਚਾਰ ਪੈਸੇ ਕਦੇ ਵੀ ਨਾ ਜੁੜ ਸਕੇ, ਤੇ ਅਖੀਰ ਇਹਨਾਂ ਆਪਣੇ ਟੱਬਰ-ਟੀਰ ਇੰਗਲੈਂਡ ਮੰਗਵਾਉਣੇ ਸ਼ੁਰੂ ਕਰ ਦਿਤੇ। ਘਰ ਆਦਿ ਵੀ ਖ੍ਰੀਦੇ, ਅਤੇ ਅੰਤ ਕਿਸ਼ਤਾਂ ਦੀ ਅਦਾਇਗੀ ਲਈ ਇਹ ਲੋਕ ਅਤੇ ਇਹਨਾਂ ਦੀਆਂ ਪਤਨੀਆਂ ਹੋਰ ਵਧੇਰੇ ਆਰਥਕ-ਜਿੱਲ੍ਹਣ ਵਿਚ ਖੁਭ ਗਈਆਂ। ਇਕ ਪਾਸੇ ਆਰਥਕ ਮਜਬੂਰੀਆਂ ਅਤੇ ਦੂਜੇ ਪਾਸੇ ਸਥਾਪਿਤ ਹੋਣ, ਨਸਲਵਾਦ ਦਾ ਸਾਹਮਣਾ ਕਰਨ, ਨਵੇਂ ਮਾਹੌਲ ਨੂੰ ਜਜ਼ਬ ਕਰਨ ਦੀਆਂ ਸਮੱਸਿਆਵਾਂ ਨੇ ਨਾ ਇਹਨਾਂ ਨੂੰ ਕਦੇ ਲੰਡਨ ਦੀਆਂ ਨਾਟਕ-ਕੰਪਨੀਆਂ ਵੱਲ ਜਾਣ ਦਾ ਮੌਕਾ ਦਿਤਾ ਅਤੇ ਨਾ ਹੀ ਪੰਜਾਬ ਦੇ ਰੰਗ-ਮੰਚ ਨਾਲ ਜੁੜਿਆ ਰਹਿਣ ਦਿਤਾ। ਫੈਕਟਰੀ-ਫੌਂਡਰੀ ਦੇ ਹੱਡ-ਭੰਨਵੇਂ ਕੰਮ ਤੋਂ ਪਿਛੋਂ ਕਿਸੇ ਤਰ੍ਹਾਂ ਕਵਿਤਾ, ਕਹਾਣੀ ਤਾਂ ਸ਼ਾਇਦ ਲਿਖੀ ਜਾ ਸਕਦੀ ਸੀ ਪਰ ਨਾਟਕ ਲਿਖ ਕੇ ਉਹਦਾ ਮੰਚਣ ਕਰਨਾ ਨਿਤਾਂਤ ਮੁਸ਼ਕਿਲ ਸੀ। ਇਹ ਕੰਮ ਲੰਮੇ ਸਮੇਂ, ਮਿਹਨਤ, ਲਗਨ, ਸਾਧਨਾ ਅਤੇ ਪ੍ਰਤਿਬੱਧਤਾ ਦੀ ਮੰਗ ਕਰਦਾ ਸੀ ਜਿਹੜਾ ਇਹਨਾਂ ਲੋਕਾਂ ਕੋਲ ਨਹੀਂ ਸੀ। ਪਰ ਜਦੋਂ ਵੀਹਾਂ ਕੁ ਸਾਲਾਂ ਪਿਛੋਂ ਲੰਮਾ ਸਮਾਂ ਮਿਲਿਆ ਵੀ, ਤਾਂ ਬਹੁਤ ਦੇਰ ਹੋ ਚੁੱਕੀ ਸੀ। ਬੱਚੇ ਜਵਾਨ ਹੋ ਚੁੱਕੇ ਸਨ ਤੇ ਪਹਿਲੀ ਪੁਸ਼ਤ ਲੱਗਭੱਗ ਬੁੱਢੀ। ਜੁਆਨ ਹੋ ਚੁੱਕੇ ਮੁੰਡਿਆਂ ਤੇ ਕੁੜੀਆਂ ਦਾ ਰੁਝਾਨ ਅੰਗਰੇਜ਼ੀ-ਮੰਚ ਵੱਲ ਸੀ ਨਾ ਕਿ ਪੰਜਾਬੀ, ਹਿੰਦੀ ਜਾਂ ਉਰਦੂ ਮੰਚ ਵੱਲ।

ਪਰ ਇਸ ਸਭ ਕੁਝ ਦੇ ਬਾਵਜੂਦ ਪੰਜਾਬੀ ਰੰਗ-ਮੰਚ ਲਈ ਕੁਝ ਮੁਢਲੀਆਂ ਕੋਸ਼ਿਸ਼ਾਂ ਜ਼ਰੂਰ ਹੋਈਆਂ ਭਾਵੇਂ ਇਹ ਬਿਲਕੁਲ ਹੀ ਨਿਗੂਣੀਆਂ ਸਨ। ਸਾਊਥਾਲ ਦੇ ਇਲਾਕੇ ਵਿਚ ਸਭ ਤੋਂ ਪਹਿਲਾ ਪੰਜਾਬੀ ਨਾਟਕ 'ਆਤੂ ਦਾ ਵਿਆਹ' (ਕਿਰਤ : ਗਿਆਨੀ ਦਰਸ਼ਨ ਸਿੰਘ) ਖੇਡਿਆ ਗਿਆ ਜਿਸ ਦੀ ਮੁੱਖ ਭੂਮਿਕਾ ਸਵਰਨ ਚੰਦਨ ਅਤੇ ਸੁਰਜੀਤ ਚੰਦਨ ਨੇ ਅਦਾ ਕੀਤੀ। ਇਹ ਨਾਟਕ 1968 ਵਿਚ ਮੰਚਤ ਕੀਤਾ ਗਿਆ ਜਿਸ ਦੀ ਮੂਲ ਸਮੱਸਿਆ ਅੱਧ-ਪੜ੍ਹਾਂ ਅਤੇ ਅਣ-ਪੜ੍ਹਾਂ ਦਾ ਪੰਜਾਬ ਤੋਂ ਨੌਜਵਾਨ ਤੇ ਸੁੰਦਰ ਕੁੜੀਆਂ ਮੰਗਵਾ ਕੇ ਵਿਆਹ ਕਰਾਉਣ ਅਤੇ ਜਿਊਂਦੇ-ਜੀਅ ਉਹਨਾਂ ਕੁੜੀਆਂ ਨੂੰ ਨਰਕ ਭੋਗਣ ਲਈ ਮਜਬੂਰ ਕਰ ਦੇਣ ਦੀ ਸੀ। ਇਹ ਨਾਟਕ ਉਸ ਵੇਲੇ ਦੇ ਸਮਕਾਲੀ ਯਥਾਰਥ ਦਾ ਨਾਟਕ ਸੀ, ਪਰੰਤੂ ਬੜੀ ਹੀ ਸਾਧਾਰਣ ਪੇਸ਼ਕਾਰੀ-ਵਿਧੀ ਨੂੰ ਅਪਣਾਉਂਦਾ ਸੀ। ਰੰਗ-ਕਰਮੀਆਂ ਦੀ ਮੇਕ-ਅੱਪ ਦੀ ਜ਼ਿੰਮੇਵਾਰੀ ਮਰਹੂਮ ਈਸ਼ਵਰ ਚਿਤਰਕਾਰ ਨੇ ਬਾਖ਼ੂਬੀ ਨਿਭਾਈ ਸੀ। ਗਿਆਨੀ ਦਰਸ਼ਨ ਸਿੰਘ ਇੰਗਲੈਂਡ ਜਾਣ ਤੋਂ ਪਹਿਲਾਂ ਦਸੂਹਾ, ਭੋਗਪੁਰ ਅਤੇ ਹੋਰ ਕਈ ਥਾਂਈਂ ਰਵਾਇਤੀ ਸ਼ੈਲੀ ਦੇ ਨਾਟਕ ਖੇਡ ਚੁੱਕਾ ਸੀ। ਉਸੇ ਹੀ ਪ੍ਰਸਤੁਤੀ-ਵਿਧੀ ਨੂੰ ਉਹਨੇ ਇੰਗਲੈਂਡ ਵਿਚ ਵੀ ਇਸਤੇਮਾਲ ਕੀਤਾ। ਹਾਲਾਂਕਿ ਇੰਗਲੈਂਡ ਦਾ ਅੰਗਰੇਜ਼ੀ ਨਾਟਕ ਅਤੇ ਮੰਚਣ-ਵਿਧੀ ਉਹਨੀਂ ਦਿਨੀਂ ਆਪਣੇ ਪੂਰੇ ਜਲੌਅ ਵਿਚ ਸੀ, ਪਰੰਤੂ ਪੰਜਾਬੀ ਰੰਗ-ਮੰਚ ਦਾ ਸ਼ੁਰੂਆਤੀ ਨਾਟਕ ਕਪੂਰ ਸਿੰਘ ਘੁੰਮਣ, ਗੁਰਦਿਆਲ ਸਿੰਘ ਫੁੱਲ ਆਦਿ ਨਾਟਕਕਾਰਾਂ ਦੇ ਅਨੁਭਵਾਂ ਨੂੰ ਹੀ ਲੈ ਕੇ ਤੁਰਿਆ।

ਉਪ੍ਰੋਕਤ ਨਾਟਕ ਤੋਂ ਕੋਈ ਦੋ ਸਾਲ ਪਿਛੋਂ ਇਕ ਹੋਰ ਨਾਟਕ ਖ਼ੂਨ (ਕਿਰਤ : ਗਿਆਨੀ ਦਰਸ਼ਨ ਸਿੰਘ) ਮੰਚਤ ਕੀਤਾ ਗਿਆ ਜਿਸ ਦਾ ਇੰਗਲੈਂਡ ਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਸੀ। ਦਰਅਸਲ, ਜਿੰਨੇ ਵੀ ਨਾਟਕ ਇੰਗਲੈਂਡ ਵਿਚ ਖੇਡੇ ਗਏ ਉਹ ਨਾਟਕ-ਬਜਾਤੇ-ਨਾਟਕ ਨਾਲੋਂ ਵੱਧ ਮੁਸ਼ਾਇਰੇ ਦੀ ਸਟੇਜ ਵੱਲ ਲੋਕਾਂ ਨੂੰ ਆਕ੍ਰਸ਼ਿਤ ਕਰਨ ਦੇ ਪ੍ਰਯੋਜਨ ਵਜੋਂ ਹੀ ਖੇਡੇ ਗਏ ਸਨ। ਇਕ ਹੋਰ ਇਕਾਂਗੀ 'ਵੋਟ ਦਾ ਮੁੱਲ' (ਕਿਰਤ : ਸਵਰਨ ਚੰਦਨ) ਭਾਰਤੀ ਕਮਿਊਨਿਸਟਾਂ ਦੀ ਸਭਾ ਦੇ ਮੰਚ ਤੋਂ ਮਈ-ਦਿਵਸ ਦੀ ਭੂਮਿਕਾ ਵਜੋਂ ਪੇਸ਼ ਕੀਤਾ ਗਿਆ। ਸਾਧਾਰਨ ਪ੍ਰਸਤੁਤੀ-ਵਿਧੀ ਵਾਲੇ ਸੱਤ ਇਕਾਂਗੀਆਂ ਦਾ ਸੰਗ੍ਰਹਿ ਵੀ ਹੁਣ ਦਰਸ਼ਨ ਸਿੰਘ ਗਿਆਨੀ ਨੇ ਛਪਵਾਇਆ ਹੈ (ਡਿਪਟੀ ਦੀ ਧੀ ਅਤੇ ਹੋਰ ਨਾਟਕ) ਜਿਸ ਦੇ ਕੁਝ ਨਾਟਕ ਇੰਗਲੈਂਡ ਦੀ ਜ਼ਿੰਦਗੀ ਬਾਰੇ ਵੀ ਹਨ ਪਰੰਤੂ ਉਹ ਸਾਰੇ ਮੰਚ ਤੇ ਪੇਸ਼ ਨਹੀਂ ਕੀਤੇ ਗਏ। ਇਸ ਦੇ ਕਈ ਕਾਰਨ ਹਨ ਜਿਨ੍ਹਾਂ ਨੂੰ ਅਸੀਂ ਅੱਗੇ ਜਾ ਕੇ ਵਿਚਾਰਾਂਗੇ। ਇਸ ਤਰ੍ਹਾਂ ਇਕ ਪੂਰਾ ਨਾਟਕ ਲੱਖਾ ਸਿੰਘ ਜੌਹਰ ਦਾ ਹੈ : ਪੌਂਡਾਂ ਦੇ ਪੁਆੜੇ, ਪਰੰਤੂ ਮੇਰੇ ਖਿਆਲ ਵਿਚ ਇਹ ਅਜੇ ਤੱਕ ਮੰਚ ਤੇ ਪੇਸ਼ ਨਹੀਂ ਕੀਤਾ ਜਾ ਸਕਿਆ। ਸਵਰਨ ਚੰਦਨ ਦਾ ਇਕ ਇਕਾਂਗੀ 'ਅਸੀਂ ਲੋਕ' ਵੀ ਇਸੇ ਹੀ ਹੋਣੀ ਨੂੰ ਹੰਢਾ ਰਿਹਾ ਹੈ।

ਹੁਣ ਜ਼ਰਾ ਪੰਜਾਬੀਆਂ ਦੀ ਦੂਜੀ ਪੀੜ੍ਹੀ ਦੀ ਗੱਲ ਕਰ ਲਈ ਜਾਵੇ। ਪੰਜਾਬੀਆਂ ਦੀ ਦੂਜੀ ਪੀੜ੍ਹੀ ਇੰਗਲੈਂਡ ਦੇ ਅੰਗਰੇਜ਼ੀ ਸਕੂਲਾਂ ਵਿਚ ਹੀ ਪੜ੍ਹੀ ਅਤੇ ਪਰਵਾਨ ਚੜ੍ਹੀ। ਉਹਨਾਂ ਕੋਲ ਬੇਸ਼ਕ ਪੰਜਾਬੀ ਸਭਿਆਚਾਰ ਦੇ ਕੁਝ ਪ੍ਰਤੀਮਾਨ ਤਾਂ ਸਨ ਪਰੰਤੂ ਪੰਜਾਬੀ ਭਾਸ਼ਾ ਉਹਨਾਂ ਦੀ ਪਕੜ ਵਿਚ ਨਾ ਰਹੀ। ਜੇਕਰ ਗੁਰਦੁਆਰਿਆਂ ਆਦਿ ਵਿਚ ਪੰਜਾਬੀ ਭਾਸ਼ਾ ਦੀ ਸਿਖਲਾਈ ਦਾ ਕੁਝ ਇੰਤਜ਼ਾਮ ਹੋਇਆ ਵੀ, ਤਾਂ ਵੀ ਪੰਜਾਬੀ ਭਾਸ਼ਾ ਉਹਨਾਂ ਦਾ ਮੁੱਖ ਜਾਂ ਦੂਜੈਲਾ ਸਰੋਕਾਰ ਨਾ ਬਣ ਸਕੀ। ਵਜ੍ਹਾ ਸਪਸ਼ਟ ਹੈ : ਫਰੈਂਚ, ਜਰਮਨ, ਗ੍ਰੀਸ ਆਦਿ ਭਾਸ਼ਾਵਾਂ ਸਿੱਖਣ ਨਾਲ ਉਹਨਾਂ ਦਾ ਆਰਥਕ-ਭਵਿੱਖ ਵਧੇਰੇ ਸੁਰੱਖਿਅਤ ਹੋ ਸਕਦਾ ਸੀ ਜਦੋਂ ਕਿ ਕੋਈ ਵੀ ਏਸ਼ੀਅਨ ਭਾਸ਼ਾ ਅਜਿਹਾ ਚਮਤਕਾਰ ਨਹੀਂ ਸੀ ਕਰ ਸਕਦੀ। ਕਿਸੇ ਵੀ ਦੂਜੀ ਭਾਸ਼ਾ ਨੂੰ ਸਿੱਖਣ ਜਾਂ ਉਸ ਵਿਚ ਵਰਨਣਯੋਗ ਪ੍ਰਾਪਤੀਆਂ ਕਰਨ ਦਾ ਸੰਬੰਧ ਉਸ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਸੰਬੰਧਤ ਸਮਾਜ ਵਿਚ ਥਾਂ ਨਾਲ ਵੀ ਜਾ ਬੱਝਦਾ ਹੈ। ਪੰਜਾਬੀ ਲੋਕ ਆਮ ਕਾਮਿਆਂ ਵਜੋਂ ਅਤੇ ਕਾਮਾ-ਜਮਾਤ ਦੇ ਇਕ ਅੰਗ ਵਜੋਂ ਇੰਗਲੈਂਡ ਦੇ ਬੁਰਜੁਆ ਸਮਾਜ ਵਿਚ ਦਾਖਲ ਹੋਏ ਸਨ। ਨਾ ਉਹ ਹਾਕਮ ਬਣ ਕੇ ਗਏ ਸਨ ਕਿ ਆਪਣੀ ਘੱਟ-ਗਿਣਤੀ ਦੀ ਭਾਸ਼ਾ ਨੂੰ ਬਹੁ-ਗਿਣਤੀ ਉਤੇ ਠੋਸ ਸਕਦੇ, ਅਤੇ ਨਾ ਹੀ ਉਹ ਅਜਿਹੇ ਦੇਸ਼ 'ਚੋਂ ਗਏ ਸਨ ਜਿਸ ਦੀ ਆਰਥਕਤਾ ਅੰਗਰੇਜ਼ੀ ਸਕੂਲਾਂ ਨੂੰ ਕਿਸੇ ਵਪਾਰਕ ਮਜਬੂਰੀ ਅਧੀਨ ਉਹਨਾਂ ਦੀ ਭਾਸ਼ਾ ਸਿਖਾਉਣ ਲਈ ਉਤਸ਼ਾਹ ਦੇਂਦੀ। ਬਲਕਿ ਇਸ ਦੇ ਉਲਟ ਭਾਰਤੀ ਸਭਿਆਚਾਰਾਂ ਅਤੇ ਭਾਸ਼ਾਵਾਂ ਨੂੰ ਅਵਿਕਸਿਤ ਲੋਕਾਂ ਦੇ ਸਭਿਆਚਾਰਾਂ ਅਤੇ ਭਾਸ਼ਾਵਾਂ ਵਜੋਂ ਯਾਦ ਕਰਕੇ ਵਿਕਾਸ ਦੀ ਹਰ ਸੰਭਾਵਨਾ ਨੂੰ

ਰੱਦ ਕਰ ਦਿਤਾ ਜਾਂਦਾ । ਉਂਜ ਕੁਝ ਬੱਚੇ ਉਥੇ ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ ਦੀ 'ਓ' ਅਤੇ 'ਏ' ਲੈਵਲ ਵੀ ਕਰਦੇ ਹਨ ਪਰੰਤੂ ਉਹ ਇਹਨਾਂ ਭਾਸ਼ਾਵਾਂ ਨੂੰ ਉਹਨਾਂ ਦੀ ਠੁੱਕ ਅਨੁਸਾਰ ਬੋਲ ਨਹੀਂ ਸਕਦੇ । ਪੰਜਾਬੀ ਅਤੇ ਹੋਰ ਏਸ਼ੀਅਨ ਭਾਸ਼ਾਵਾਂ ਦੀਆਂ ਪੁਸਤਕਾਂ ਕੇਵਲ ਪਹਿਲੀ ਪੁਸ਼ਤ ਦੇ ਲੋਕ ਹੀ ਪੜ੍ਹਦੇ ਹਨ । ਇਥੇ ਇਹ ਵੀ ਯਾਦ ਰਖਣ ਵਾਲੀ ਗੱਲ ਹੈ ਕਿ ਪਹਿਲੀ ਪੁਸ਼ਤ ਵਿਚ ਉਹ ਸਾਰੇ ਲੋਕ ਸ਼ਾਮਿਲ ਹਨ ਜਿਹੜੇ ਭਾਵੇਂ ਅੱਜ ਤੋਂ ਤੀਹ ਵਰ੍ਹੇ ਪਹਿਲਾਂ ਭਾਰਤ ਤੋਂ ਇੰਗਲੈਂਡ ਗਏ, ਅਤੇ ਭਾਵੇਂ ਅੱਜ 20-25 ਸਾਲ ਦੀ ਉਮਰ ਵਿਚ ਜਾ ਰਹੇ ਹਨ, ਯਾਨਿ ਮੰਗੇਤਰ ਬਣ ਕੇ । ਦਰਅਸਲ ਪੁਸ਼ਤਾਂ ਦਾ ਫਰਕ ਉਮਰਾਂ ਦਾ ਫਰਕ ਨਹੀਂ ਬਲਕਿ ਇਕ ਵਿਸ਼ੇਸ਼ ਮਾਨਸਿਕਤਾ ਦਾ ਫਰਕ ਹੈ । ਇੰਗਲੈਂਡ ਦੀ ਜਵਾਨ ਪੰਜਾਬੀ ਕੁੜੀ ਜਾਂ ਮੁੰਡਾ ਦੂਜੀ ਪੁਸ਼ਤ ਹੈ ਜਦੋਂ ਕਿ ਉਸੇ ਹੀ ਉਮਰ ਦੀ ਭਾਰਤੀ-ਪੰਜਾਬੀ ਕੁੜੀ ਜਾਂ ਮੁੰਡਾ ਪਹਿਲੀ ਪੁਸ਼ਤ ਹੈ । ਇਹੋ ਕਾਰਨ ਹੈ ਕਿ ਮੰਗੇਤਰ ਦੇ ਰੂਪ ਵਿਚ ਏਥੋਂ ਗਿਆ ਮੁੰਡਾ ਜਾਂ ਕੁੜੀ ਉਥੇ ਵਿਆਹ ਕਰਵਾ ਕੇ ਵੀ ਸੁੱਖੀ ਹੋਣ ਦੀ ਬਜਾਏ ਦੁੱਖੀ ਹੀ ਰਹਿੰਦਾ ਹੈ । ਸਭਿਆਚਾਰਕ-ਪਾੜਾ ਏਨਾ ਵਿਰਾਟ ਤੇ ਮਜ਼ਬੂਤ ਹੁੰਦਾ ਹੈ ਕਿ ਦੋਵੇਂ ਧਿਰਾਂ ਹੀ ਦੁੱਖ ਭੋਗਦੀਆਂ ਹਨ । ਪਰ ਅੰਤਰਸਥਿੱਤ ਧਿਰਾਂ ਵਿਚੋਂ ਕਿਸੇ ਨੂੰ ਵੀ ਇਲਜ਼ਾਮ ਦੇਣਾ ਨਾਇਨਸਾਫੀ ਹੋਵੇਗੀ ।

ਕਿੱਸਾ ਮੁਖ਼ਤਸਰ ਇਹ ਕਿ ਇੰਗਲੈਂਡ ਦੀ ਦੂਜੀ ਪੁਸ਼ਤ ਕੋਲ ਜਾਂ ਤਾਂ ਅੰਗਰੇਜ਼ੀ ਭਾਸ਼ਾ ਹੈ ਅਤੇ ਜਾਂ ਦੂਜੀ ਭਾਸ਼ਾ ਵਜੋਂ ਕੋਈ ਹੋਰ ਪੱਛਮੀ ਭਾਸ਼ਾ । ਇਸ ਪੁਸ਼ਤ ਵਿਚੋਂ ਕਾਫੀ ਸਾਰੇ ਲੇਖਕ, ਨਾਟਕਕਾਰ ਵੀ ਪੈਦਾ ਹੋਏ ਹਨ ਪਰੰਤੂ ਉਹ ਸਾਰੇ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਆਪਣੀ ਗੱਲ ਕਹਿੰਦੇ ਹਨ, ਭਾਵੇਂ ਇਹ ਗੱਲ ਪੰਜਾਬੀ ਸਭਿਆਚਾਰ ਨਾਲ ਹੀ ਸੰਬੰਧਤ ਹੋਵੇ । ਕੁਝ ਨੌਜਵਾਨ ਪੰਜਾਬੀ ਬੋਲ ਤਾਂ ਸਕਦੇ ਹਨ, ਪਰ ਲਿਖ-ਪੜ੍ਹ ਨਹੀਂ ਸਕਦੇ । ਤੇ ਬਹੁਤੇ ਨੌਜਵਾਨ ਤਾਂ ਪੰਜਾਬੀ ਸ਼ਬਦਾਂ ਨੂੰ ਠੀਕ ਢੰਗ ਨਾਲ ਉਚਾਰ ਵੀ ਨਹੀਂ ਸਕਦੇ ।

ਬਹੁਤ ਸਾਰੇ ਨੌਜਵਾਨ ਮੁੰਡੇ-ਕੁੜੀਆਂ ਅੱਜ ਕੱਲ੍ਹ ਟੀ. ਵੀ. ਦੇ ਪ੍ਰੋਗਰਾਮਾਂ ਵਿਚ ਕੰਮ ਕਰ ਰਹੇ ਹਨ, ਕੁਝ ਨੇ ਆਪਣੀਆਂ ਨਾਟਕ-ਕੰਪਨੀਆਂ ਵੀ ਬਣਾਈਆਂ ਹਨ, ਪਰੰਤੂ ਉਹ ਸਾਰੇ ਪੰਜਾਬੀ ਸੰਵੇਦਨਾ ਨੂੰ ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਪੇਸ਼ ਕਰਦੇ ਹਨ । ਹਰਵੰਤ ਬੈਂਸ ਇਕ ਅਜਿਹਾ ਹੀ ਨਾਮ ਹੈ । ਉਹਦਾ ਇਕ ਨਾਟਕ 'ਸਾਊਥਾਲ ਪਾਰਕ' ਬਹੁਤ ਮਸ਼ਹੂਰ ਹੋਇਆ ਜਿਸ ਦੇ ਸਿੱਟੇ ਵਜੋਂ ਲੰਡਨ ਦੀ ਇਕ ਉੱਘੀ ਨਾਟਕ-ਕੰਪਨੀ ਨੇ ਉਹਨੂੰ ਕੁੱਲ-ਵਕਤੀ ਨੌਕਰੀ ਵੀ ਦਿਤੀ ਹੈ । ਹੁਣ ਪਿਛੇ ਜਿਹੇ ਇਕ ਹੋਰ ਨੌਜਵਾਨ ਵਿਪਨ ਕੁਮਾਰ ਨੇ ਇਕ ਫਿਲਮ — 'ਆਫ਼ਟਰ ਦਾ ਕੋਰੋਨੇਸ਼ਨ' ਤਿਆਰ ਕੀਤੀ ਹੈ । ਇਹ ਫਿਲਮ 2011 ਵਿਚ ਭਾਰਤੀ ਲੋਕਾਂ ਦੀ ਸਿਆਸੀ, ਸਭਿਆਚਾਰਕ ਅਤੇ ਰਾਜਨੀਤਿਕ ਸਥਿਤੀ ਦੀ ਪੇਸ਼ੀਨਗੋਈ ਕਰਦੀ ਹੈ, ਵਿਸ਼ੇਸ਼ ਕਰਕੇ ਨਸਲਵਾਦ ਦੀ ਸਮੱਸਿਆ ਦੇ ਪ੍ਰਸੰਗ ਵਿਚ । ਇਹ ਫਿਲਮ ਬਣਾਉਣ

ਤੋਂ ਪਹਿਲਾਂ ਉਹਨੇ ਕੁਝ ਹਿੰਦੀ-ਉਰਦੂ-ਮਿਸ਼ਰਿਤ ਨਾਟਕ ਵੀ ਖੇਡੇ ਸਨ, ਪਰੰਤੂ ਉਹ ਸਟੇਜ ਤੇ ਜੰਮ ਨਹੀਂ ਸਨ ਸਕੇ ।

ਇਕ ਹੋਰ ਬੜਾ ਮਸ਼ਹੂਰ ਗਰੁੱਪ ਹੈ — ਤਾਰਾ ਆਰਟਸ ਗਰੁੱਪ । ਇਸ ਗਰੁੱਪ ਨੇ ਅੰਗਰੇਜ਼ੀ+ਹਿੰਦੁਸਤਾਨੀ ਵਿਚ ਕਈਆਂ ਨਾਟਕਾਂ ਦਾ ਮੰਚਣ ਕੀਤਾ ਹੈ । ਹੁਣ ਤਾਂ ਉਹਨਾਂ ਨੂੰ ਸਰਕਾਰ ਵਲੋਂ ਆਰਥਕ ਮਦਦ ਵੀ ਦਿਤੀ ਜਾਣ ਲੱਗੀ ਹੈ । ਅੱਜ ਕਲ੍ਹ ਟੋਟਨਹੈਮ ਵਿਚ ਉਹਨਾਂ ਦਾ ਆਪਣਾ ਛੋਟਾ ਜਿਹਾ ਥੀਏਟਰ ਹੈ ।

ਕੁਝ ਸਾਲ ਪਹਿਲਾਂ ਗੁਰਸ਼ਰਨ ਸਿੰਘ ਆਪਣੀ ਨਾਟ-ਮੰਡਲੀ ਲੈ ਕੇ ਇੰਗਲੈਂਡ ਗਿਆ ਸੀ । ਉਹਨੇ ਕੁਝ ਨਾਟਕ ਇੰਡੀਅਨ ਵਰਕਰਜ਼ ਫਰੰਟ ਦੀ ਸਟੇਜ ਤੋਂ ਮੰਚਤ ਕੀਤੇ ਸਨ । ਨਾਟਕ 'ਟੋਆ' ਨੂੰ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਦਿਤਾ ਸੀ । ਸਿਆਸੀ ਜੱਥੇਬੰਦੀ ਹੋਣ ਕਰਕੇ ਆਈ. ਡਬਲਯੂ. ਐਫ. ਦੀ ਆਪਣੀ ਵਿਸ਼ੇਸ਼ ਸਾਖ ਹੈ, ਤੇ ਦਰਸ਼ਕ ਹਨ । ਬੇਸ਼ੱਕ ਗੁਰਸ਼ਰਨ ਸਿੰਘ ਦੇ ਇਕਾਂਗੀਆਂ ਦਾ ਕਾਫੀ ਸੁਆਗਤ ਹੋਇਆ ਸੀ ਪਰੰਤੂ ਇਸ ਤੋਂ ਇਹ ਸਿੱਟਾ ਨਹੀਂ ਕਢਿਆ ਜਾ ਸਕਦਾ ਕਿ ਇੰਗਲੈਂਡ ਦੀ ਪੰਜਾਬੀ ਜਨਤਾ ਪੰਜਾਬੀ ਨਾਟਕਾਂ ਲਈ ਉਤਸ਼ਾਹ ਰਖਦੀ ਹੈ । ਦੂਜੀ ਪੀੜ੍ਹੀ ਦੀਆਂ ਆਪਣੀਆਂ ਵਿਸ਼ੇਸ਼ ਤਰ੍ਹਾਂ ਦੀਆਂ ਸਮੱਸਿਆਵਾਂ ਹਨ । ਉਹ ਉਹਨਾਂ ਸਮੱਸਿਆਵਾਂ ਨੂੰ ਮੁਖ਼ਾਤਬ ਹੈ । ਉਪ੍ਰੋਕਤ ਤਰਜ਼ ਦੇ ਨਾਟਕ, ਜਿਨ੍ਹਾਂ ਦੇ ਸਮੱਸਿਆਕਾਰ ਨਿਰੋਲ ਭਾਰਤੀ ਜਾਂ ਪੰਜਾਬੀ ਹਨ, ਦਾ ਉਹ ਹੁੰਗਾਰਾ ਨਹੀਂ ਭਰ ਸਕਦੇ । ਫੇਰ ਪੰਜਾਬੀ ਭਾਸ਼ਾ ਵਿਚ ਪੇਸ਼ ਨਾਟਕ ਦਾ ਤਾਂ ਬਿਲਕੁਲ ਹੀ ਨਹੀਂ ।

ਜੇਕਰ ਅਜੋਕੇ ਬਰਤਾਨਵੀ ਪੰਜਾਬੀ ਲੇਖਕਾਂ ਨੇ ਪੰਜਾਬੀ ਰੰਗ-ਮੰਚ ਨੂੰ ਵਿਕਸਿਤ ਕਰਨਾ ਵੀ ਹੋਵੇ, ਤਾਂ ਵੀ ਉਹ ਨਹੀਂ ਕਰ ਸਕਦੇ । ਵਜ੍ਹਾ ਬਿਲਕੁਲ ਸਪਸ਼ਟ ਹੈ । ਜਿਸ ਯੋਗਤਾ ਅਤੇ ਪ੍ਰਤਿਬੱਧਤਾ ਦੀ ਰੰਗ-ਮੰਚ ਨੂੰ ਜ਼ਰੂਰਤ ਹੈ, ਉਹ ਇੰਗਲੈਂਡ ਦੇ ਨੌਜਵਾਨ ਮੁਹੱਯਾ ਨਹੀਂ ਕਰ ਸਕਦੇ । ਕਿਸੇ ਵੀ ਭਾਸ਼ਾ ਦੇ ਰੰਗ-ਮੰਚ ਦੇ ਵਿਕਾਸ ਲਈ ਨੌਜਵਾਨ ਪੀੜ੍ਹੀ ਹੀ ਅੱਗੇ ਆਉਂਦੀ ਹੈ । ਕਾਲਜਾਂ, ਸਕੂਲਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਹੀ ਰੰਗ-ਮੰਚ ਦਾ ਮੂੰਹ-ਮੱਥਾ ਸੁਆਰਦੇ ਹਨ । ਆਮ ਨੌਜੁਆਨ ਵਿਅਕਤੀ ਵੀ ਰੰਗ-ਕਰਮੀ ਬਣ ਸਕਦੇ ਹਨ ਜਿਵੇਂ ਅਜਮੇਰ ਔਲਖ ਦੀ ਟੀਮ ਦੇ ਰੰਗ-ਕਰਮੀ, ਪਰੰਤੂ ਇੰਗਲੈਂਡ ਵਿਚ ਤਾਂ ਇਹਨਾਂ ਦੋਹਾਂ ਦਾ ਅਭਾਵ ਹੈ । ਹਾਂ, ਅੰਗਰੇਜ਼ੀ ਰੰਗ-ਮੰਚ ਭਾਰਤੀਆਂ ਦੀ ਦੂਜੀ ਪੁਸ਼ਤ ਦੇ ਹੱਥਾਂ ਵਿਚ ਨਿੱਤ ਨਵੀਆਂ ਸੰਭਾਵਨਾਵਾਂ ਸਿਰਜਣ ਦੇ ਆਹਰ ਵਿਚ ਹੈ, ਭਾਵੇਂ ਬਹੁਤੇ ਨਾਟਕਾਂ ਦੀ ਵਸਤੂ ਆਮ ਕਰਕੇ ਭਾਰਤੀ/ਪੰਜਾਬੀ ਸਭਿਆਚਾਰ ਨੂੰ ਅਤੇ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਦੇ ਆਪਣੇ ਵਿਸ਼ੇਸ਼ ਸਰੋਕਾਰਾਂ ਨੂੰ ਸਮਰਪਿਤ ਹੋਵੇ ।

ਨਾਟਕ ਦੇ ਬਦਲ ਵਜੋਂ ਪਿਛਲੇ ਕਈਆਂ ਸਾਲਾਂ ਤੋਂ ਪੰਜਾਬੀ-ਮੰਚ ਪੰਜਾਬੀ ਸੰਗੀਤ ਗਰੁੱਪਾਂ ਦੇ ਹੱਥਾਂ ਵਿਚ ਹੈ । ਅਨੇਕਾਂ ਸੰਗੀਤ ਗਰੁੱਪ ਹਨ : ਕੁਝ ਠੇਠ ਪੰਜਾਬੀ ਗੀਤਾਂ ਦੀ ਪੇਸ਼ਕਾਰੀ ਕਰਦੇ ਹਨ ਅਤੇ ਕੁਝ ਐਂਗਲੋ-ਇੰਡੀਅਨ ਧੁਨਾਂ ਨੂੰ ਸਿਰਜਦੇ ਹਨ । ਹੀਰਾ ਗਰੁੱਪ, ਆਪਣਾ ਸੰਗੀਤ, ਅਲਾਪ ਗਰੁੱਪ, ਕਲਾ-ਪ੍ਰੀਤ ਅਤੇ ਹੋਰ

ਅਨੇਕਾਂ ਹੀ ਸੰਗੀਤ ਗਰੁੱਪ ਹਨ ਜਿਨ੍ਹਾਂ ਨੇ ਚੰਗੇ ਪਾਏ ਦਾ ਪੰਜਾਬੀ ਸੰਗੀਤ ਪੈਦਾ ਕੀਤਾ ਹੈ। ਇਹਨਾਂ ਗਰੁੱਪਾਂ ਦੇ ਸੰਚਾਲਕ ਆਮ ਕਰਕੇ ਉਹ ਨੌਜਵਾਨ ਹਨ ਜਿਹੜੇ ਪੰਜਾਬ ਵਿਚ ਇਕ ਖਾਸ ਉਮਰ ਭੋਗ ਕੇ ਅਤੇ ਪੰਜਾਬੀ ਸਭਿਆਚਾਰ ਅਤੇ ਭਾਸ਼ਾ ਦੀ ਵਿਸ਼ੇਸ਼ ਵਿਰਾਸਤ ਨੂੰ ਆਤਮਸਾਤ ਕਰਕੇ ਇੰਗਲੈਂਡ ਪਹੁੰਚੇ ਸਨ। ਕੋਈ ਅਲੋਕਾਰ ਗੱਲ ਨਹੀਂ ਕਿ ਮਲਕੀਤ, ਹੰਨੀ ਅਤੇ ਮੰਗਲ ਵਰਗੇ ਕਈ ਸੰਗੀਤਕਾਰ ਅੱਜ ਕੱਲ੍ਹ ਪੰਜਾਬੀ ਫਿਲਮਾਂ ਵਿਚ ਵੀ ਰੂਪਮਾਨ ਹੋਣ ਲੱਗ ਪਏ ਹਨ। ਦੋ ਕੁ ਸਾਲ ਪਹਿਲਾਂ ਤੱਕ ਵੱਖ-ਵੱਖ ਗਰੁੱਪਾਂ ਦੇ ਰਲਵੇਂ ਪ੍ਰੋਗਰਾਮ ਹੁੰਦੇ ਸਨ। ਮੁਕਾਬਲੇ ਹੁੰਦੇ ਸਨ। ਅਤੇ ਇਨਾਮ ਰੱਖੇ ਤੇ ਜਿੱਤੇ ਜਾਂਦੇ ਸਨ। ਤੇ ਇਹਨਾਂ ਪ੍ਰੋਗਰਾਮਾਂ, ਜਿਨ੍ਹਾਂ ਨੂੰ ਇੰਗਲੈਂਡ ਦੀ ਦੂਜੀ ਪੀੜ੍ਹੀ 'Does' ਕਹਿੰਦੀ ਸੀ, ਨੂੰ ਅਨੇਕਾਂ ਇੰਗਲੈਂਡ ਵਿਚ ਜੰਮੇ, ਪਲੇ ਤੇ ਪੜ੍ਹੇ ਹੋਏ ਨੌਜਵਾਨ ਮੁੰਡੇ-ਕੁੜੀਆਂ ਵੇਖਣ ਤੇ ਸੁਣਨ ਜਾਂਦੇ ਸਨ। ਹੌਲੀ ਹੌਲੀ ਇਹ 'ਡੂਜ਼' ਡਿਸਕੋ ਵਿਚ ਬਦਲ ਗਏ ਅਤੇ ਨੌਜਵਾਨ ਦੂਹਰੇ-ਤੀਹਰੇ ਹੋ ਹੋ ਸੰਗੀਤ ਦੇ ਨਾਲ ਨੱਚਣ ਲੱਗੇ ਸਨ। ਦੂਜੀ ਪੀੜ੍ਹੀ ਦੇ ਨੌਜਵਾਨ ਏਸ ਕਰਕੇ ਇਹਨਾਂ ਪ੍ਰੋਗਰਾਮਾਂ ਵਿਚ ਨਹੀਂ ਸਨ ਜਾਂਦੇ ਕਿ ਉਹਨਾਂ ਨੂੰ ਪੰਜਾਬੀ ਭਾਸ਼ਾ ਨਾਲ ਪਿਆਰ ਸੀ ਬਲਕਿ ਏਸ ਕਰਕੇ ਕਿ ਉਹਨਾਂ ਨੂੰ ਭੰਗੜੇ ਦੀ ਬੀਟ ਨਾਲ ਨੱਚਣ ਦਾ ਸੁਆਦ ਆਉਂਦਾ ਸੀ। ਕਈ ਵਾਰੀ ਤਾਂ ਸਾਡੇ ਮੁੰਡੇ-ਕੁੜੀਆਂ ਦੇ ਨੌਜਵਾਨ ਅੰਗਰੇਜ਼ ਮਿੱਤਰ ਵੀ ਉਹਨਾਂ ਦੇ ਨਾਲ ਨੱਚਦੇ ਵੇਖੇ ਜਾਂਦੇ ਸਨ/ਹਨ। ਅੰਗਰੇਜ਼ੀ ਤੇ ਭਾਰਤੀ ਮਿਸ਼ਰਿਤ ਧੁਨਾਂ ਤੇ ਅੱਜ ਵੀ ਇਹ ਪ੍ਰੋਗਰਾਮ ਮੰਚਤ ਹੋ ਰਹੇ ਹਨ।

'ਡੂਜ਼' ਅਤੇ 'ਡਿਸਕੋ' ਤੱਕ ਪਹੁੰਚਣ ਤੋਂ ਪਹਿਲਾਂ ਇਹ ਗਰੁੱਪ ਬਿਲਕੁਲ ਠੇਠ ਪੰਜਾਬੀ ਸੰਗੀਤ, ਗੀਤ ਤੇ ਧੁਨਾਂ ਗੌਂਦੇ ਸਨ; ਅਤੇ ਇਹ ਹਰੇਕ ਵਿਆਹ, ਮੰਗਣੇ ਜਾਂ ਜਨਮ-ਦਿਨ ਦਾ ਵਿਸ਼ੇਸ਼ ਸ਼ਿੰਗਾਰ ਸਨ। ਪਹਿਲੀ ਪੀੜ੍ਹੀ ਦੇ ਲੋਕ ਸ਼ਰਾਬ ਤੇ ਮੁਰਗੇ ਦੇ ਨਾਲ ਇਹਨਾਂ ਦੇ ਗੀਤਾਂ ਨੂੰ ਸੁਣਨਾ ਪਸੰਦ ਕਰਦੇ ਸਨ। ਉਹਨਾਂ ਦਾ ਸਰੋਕਾਰ ਸੰਗੀਤ ਨਾਲੋਂ ਵੱਧ ਗੀਤਾਂ ਦੇ ਬੋਲ ਸਨ ਜਿਹੜੇ ਮਨਾਂ ਨੂੰ ਧੂਹ ਪਾਉਂਦੇ ਸਨ, ਜਿਵੇਂ :

> ਮੇਰੇ ਲੂੰਸ ਲੂੰਸ ਕਰਦੇ ਅੰਗ,
> ਕਿ ਮੇਰੀ ਕੁੜਤੀ ਹੋ ਗਈ ਤੰਗ,
> ਜਵਾਨੀ ਜ਼ੋਰਾਂ ਤੇ।

ਦੂਜੇ ਪਾਸੇ ਨੌਜਵਾਨ ਪੀੜ੍ਹੀ ਨੂੰ ਨਾ ਲੂੰਸ-ਲੂੰਸ ਦਾ ਪਤਾ ਹੈ, ਨਾ ਕੁੜਤੀ ਦਾ ਤੇ ਨਾ ਹੀ ਤੰਗ ਹੋਣ ਦੇ ਅਰਥਾਂ ਦਾ। ਤੇ ਜੇ ਤੰਗ ਹੋ ਵੀ ਗਈ ਹੈ ਤਾਂ ਉਹ ਕਹਿੰਦੇ ਹਨ : 'ਸੋ ਵੱਟ ? ਇਟਸ ਨੌਟ ਮੱਚ ਔਫ ਏ ਡੀਲ।' ਪਰ ਫੇਰ ਵੀ ਉਹ ਤਬਲੇ ਦੇ ਤਾਲ ਨਾਲ ਨੱਚਦੇ ਹਨ ਤੇ ਭੰਗੜਾ ਪਾਉਂਦੇ ਹਨ ਭਾਵੇਂ ਕਿ ਭੰਗੜਾ ਉਹਨਾਂ ਲਈ ਸਿਰਫ 'ਪੰਗਰਾ' ਹੈ। ਅੰਗਰੇਜ਼ੀ ਵਿਚ ਨਾ ਹੀ 'ਭ' ਦੀ ਅਵਾਜ਼ ਹੈ ਅਤੇ ਨਾ ਹੀ 'ੜ' ਦੀ, ਇਸ ਲਈ ਭੰਗੜਾ, ਪੰਗਰਾ ਬਣ ਜਾਂਦਾ ਅਤੇ ਗੁਰਦਿਆਲ, ਗੁਰਡਿਅਲ।

ਸਿੱਟਾ ਇਹ ਕਿ ਇੰਗਲੈਂਡ ਵਿਚ ਨਾਟਕ ਦੀ ਕਮੀ ਨੂੰ ਮੰਚ-ਸੰਗੀਤ ਨੇ ਪੂਰਿਆਂ ਕੀਤਾ ਹੈ।

ਇੰਗਲੈਂਡ ਦੇ ਪੰਜਾਬੀ ਰੰਗ-ਮੰਚ ਨੂੰ ਤਾਂ ਛੱਡੋ, ਹੁਣ ਤਾਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਦਾ ਭਵਿੱਖ ਵੀ ਕਾਫੀ ਧੁੰਦਲਾ ਹੋ ਰਿਹਾ ਹੈ। ਇਹ ਕੁਦਰਤੀ ਸੀ ਤੇ ਹੈ। ਘੱਟ-ਗਿਣਤੀ ਦੀ ਭਾਸ਼ਾ ਤੇ ਸਭਿਆਚਾਰ ਬਹੁ-ਗਿਣਤੀ ਦੀ ਭਾਸ਼ਾ ਅਤੇ ਸਭਿਆਚਾਰ ਸਾਹਮਣੇ ਬਹੁਤੇ ਦਿਨ ਨਹੀਂ ਕੱਟ ਸਕਦਾ ਬਸ਼ਰਤ ਕਿ ਘੱਟ-ਗਿਣਤੀ ਹਾਕਮਾਂ ਦੀ ਘੱਟ-ਗਿਣਤੀ ਨਾ ਹੋਵੇ। ਪਹਿਲੀ ਪੀੜ੍ਹੀ ਹੌਲੀ ਹੌਲੀ ਸੀਨ ਤੋਂ ਲੋਪ ਹੋ ਰਹੀ ਹੈ ਰਹੀ ਹੈ ਅਤੇ ਇਹਦੀ ਥਾਂ ਦੂਜੀ ਪੀੜ੍ਹੀ ਨੇ ਮੱਲ ਲਈ ਹੈ। ਹੁਣ ਤਾਂ ਤੀਸਰੀ ਪੁਸ਼ਤ ਵੀ ਵੱਡੀ ਹੋ ਰਹੀ ਹੈ। ਪੰਜਾਬੀ ਅਤੇ ਦੂਜੀਆਂ ਭਾਰਤੀ ਭਾਸ਼ਾਵਾਂ ਉਹਨਾਂ ਲਈ ਓਪਰੀਆਂ ਹੋ ਰਹੀਆਂ ਹਨ। ਪੰਜਾਬੀ ਅਖ਼ਬਾਰ ਹੌਲੀ ਹੌਲੀ ਬੰਦ ਹੋ ਰਹੇ ਹਨ। ਕਈਆਂ ਦੀ ਛਪਣ ਗਿਣਤੀ ਅੱਧੀਉਂ ਵੀ ਘੱਟ ਗਈ ਹੈ। ਨਵੀਂ ਪੀੜ੍ਹੀ ਅੰਗਰੇਜ਼ੀ ਦੇ ਪੱਤਰ ਕੱਢ ਰਹੀ ਹੈ। ਅੰਗਰੇਜ਼ੀ ਦੇ ਪੱਤਰ ਕੱਢਣੇ ਪਹਿਲੀ ਪੀੜ੍ਹੀ ਦੇ ਵੱਸ ਦੀ ਗੱਲ ਨਹੀਂ। ਲਾਇਬ੍ਰੇਰੀਆਂ 'ਚ ਪਈਆਂ ਭਾਰਤੀ ਭਾਸ਼ਾਵਾਂ ਦੀਆਂ ਪੁਸਤਕਾਂ ਨੂੰ ਅੱਜ ਇਕ ਵੀ ਪਾਠਕ ਪ੍ਰਾਪਤ ਨਹੀਂ। ਸਿੱਟੇ ਵਜੋਂ ਲਾਇਬ੍ਰੇਰੀ ਅਥਾਰਟੀਆਂ ਨੇ ਖ੍ਰੀਦ ਫੰਡ ਜਾਂ ਤਾਂ 'ਫ੍ਰੀਜ਼' ਕਰ ਦਿਤੇ ਹਨ ਜਾਂ ਹੈਰਾਨੀਜਨਕ ਹੱਦ ਤੱਕ ਘਟਾ ਦਿਤੇ ਹਨ। ਸਾਊਥਾਲ ਅਤੇ ਈਲਿੰਗ ਦੀਆਂ ਹੋਰ ਲਾਇਬ੍ਰੇਰੀਆਂ ਦਾ ਭਾਰਤੀ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਖ੍ਰੀਦ ਫੰਡ ਕਦੇ ਪੰਜਾਹ ਹਜ਼ਾਰ ਪੌਂਡ ਸਾਲਾਨਾ ਹੁੰਦਾ ਸੀ, ਪਰ ਹੁਣ ਇਹ ਕੇਵਲ ਦਸ ਹਜ਼ਾਰ ਪੌਂਡ ਹੈ। ਇਸ ਤਰ੍ਹਾਂ ਇਕ ਭਾਸ਼ਾ ਦੇ ਪੱਲੇ ਕੇਵਲ ਦੋ ਹਜ਼ਾਰ ਪੌਂਡ ਹੀ ਰਹਿ ਜਾਂਦਾ ਹੈ। ਯਾਦ ਰਹੇ ਕਿ ਸਾਊਥਾਲ ਦਾ ਸਾਰਾ ਇਲਾਕਾ ਭਾਰਤੀਆਂ ਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨਾਲ ਭਰਿਆ ਪਿਆ ਹੈ।

ਸਿੱਟਾ ਇਹ ਨਿਕਲਦਾ ਹੈ ਕਿ ਪੰਜਾਬੀ ਭਾਸ਼ਾ ਅਤੇ ਦੂਜੀਆਂ ਭਾਰਤੀ ਭਾਸ਼ਾਵਾਂ ਦਾ ਭਵਿੱਖ ਧੁੰਦਲਾ ਹੈ। ਹੋਰ ਕੁਝ ਸਾਲ ਤੇ ਫੇਰ ਬੱਸ। ਪਰੰਤੂ ਪੰਜਾਬੀ ਸਭਿਆਚਾਰ ਨੂੰ ਮਰਦਿਆਂ ਅਜੇ ਕੁਝ ਸਮਾਂ ਲੱਗੇਗਾ। ਸਭਿਆਚਾਰ ਹਮੇਸ਼ਾਂ ਭਾਸ਼ਾ ਨਾਲੋਂ ਵੱਧ ਸਮਾਂ ਕੱਢ ਜਾਂਦਾ ਹੈ ਕਿਉਂਕਿ ਇਸ ਦੀ ਸੰਚਾਰ ਯੋਗਤਾ ਸਦਾ ਹੀ ਭਾਸ਼ਾ ਨਾਲੋਂ ਵੱਧ ਅਤੇ ਸੰਖੇਪ ਹੁੰਦੀ ਹੈ। ਅਜੇ ਹੋਰ ਕਈ ਸਾਲ ਪੰਜਾਬੀ ਸਭਿਆਚਾਰ ਦੇ ਪ੍ਰਤੀਮਾਨਾਂ ਨੂੰ ਅੰਗਰੇਜ਼ੀ ਭਾਸ਼ਾ ਰਾਹੀਂ ਮੰਚ ਸੰਚਾਰਿਤ ਕੀਤਾ ਜਾਂਦਾ ਰਹੇਗਾ। ਪਰੰਤੂ ਪੰਜਾਬੀ ਰੰਗ ਮੰਚ ਜੇ ਪੰਜਾਬੀ ਭਾਸ਼ਾ ਰਾਹੀਂ ਪੇਸ਼ ਹੋਣ ਦਾ ਨਾਮ ਹੈ ਤਾਂ ਇਹਦਾ ਕੋਈ ਭਵਿੱਖ ਨਹੀਂ।

ਆਪਾਂ ਇਕ ਵਾਰੀ ਫਿਰ ਆਪਣੀ ਪਹਿਲੀ ਗੱਲ ਵੱਲ ਪਰਤਦੇ ਹਾਂ। ਜੇਕਰ ਇੰਗਲੈਂਡ ਵਿਚ ਟੱਬਰ ਦੀ ਇਕਾਈ ਕਾਇਮ ਰਹਿੰਦੀ ਤਾਂ ਭਾਸ਼ਾ ਦਾ ਸੰਕਟ ਕਿਸੇ ਹੱਦ ਤੱਕ ਘਟਦਾ। ਇਸੇ ਹੀ ਤਰ੍ਹਾਂ ਸਭਿਆਚਾਰ ਦਾ ਵੀ। ਪਰ ਪੂੰਜੀਵਾਦੀ ਸਮਾਜਾਂ ਵਿਚ ਟੱਬਰਾਂ ਦੀ ਇਕਾਈ ਦਾ ਕਾਇਮ ਰਹਿਣਾ ਸੰਭਵ ਹੀ ਨਹੀਂ। ਤੇ ਇੰਜ ਹੀ

ਘੱਟ ਗਿਣਤੀ ਦੀਆਂ ਭਾਸ਼ਾਵਾਂ ਅਤੇ ਸਭਿਆਚਾਰਾਂ ਦਾ ਨਿਰੋਗ ਤੁਰੇ ਜਾਣਾ ਵੀ ਸੰਭਵ ਨਹੀਂ। ਦੂਜੀ ਪੀੜ੍ਹੀ ਦੇ ਨੌਜਵਾਨ ਪੰਜਾਬੀ ਦੇ ਸਾਹਮਣੇ ਮੁੱਖ ਸਭਿਆਚਾਰ ਦੀਆਂ ਕਈ ਵੰਗਾਰਾਂ ਹਨ ਜਿਨ੍ਹਾਂ ਨਾਲ ਉਹਨੇ ਦੋ ਚਾਰ ਹੋਣਾ ਹੈ। ਦੂਜੇ ਪਾਸੇ ਇੰਗਲੈਂਡ ਦਾ ਪੰਜਾਬੀ ਸਮਾਜ ਕਈ ਸਾਮੰਤੀ ਕਦਰਾਂ ਸਾਂਭੀ ਬੈਠਾ ਹੈ ਜਿਹੜੀਆਂ ਬੁਰਜੁਆ ਪਿੱਠ ਭੂਮੀ ਵਾਲੇ ਸਮਾਜ ਵਿਚ ਵਿਚਰਦੇ ਨੌਜਵਾਨਾਂ ਨੂੰ ਕਦੇ ਵੀ ਪਰਵਾਨ ਨਹੀਂ ਹੋ ਸਕਦੀਆਂ। ਉਹਨਾਂ ਨੇ ਅੰਗਰੇਜ਼ੀ ਸਮਾਜ ਵਿਚ ਦਾਖਲਾ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਆਸਰੇ ਨਹੀਂ ਲੈਣਾ ਬਲਕਿ ਮੁੱਖ-ਸਭਿਆਚਾਰ ਨੂੰ ਚਿੱਥ-ਚੱਬ ਕੇ ਲੈਣਾ ਹੈ। ਅਜਿਹੀ ਗੱਲ ਨਹੀਂ ਕਿ ਦੂਜੀ ਪੀੜ੍ਹੀ ਦੀ ਜਵਾਨੀ ਨੂੰ ਨਸਲਵਾਦ ਨਾਲ ਲੋਹਾ ਨਹੀਂ ਲੈਣਾ ਪੈ ਰਿਹਾ, ਬਲਕਿ ਸੱਚ ਇਹ ਹੈ ਕਿ ਉਹ ਨਸਲਵਾਦ ਦਾ ਮੁਕਾਬਲਾ ਕਰਦਾ ਹੋਇਆ ਪਲਾਇਣ ਨਹੀਂ ਕਰ ਰਿਹਾ। ਉਹ ਫਿਰਨੀ ਦਾ ਨਹੀਂ ਮਰਕਜ਼ ਦਾ ਮਨੁੱਖ ਬਣਨਾ ਚਾਹ ਰਿਹਾ ਹੈ। ਤੇ ਇਸ ਸਾਰੀ ਪ੍ਰਕਿਰਿਆ ਵਿਚ ਉਹਦੇ ਮਾਪਿਆਂ ਦੀ ਭਾਸ਼ਾ ਤੇ ਸਭਿਆਚਾਰ ਉਹਦੀ ਸਫਲਤਾ ਦਾ ਜ਼ਾਮਨ ਨਹੀਂ ਬਣਦਾ। ਉਹ ਵਿਅਕਤੀਵਾਦ ਦਾ ਸ਼ਿਕਾਰ ਵੀ ਹੈ, ਤੇ ਇਸੇ ਕਰਕੇ ਆਪਣੇ ਮਾਪਿਆਂ ਦੀ ਭਾਸ਼ਾ ਤੇ ਸਭਿਆਚਾਰ ਨੂੰ ਉਹ ਭੁੱਲ ਜਾਣਾ ਚਾਹੁੰਦਾ ਹੈ। ਉਹ ਅੰਤਰਮੁਖੀ ਤੇ ਜਟਿਲ ਵੀ ਹੈ। ਉਹਦੀ ਹੋਂਦ ਨੂੰ ਸਮਝਣਾ ਸੌਖਾ ਨਹੀਂ। ਇਹ ਸੱਚ ਹੈ ਕਿ ਜਦੋਂ ਵੀ ਕੋਈ ਸਮੂਹ ਪਰਵਾਸ ਭੋਗਦਾ ਹੈ, ਉਸ ਸਮੂਹ ਦੀ ਦੂਜੀ ਪੁਸ਼ਤ ਕਿਤੇ ਵਧੇਰੇ ਤ੍ਰਸਤ ਹੁੰਦੀ ਹੈ। ਪਹਿਲੀ ਪੀੜ੍ਹੀ ਕੋਲ ਖਲੋਣ ਲਈ ਇਕ ਜ਼ਮੀਨ ਹੁੰਦੀ ਹੈ, ਆਪਣੇ ਦੇਸ਼ ਦੀ, ਭਾਸ਼ਾ ਤੇ ਸਭਿਆਚਾਰ ਦੀ ਜ਼ਮੀਨ। ਪਰ ਦੂਜੀ ਪੁਸ਼ਤ ਅਜਿਹੀ ਸੰਕ੍ਰਾਂਤੀ 'ਚੋਂ ਨਿਕਲ ਰਹੀ ਹੁੰਦੀ ਹੈ ਕਿ ਉਹਦੇ ਲਈ ਸਵੈ-ਪਛਾਣ ਦਾ ਮਸਲਾ ਹੀ ਧਮਾਕਾਖੇਜ਼ ਹੋ ਨਿਬੜਦਾ ਹੈ।

ਨਿਸ਼ਕਰਸ਼ ਵਜੋਂ ਆਪਾਂ ਕਹਿ ਸਕਦੇ ਹਾਂ ਕਿ ਪੰਜਾਬੀਆਂ ਦੀ ਪਹਿਲੀ ਪੁਸ਼ਤ ਇੰਗਲੈਂਡ ਵਿਚ ਆਰਥਕ, ਰਾਜਨੀਤਿਕ, ਭੂਹੇਰਵਿਕ, ਪਰਿਵਾਰਕ ਅਤੇ ਹੋਰ ਅਨੇਕਾਂ ਕਾਰਨਾਂ ਕਰਕੇ ਪੰਜਾਬੀ ਰੰਗ-ਮੰਚ ਨੂੰ ਵਿਕਸਿਤ ਨਹੀਂ ਕਰ ਸਕੀ। ਕੇਵਲ ਪੰਜਾਬੀ ਸੰਗੀਤ-ਮੰਚ ਉਹਨਾਂ ਦੀਆਂ ਲੋੜਾਂ ਅਤੇ ਮਜਬੂਰੀਆਂ ਲਈ ਕਾਫੀ ਸੀ। ਇਸ ਲਈ ਸੰਗੀਤ-ਮੰਚ ਦਾ ਵਿਕਾਸ ਹੀ ਸੰਭਵ ਹੋ ਸਕਿਆ। ਦੂਜੀ ਪੀੜ੍ਹੀ ਆਪਣੇ ਸਰੋਕਾਰਾਂ ਨੂੰ ਅੰਗਰੇਜ਼ੀ ਰੰਗ-ਮੰਚ ਨਾਲ ਜੋੜ ਕੇ ਆਪਣੇ ਭਵਿੱਖ ਨੂੰ ਸੁਰੱਖਿਅਤ ਸਮਝਦੀ ਹੈ, ਇਸ ਲਈ ਪੰਜਾਬੀ ਰੰਗ-ਮੰਚ ਦੇ ਵਿਕਾਸ ਦੀ ਕੋਈ ਵੀ ਸੰਭਾਵਨਾ ਰੱਦ ਹੋ ਜਾਂਦੀ ਹੈ। ਇਸ ਲਈ ਇੰਗਲੈਂਡ ਵਿਚ ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਦਾ ਭਵਿੱਖ ਬੇਹੱਦ ਧੁੰਦਲਾ ਹੈ, ਪੰਜਾਬੀ ਰੰਗ-ਮੰਚ ਤਾਂ ਬੜੀ ਦੂਰ ਦੀ ਗੱਲ ਹੈ।

ਬ੍ਰਤਾਨਵੀ ਪੰਜਾਬੀ ਸਾਹਿਤ : ਪ੍ਰਵਿਰਤੀਆਂ ਤੇ ਪ੍ਰਾਪਤੀਆਂ

ਸਮਾਜਕ ਯਥਾਰਥ ਹੀ ਸਾਹਿਤ ਦੀ ਉਤਪਤੀ ਦਾ ਸੋਮਾ ਹੈ, ਪਰੰਤੂ ਯਥਾਰਥ, ਆਪਣੇ ਆਪ ਵਿਚ ਸਾਹਿਤ ਨਹੀਂ। ਬਲਕਿ ਸਾਹਿਤਕਾਰੀ ਦੀ ਪ੍ਰਕਿਰਿਆ ਵਿਚ ਪੈ ਕੇ ਯਥਾਰਥ ਆਪਣਾ ਰੂਪ ਪਰਿਵਰਤਿਤ ਕਰ ਲੈਂਦਾ ਹੈ। ਸਮਾਜਕ ਯਥਾਰਥ ਦਾ ਸੰਵੇਦਨਾਤਮਿਕ-ਰੂਪਾਂਤਰਣ ਹੀ ਸਾਹਿਤ ਹੈ। ਰੂਪਾਂਤਰਣ ਦੀ ਪ੍ਰਕਿਰਿਆ ਕਰ ਕੇ ਹੀ ਸਾਹਿਤ ਸਾਪੇਖ-ਖ਼ੁਦਮੁਖ਼ਤਾਰੀ ਦੀ ਪਦਤੀ ਨੂੰ ਗ੍ਰਹਿਣ ਕਰਦਾ ਹੈ।

ਬ੍ਰਤਾਨਵੀਅਤ, ਉਸ ਪੰਜਾਬੀ ਸਾਹਿਤ ਦਾ ਵਿਸ਼ੇਸ਼ ਗੁਣ ਹੈ ਜਿਹੜਾ ਉਸ ਨੂੰ ਬ੍ਰਤਾਨੀਆ ਦੇ ਵਿਸ਼ੇਸ਼ ਪ੍ਰਕਾਰ ਦੇ ਯਥਾਰਥ ਨੇ ਦਿਤਾ ਹੈ। ਇਸੇ ਹੀ ਤਰ੍ਹਾਂ ਪਾਕਿਸਤਾਨ ਦਾ ਪੰਜਾਬੀ ਸਾਹਿਤ, ਕੈਨੇਡਾ ਦਾ ਪੰਜਾਬੀ ਸਾਹਿਤ, ਅਮਰੀਕਾ ਦਾ ਪੰਜਾਬੀ ਸਾਹਿਤ ਆਦਿ ਕਈ ਉਪਵਰਗ ਬਣਾਏ ਜਾ ਸਕਦੇ ਹਨ, ਪਰੰਤੂ ਇਕ ਮੁੱਖ ਪ੍ਰਵਰਗ ਵਜੋਂ ਇਹ ਪੰਜਾਬੀ ਸਾਹਿਤ ਹੀ ਰਹਿੰਦਾ ਹੈ। ਜੇ ਕਿਸੇ ਸਾਹਿਤਕਾਰ ਕੋਲ ਕਿਸੇ ਵਿਸ਼ੇਸ਼ ਇਲਾਕੇ, ਦੇਸ਼ ਜਾਂ ਸਮਾਜ ਦੀ ਸੋਝੀ ਹੈ ਤਾਂ ਉਥੋਂ ਬਾਰੇ ਰਚਿਆ ਉਹਦਾ ਸਾਹਿਤ ਵਿਸ਼ੇਸ਼ ਪ੍ਰਮਾਣਿਕਤਾ ਸਾਹਿਤ ਪੇਸ਼ ਹੋਵੇਗਾ। ਪਰ ਇਸ ਤਰ੍ਹਾਂ ਨਾਲ ਉਹ ਪੰਜਾਬੀ ਸਾਹਿਤ ਦੀ ਮੁੱਖ-ਧਾਰਾ 'ਚੋਂ ਨਿਕਲ ਨਹੀਂ ਜਾਂਦਾ। ਸਗੋਂ ਕਿਸੇ ਵਿਸ਼ੇਸ਼ ਪਰਿਵੇਸ਼ ਬਾਰੇ ਸਾਹਿਤ ਰਚਨਾ ਕਰ ਕੇ ਉਹ ਪੰਜਾਬੀ ਸਾਹਿਤ ਦੀ ਬਹੁ-ਆਯਾਮੀ ਅਮੀਰੀ ਨੂੰ ਹੋਰ ਅਮੀਰ ਕਰ ਰਿਹਾ ਹੈ। ਮਹਾਂਨਗਰੀ ਜ਼ਿੰਦਗੀ ਨੂੰ ਪੇਸ਼ ਕਰਨ ਲਈ ਮਹਾਂਨਗਰ ਵਿਚ ਲੰਮੇ ਸਮੇਂ ਲਈ ਰਹਿਣਾ ਜ਼ਰੂਰੀ ਹੈ। ਪਰ ਮਹਾਂਨਗਰ ਦੇ ਜਟਿਲ ਸਮਾਜਕ ਯਥਾਰਥ ਦੀ ਪੁਨਰ-ਸਿਰਜਣਾ ਕਰਦਾ ਸਾਹਿਤ, ਪੰਜਾਬੀ ਸਾਹਿਤ ਦਾ ਹਿੱਸਾ ਹੀ ਹੈ — ਸਮੁੱਚੇ ਪੰਜਾਬੀ ਸਾਹਿਤ ਦਾ ਇਕ ਹੋਰ ਆਯਾਮ। ਮਹਾਂਨਗਰੀ ਯਥਾਰਥ ਦਾ ਸਾਹਿਤ, ਇਕ ਉਪਵਰਗ ਵਜੋਂ ਵਿਸ਼ੇਸ਼ ਯਥਾਰਥ ਦਾ ਸਾਹਿਤ ਹੈ, ਪਰ ਇਹ ਮੁੱਖ-ਧਾਰਾ ਦਾ ਹੀ ਹਿੱਸਾ ਹੈ। ਬ੍ਰਤਾਨਵੀ ਜਾਂ ਮਹਾਂਨਗਰੀ ਜਾਂ ਅਫਰੀਕੀ ਵਰਗੀ ਦਰਜਾਬੰਦੀ ਕੇਵਲ ਸਾਹਿਤ ਦੀ ਵਿਸ਼ੇਸ਼ ਪ੍ਰਕਿਰਤੀ ਤੇ ਆਧਾਰਤ ਵਰਗ-ਵੰਡ ਹੀ ਹੈ।

ਬ੍ਰਤਾਨਵੀ ਪੰਜਾਬੀ ਸਾਹਿਤ ਦੇ ਸੰਦਰਭ ਵਿਚ ਸਾਨੂੰ 'ਪ੍ਰਵਿਰਤੀ' ਦੇ ਸੰਕਲਪ ਨੂੰ

ਪਰਿਭਾਸ਼ਿਤ ਕਰ ਲੈਣਾ ਚਾਹੀਦਾ ਹੈ। ਪ੍ਰਵਿਰਤੀ, ਝੁਕਾਅ ਜਾਂ 'ਟਰੈਂਡ' ਤਿੰਨੇ ਹੀ ਸਮਾਨਾਰਥੀ ਸ਼ਬਦ ਹੈ। ਸਾਹਿਤ ਵਿਚ ਪ੍ਰਵਿਰਤੀਆਂ ਦਾ ਬਦਲਣਾ ਕਿਸੇ ਫ਼ੈਸ਼ਣ ਕਰਕੇ ਨਹੀਂ ਬਲਕਿ ਮੂੰਹ ਜ਼ੋਰ (Over-stressing) ਸਮਾਜਕ ਯਥਾਰਥ ਦੀਆਂ ਲੋੜਾਂ ਕਰਕੇ ਹੁੰਦਾ ਹੈ। ਪ੍ਰਵਿਰਤੀਆਂ, ਦਰਅਸਲ, ਨਾਕੇਵਲ ਸਾਹਿਤ ਨੂੰ ਬਲਕਿ ਯਥਾਰਥ ਦੇ ਇਤਿਹਾਸ ਅਤੇ ਇਸ ਦੇ ਵਿਕਾਸ ਦੀ ਦਿਸ਼ਾ ਨੂੰ ਵੀ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ। ਇਸ ਲਈ 'ਪ੍ਰਵਿਰਤੀ' ਸਮਾਜਕ ਯਥਾਰਥ ਦੇ ਵਿਕਾਸ ਦੀ ਕਿਸੇ ਵਿਸ਼ੇਸ਼ ਪੱਧਰ ਵੱਲ ਸਾਹਿਤ ਦਾ ਪ੍ਰਤਿਉੱਤਰ ਹੈ। ਹਰ ਨਵੀਂ ਪ੍ਰਵਿਰਤੀ ਚਿਹਨਿਕ ਤੇ ਚਿਹਨਿਤ ਦੇ ਰਿਸ਼ਤੇ ਨੂੰ ਬਦਲਦੀ ਰਹਿੰਦੀ ਹੈ। ਸ਼ਬਦਾਂ ਦੇ ਪੁਰਾਣੇ ਅਰਥ ਮਾਂਦੇ ਪੈ ਜਾਂਦੇ ਹਨ ਤੇ ਨਵੇਂ ਅਰਥ ਚਿਹਨਤਾਂ ਵਜੋਂ ਕਿਰਿਆਸ਼ੀਲ ਹੋਣ ਲਗਦੇ ਹਨ। ਸਿਰਫ ਇਹੋ ਨਹੀਂ ਅਰਥਾਂ ਨੂੰ ਨਵੇਂ ਸ਼ਬਦ (ਚਿਹਨਕ) ਵੀ ਦਿਤੇ ਜਾਂਦੇ ਹਨ। ਪਰੰਤੂ ਪ੍ਰਤੀਉੱਤਰ ਚੰਗਾ ਹੈ ਜਾਂ ਮਾੜਾ, ਇਸ ਦਾ ਫੈਸਲਾ ਸਦਾ ਦਰਸ਼ਨ ਦਾ ਇਤਿਹਾਸ ਕਰਦਾ ਹੈ। ਬੇਸ਼ੱਕ ਇਕ ਗੱਲ ਤੈਅ ਹੈ ਕਿ ਉਹ ਪ੍ਰਤਿਉੱਤਰ ਜਿਹੜਾ ਯਥਾਰਥ ਨੂੰ ਇਸ ਦੇ ਭਵਿੱਖਮੁਖੀ ਰੁਖ਼ ਦੇ ਉਲਟ ਪਿੱਛੇ ਮੋੜਨ ਦੀ ਕੋਸ਼ਿਸ਼ ਕਰੇ ਨਿਰਣੇ ਹੀ ਸਿਹਤਮੰਦ ਪ੍ਰਵਿਰਤੀ ਵਜੋਂ ਨਹੀਂ ਲਿਆ ਜਾ ਸਕਦਾ। ਪਰੰਤੂ ਦੂਜੀ ਗੱਲ ਇਹ ਵੀ ਹੈ ਕਿ ਵਿਕਾਸ ਦਾ ਰਸਤਾ ਕਦੇ ਵੀ ਸਿੱਧਾ-ਸਤੌਰ ਨਹੀਂ ਹੁੰਦਾ; ਬਲਕਿ ਇਹ ਸਦਾ ਹੀ ਟੇਢ-ਮੇਢ ਵਾਲਾ (Zigzaggy) ਹੁੰਦਾ ਹੈ। ਤੇ ਸਾਹਿਤ ਦੇ ਇਤਿਹਾਸਕਾਰ ਦਾ ਕੰਮ ਕਿਸੇ ਵਿਸ਼ੇਸ਼ ਪ੍ਰਵਿਰਤੀ ਜਾਂ ਪ੍ਰਤੀਉੱਤਰ ਦੇ ਅੰਤਮ ਸਮੁੱਚ ਦਾ ਅਧਿਐਨ ਤੇ ਮੁਲੰਕਣ ਕਰਨਾ ਹੁੰਦਾ ਹੈ। ਜੇ ਅੰਤਮ ਸਮੁੱਚ ਵਿਕਾਸਾਤਮਕ ਪ੍ਰਕਿਰਤੀ ਵਾਲਾ ਹੈ ਤਾਂ ਸਾਹਿਤ ਨੇ ਨਿਸਚੇ ਹੀ ਆਪਣਾ ਸਾਕਾਰਾਤਮਕ ਰੋਲ ਅਦਾ ਕੀਤਾ ਹੈ।

ਬ੍ਰਤਾਨਵੀ ਪੰਜਾਬੀ ਸਾਹਿਤ ਦੀ ਸਿਰਜਣਾ 1960-61 ਵਿਚ, ਉਸ ਸਮੇਂ ਸ਼ੁਰੂ ਹੁੰਦੀ ਹੈ ਜਦੋਂ ਪੰਜਾਬ ਵਿਚੋਂ ਕੁਝ ਪੜ੍ਹੇ-ਲਿਖੇ ਲੋਕ ਉਥੇ ਪਹੁੰਚਦੇ ਹਨ। ਇਹਨਾਂ ਲੋਕਾਂ ਦੀ ਆਰਥਕ ਤੇ ਸਮਾਜਕ ਪੁਜ਼ੀਸ਼ਨ ਨੂੰ ਆਪਣੀ ਜੰਮਣ-ਭੂਮੀ ਤੇ ਕਿਸਾਣੀ ਮੱਧ-ਸ਼੍ਰੇਣੀ, ਥੱਲਵੀਂ ਮੱਧ-ਸ਼੍ਰੇਣੀ ਜਾਂ ਇਸੇ ਤਰ੍ਹਾਂ ਸ਼ਹਿਰੀ ਮੱਧ-ਸ਼੍ਰੇਣੀ ਜਾਂ ਇਸ ਸ਼੍ਰੇਣੀ ਦੇ ਹੇਠਲੀ ਪਰਤ ਵਜੋਂ ਪਛਾਣਿਆ ਜਾ ਸਕਦਾ ਹੈ। ਇਹ ਲੋਕ ਨਿਤਾਂਤ ਅਭਾਵ-ਗ੍ਰਸਤ ਨਹੀਂ ਸਨ। ਬ੍ਰਤਾਨੀਆਂ ਵਿਚ ਜਾਣਾ ਇਹਨਾਂ ਲਈ ਆਪਣੀ ਸਮਾਜਕ-ਆਰਥਕ ਸਥਿਤੀ ਨੂੰ ਬੇਹਤਰ ਬਣਾਉਣਾ ਸੀ। ਇਹਨਾਂ ਵਿਚੋਂ ਹੀ ਕੁਝ ਲੋਕ ਪੰਜਾਬ ਵਿਚ ਰਹਿੰਦਿਆਂ ਵੀ ਸਾਹਿਤ-ਸਿਰਜਣਾ ਕਰਦੇ ਸਨ। ਪਰੰਤੂ ਬ੍ਰਤਾਨੀਆਂ ਪਹੁੰਚ ਕੇ ਇਹਨਾਂ ਦਾ ਵਾਹ ਅਜਿਹੀਆਂ ਨੌਕਰੀਆਂ ਨਾਲ ਪੈਂਦਾ ਹੈ ਜਿਹੜੀਆਂ ਪੰਜਾਬ ਵਿਚ ਰਹਿੰਦਿਆਂ ਇਹ ਕਦੇ ਨਾ ਕਰਦੇ। ਬਲਕਿ ਅਜਿਹੇ ਕੰਮ ਇਹਨਾਂ ਦੇ ਸੇਪੀ ਜਾਂ ਨੌਕਰ ਕਰਦੇ ਸਨ। ਸਕੂਲ-ਮਾਸਟਰੀਆਂ, ਪ੍ਰੋਫੈਸਰੀਆਂ, ਕਲਰਕੀਆਂ ਤੇ ਇੰਸਪੈਕਟਰੀਆਂ ਤੋਂ ਇਕ ਦਮ ਭੁੰਜੇ ਡਿਗ ਪੈਣ ਨਾਲ ਇਹਨਾਂ ਲੋਕਾਂ ਦਾ ਆਪਣੇ ਅਤੀਤ ਨੂੰ ਯਾਦ ਕਰ ਕਰ ਕੇ ਝੂਰਨਾ ਗ਼ੈਰ-ਕੁਦਰਤੀ ਨਹੀਂ ਸੀ। ਬੇਸ਼ੱਕ ਇਸ ਪ੍ਰਵਿਰਤੀ ਨੂੰ ਨਰੋਈ

ਨਹੀਂ ਕਿਹਾ ਜਾ ਸਕਦਾ ਪਰੰਤੂ ਇਤਿਹਾਸ ਦੇ ਜ਼ਿੱਗਜ਼ੈਗੀ ਰਸਤੇ ਨੂੰ ਝੁਠਲਾਇਆ ਵੀ ਨਹੀਂ ਜਾ ਸਕਦਾ। ਫੇਰ ਏਥੇ ਹੀ ਬੱਸ ਨਹੀਂ ਬਲਕਿ ਇਹਨਾਂ ਦਾ ਵਾਹ ਉਹਨਾਂ ਲੋਕਾਂ ਨਾਲ ਪਿਆ ਸੀ ਜਿਹੜੇ ਅਜੇ ਨੇੜੇ ਦੇ ਅਤੀਤ ਵਿਚ ਇਹਨਾਂ ਦੇ ਹਾਕਮ ਰਹੇ ਸਨ। ਆਪਣੀ ਨਸਲ ਦੇ ਉੱਤਮ ਅਤੇ ਇਹਨਾਂ ਦੀ ਨਸਲ ਦੇ ਮੱਧਮ ਹੋਣ ਦਾ ਅਹਿਸਾਸ ਸਿਰਫ ਹਾਕਮ ਜਮਾਤ ਵਿਚ ਹੀ ਨਹੀਂ ਸ਼ੀ ਬਲਕਿ ਸਾਧਾਰਨ ਗੋਰੇ ਵਰਕਰ ਵਿਚ ਵੀ ਸੀ। ਇਸ ਨਸਲੀ ਨਫ਼ਰਤ ਅਤੇ ਇਸ ਦੇ ਸੰਸਥਾਗਤ ਰੂਪ ਨਸਲਵਾਦ ਨੇ ਅਤੀਤ ਦੇ ਹੇਰਵੇ ਨੂੰ ਹੋਰ ਤਿੱਖਿਆਂ ਕੀਤਾ। ਤੇ ਇਸ ਸਮਾਜਕ ਪੁਜ਼ੀਸ਼ਨ ਦਾ ਸੰਵੇਦਨਾਤਮਿਕ-ਸਾਹਿਤਕ-ਪ੍ਰਤਿਉੱਤਰ ਫੌਰੀ-ਪ੍ਰਤਿਕਿਰਿਆ ਦੇ ਰੂਪ ਸਾਹਮਣੇ ਆਉਂਦਾ ਹੈ ਜਿਸ ਦੀ ਅਭਿਵਿਅਕਤੀ ਕਵਿਤਾ ਵਿਚ ਹੀ ਹੋ ਸਕਦੀ ਸੀ। ਇਸ ਦੌਰ ਵਿਚ ਤਕਰੀਬਨ ਪੰਜਾਹ ਤੋਂ ਵੱਧ ਸ਼ਾਇਰ ਭਾਵੁਕ ਅਤੇ ਉਪਭਾਵੁਕ ਪੱਧਰ ਤੇ ਆਪਣੇ ਭਾਵਾਂ, ਛਲਣੀ ਹੋਏ ਜਜ਼ਬਿਆਂ, ਮਾਣੀ ਹੋਈ ਸਰਦਾਰੀ ਦੇ ਹੇਰਵੇ, ਨਸਲਵਾਦ ਦੇ ਖਿਲਾਫ਼ ਗੁੱਸੇ, ਅਤੀਤ ਦੀ ਗਲੋਰੀਫੀਕੇਸ਼ਨ, ਵਰਤਮਾਨ ਦੀ ਆਲੋਚਨਾ, ਜਿਸਮ ਦੀ ਤ੍ਰਿਪਤੀ ਤੇ ਰੂਹ ਦੀ ਭੁੱਖ, ਭਵਿੱਖ ਬਾਰੇ ਅਨਿਸ਼ਚਿਤਤਾ ਤੇ ਦੁਚਿੱਤੀ ਆਦਿ ਨੂੰ ਕਾਵਿਕ ਰੂਪ ਦੇਂਦੇ ਹਨ। ਇਤਿਹਾਸਕ-ਪ੍ਰਵਾਹ ਦੀ ਇਸ ਪੱਧਰ ਤੇ ਕਹਾਣੀ ਜਾਂ ਨਾਵਲ ਦਾ ਨਾਮੋ-ਨਿਸ਼ਾਨ ਤੱਕ ਨਹੀਂ ਹੈ। ਸਿਰਫ ਸੁਰਜੀਤ ਵਿਰਦੀ ਹੀ ਕਹਾਣੀ ਲਿਖ ਰਿਹਾ ਸੀ। ਪਰ ਉਸ ਕਹਾਣੀ ਵਿਚ ਵੀ ਅੰਬ ਚੂਪ ਰਹੀ ਦਾਦੀ ਦੇ ਮੂੰਹ ਤੇ ਭਿੰਨਭਿੰਨਾਉਂਦੀਆਂ ਮੱਖੀਆਂ ਦੀ ਯਾਦ ਮਨ ਨੂੰ ਲੁਭਾਉਂਦੀ ਹੈ। ਮੱਖੀਆਂ (ਕਹਾਣੀ : ਮੱਖੀਆਂ) ਉਹ ਯਾਦਾਂ ਹਨ ਜੋ ਦਿਲ ਨੂੰ ਲੁਭਾਉਂਦੀਆਂ ਵੀ ਹਨ ਤੇ ਰੁਆਉਂਦੀਆਂ ਵੀ। ਰਘਬੀਰ ਢੰਡ ਵੀ ਉਸ ਸਮੇਂ 'ਮੂੰਹ ਤੇ ਹੱਥ' ਵਰਗੀਆਂ ਕਹਾਣੀਆਂ ਲਿਖ ਰਿਹਾ ਹੈ ਜਿਨ੍ਹਾਂ ਵਿਚ ਵਰਤਮਾਨ ਜੀਵਨ ਨਾਲ ਨਫ਼ਰਤ ਅਤੇ ਅਤੀਤ ਨਾਲ ਮੋਹ ਦਾ ਪ੍ਰਦਰਸ਼ਨ ਹੈ। ਪਰੰਤੂ ਕੁੱਲ-ਮਿਲਾ ਕੇ ਇਸ ਆਰੰਭਕ ਦੌਰ ਵਿਚ ਵਧੇਰੇ ਕਰਕੇ ਕਵਿਤਾ ਹੀ ਲਿਖੀ ਗਈ। ਕੁਝ ਚੇਤਨ ਸ਼ਾਇਰਾਂ ਨੇ ਅਤੀਤ ਦੇ ਹੇਰਵੇ (ਭੂਹੇਰਵੇ) ਦੀ ਥਾਂ ਵਰਤਮਾਨ ਨੂੰ ਚੁਨੌਤੀ ਦੇਂਦੀਆਂ ਨਜ਼ਮਾਂ ਵੀ ਲਿਖੀਆਂ ਜਿਵੇਂ ਸੰਤੋਖ ਸਿੰਘ ਸੰਤੋਖ, ਹਰਕੇਵਲ ਸਿੰਘ ਕੇਵਲ, ਅਵਤਾਰ ਸਾਦਿਕ ਅਤੇ ਸਵਰਨ ਚੰਦਨ ਆਦਿ ਨੇ। ਕੁਝ ਸ਼ਾਇਰਾਂ ਨੇ ਬੇਗ਼ਮਪੁਰੇ ਦੇ ਰਾਹੇ ਚੱਲਣ ਦੀਆਂ ਗੱਲਾਂ ਵੀ ਕੀਤੀਆਂ ਜਿਸ ਨੂੰ ਰੁਮਾਂਸਵਾਦੀ ਸ਼ਾਇਰੀ ਵਜੋਂ ਜਾਣਿਆ ਜਾਦਾ ਹੈ। ਨਰਿੰਜਨ ਸਿੰਘ ਨੂਰ ਅਜਿਹੇ ਸ਼ਾਇਰਾਂ ਦਾ ਮੋਹਰੀ ਸੀ। ਸੁਖਬੀਰ ਸੰਧੂ ਆਪਣੀ ਇਕ ਗ਼ਜ਼ਲ ਵਿਚ 'ਦੋ ਜਣੀਆਂ' ਨੂੰ ਇੰਜ ਯਾਦ ਕਰਦਾ ਹੈ :

> ਪਰਦੇਸਾਂ ਦੀ ਤਨਹਾਈ ਵਿਚ ਅਸਾਂ ਯਾਰ ਬਣਾਈਆਂ ਦੋ ਜਣੀਆਂ।
> ਕੋਈ ਰਾਤ ਵੀ ਐਸੀ ਰਾਤ ਨਹੀਂ ਜਿਸ ਰਾਤ ਨਾ ਆਈਆਂ ਦੋ ਜਣੀਆਂ।
> ਇਹ ਦੋ ਜਣੀਆਂ ਦੋ ਯਾਦਾਂ ਹਨ ਇਕ ਸੱਜਣਾਂ ਦੀ ਇਕ ਵਤਨਾਂ ਦੀ।
> ਤਾਹੀਉਂ ਨਹੀਂ ਅੱਧੀ ਰਾਤ ਨੂੰ ਵੀ ਆਉਣੋਂ ਘਬਰਾਈਆਂ ਦੋ ਜਣੀਆਂ।

ਦੂਜੇ ਪਾਸੇ, ਇਸੇ ਹੀ ਪੜਾਅ 'ਤੇ ਸ਼ਾਇਰ ਹਰਕੇਵਲ ਪਰਵਾਸ ਦੇ ਕਾਰਨਾਂ ਦਾ

ਲੇਖਾ-ਜੋਖਾ ਪੇਸ਼ ਕਰ ਰਿਹਾ ਹੈ ।

ਇਹ ਬਨਵਾਸ ਨਾ ਕਿਧਰੋਂ ਮਿਲਿਆ, ਨਾ ਕੋਈ ਪਿਛਲੇ ਜਨਮ ਦਾ ਪਾਪ ।
ਨਾ ਹੀ ਇਹ ਕੇਕਈ ਮਾਂ ਦੇ, ਹੈ ਕਿਸੇ ਵਰ ਦਾ ਹੈ ਪਰਤਾਪ ।
ਨਾ ਹੀ ਪਿਤਾ ਦਸ਼ਰਥ ਨੂੰ ਮਿਲਿਆ ਸਰਵਣ ਬਦਲੇ ਕੋਈ ਸਰਾਪ ।
ਇਹ ਬਨਵਾਸ ਮੇਰੇ ਵਿੱਚੋਂ ਜੰਮਿਆਂ, ਮੈਂ ਹੀ ਮਾਂ ਤੇ ਮੈਂ ਹੀ ਬਾਪ ।

ਸੰਤੋਖ ਸਿੰਘ ਸੰਤੋਖ ਸਰੀਰ ਦੇ ਰੱਜ ਉੱਪਰ ਖੁਸ਼ ਨਹੀਂ ਹੈ ਬਲਕਿ ਰੂਹ ਦੀ ਭੁੱਖ ਦਾ ਮਾਤਮ ਮਨਾ ਰਿਹਾ ਹੈ ।

ਮੇਰੀ ਲੋਰ, ਮੇਰੀ ਤੋਰ ਅਤੇ ਇਹ ਜਸ਼ਨ, ਮੇਰੇ ਮੇਚ ਨਾ ਆਉਂਦਾ ।
ਨਾ ਮੈਂ ਨੱਚਦਾ ਨਾ ਹਾਂ ਗਾਉਂਦਾ,
ਖੂੰਜੇ ਵਾਲੇ ਮੇਜ਼ ਤੇ ਬੈਠਾ, ਆਪਣੇ ਦੇਸੀ ਸੰਗੀਆਂ ਸੰਗ
ਰੋਜ਼ ਉਹੀ ਹਾਂ ਬਾਤਾਂ ਪਾਉਂਦਾ ।
ਪੌਂਡ ਦਾ ਹੁਣ ਕੀ ਭਾਅ ਹੈ । ਦੇਸ਼ ਦਾ ਹੁਣ ਕੀ ਰਾਹ ਹੈ ।
ਕੱਟ ਕਟਾ ਕੇ ਕਿੰਨੇ ਚੁੱਕੇ । ਪਾਵਲ ਦਾ ਕੀ ਵਸਾਹ
ਕਿਹੜਾ ਮੇਰੇ ਘਰ ਦਾ ਰਾਹ ?

ਤੇ ਫੇਰ ਐਲਾਨੀਆਂ ਤਰਜ਼ ਵਿਚ ਸ਼ਾਇਰ ਨੂਰ ਭਵਿੱਖਮੁਖੀ ਦ੍ਰਿਸ਼ਟੀ ਦਾ ਪਰਚਾਰ ਇਉਂ ਕਰਦਾ ਹੈ :

ਜੋ ਜੁਆਨੀ ਅੱਜ ਤੋਂ ਸੰਤੁਸ਼ਟ ਹੈ
ਜੋ ਜੁਆਨੀ ਭੂਤ ਤੇ ਗੌਰਵ ਕਰੇ
ਜੋ ਜੁਆਨੀ ਕੱਲ੍ਹ ਦੀ ਆਸ਼ਕ ਨਹੀਂ
ਉਸ ਜੁਆਨੀ ਦਾ ਸਦਾ ਮਾਤਮ ਕਰੋ ।

ਪਰੰਤੂ ਇਸ ਪੜਾਅ ਤੇ ਵੀ ਬ੍ਰਤਾਨੀਆਂ ਦੀ ਪੰਜਾਬੀ ਕਵਿਤਾ ਉਦੋਂ ਪਹੁੰਚਦੀ ਹੈ ਜਦੋਂ ਸ਼ਾਇਰਾਂ ਨੂੰ ਉਥੇ ਰਹਿੰਦਿਆਂ ਕਰੀਬ ਕਰੀਬ ਇਕ ਦਹਾਕਾ ਬੀਤ ਜਾਂਦਾ ਹੈ । ਉਂਜ ਪ੍ਰਤੀਉੱਤਰ ਦੀ ਸਮੁੱਚਤਾ ਦਾ ਆਭਾਸ ਇਸ ਦੌਰ ਦੀ ਬਹੁਤੀ ਕਵਿਤਾ ਨੂੰ ਝੂਹੇਰਵਿਕ ਚਿੰਤਨ (**Nostalgic Thought**) ਦੀ ਕਵਿਤਾ ਵਜੋਂ ਹੀ ਯਾਦ ਕਰਦਾ ਹੈ ।

ਪੰਜਾਹ ਦੇ ਕਰੀਬ ਸ਼ਾਇਰਾਂ ਵਿਚੋਂ ਜਿਹੜੇ ਸ਼ਾਇਰ ਅਬਾਦਕਾਰੀ ਚਿੰਤਨ ਦੇ ਦੌਰ ਤੱਕ ਆਉਂਦਿਆਂ ਆਪਣੀ ਵਿਸ਼ੇਸ਼ ਪਛਾਣ ਸਥਾਪਿਤ ਕਰਦੇ ਹਨ, ਉਹ ਹਨ : ਜਗਤਾਰ ਢਾਅ, ਅਵਤਾਰ ਜੰਡਿਆਲਵੀ, ਬਲਦੇਵ ਬਾਵਾ, ਭੁਪਿੰਦਰ ਪੁਰੇਵਾਲ ਅਤੇ ਮਹਿੰਦਰ ਗਿੱਲ । ਜਗਤਾਰ ਢਾਅ ਦੀ ਬ੍ਰਤਾਨਵੀ ਪੰਜਾਬੀ ਸ਼ਾਇਰੀ ਵਿਚ ਪਹਿਲੀ ਲੰਮੀ ਨਜ਼ਮ 'ਗੁਆਚੇ ਘਰ ਦੀ ਤਲਾਸ਼' ਆਪਣੇ ਤੋਂ ਪਹਿਲਾਂ ਦੀਆਂ ਨਜ਼ਮਾਂ ਦੇ ਇਕਹਿਰੇਪਨ, ਇਕਾਂਗੀਪਨ, ਨਿਰੋਲ ਝੂਹੇਰਵੇ ਅਤੇ ਅਤਿਭਾਵੁਕਤਾ ਨੂੰ ਬਹੁਤ ਪਿੱਛੇ ਛੱਡ ਜਾਂਦੀ ਹੈ । ਇਹ ਨਜ਼ਮ ਇਕ ਪਾਸੇ ਬਾਪ ਦੇ ਵਾਪਸ ਪਰਤ ਜਾਣ ਦੇ ਬਿੰਬ ਦੁਆਰਾ ਇਕ ਪੀੜ੍ਹੀ ਦੇ ਪਰਵਾਸ ਨੂੰ ਵਾਸ ਵਿਚ ਬਦਲਦੀ ਹੈ ਤੇ ਦੂਜੇ ਪਾਸੇ ਔਲਾਦ

ਦੇ ਬਿੰਬ ਰਾਹੀਂ ਵਸਤੂ-ਸਥਿਤੀਆਂ ਨਾਲ ਦੋ-ਚਾਰ ਹੋਣ ਦੀ ਸੁਰਮਗਤੀ ਦਾ ਸੰਚਾਰ ਕਰਦੀ ਹੈ। ਬ੍ਰਤਾਨੀਆਂ ਦੇ ਪੂੰਜੀਵਾਦੀ-ਅਰਥਚਾਰੇ ਵਿਚ ਸਭ ਰਿਸ਼ਤਿਆਂ, ਸੰਬੰਧਾਂ, ਮਨੁੱਖਾਂ ਤੇ ਭਾਵਾਂ ਦੇ ਜਿਨਸੀਕਰਣ ਨਾਲ ਜੋ ਨਵਾਂ ਵਾਪਰਦਾ ਹੈ ਜਾਂ ਫਿਰ ਵਾਪਰਨ ਵਾਲਾ ਹੈ, ਨੂੰ ਇਹ ਨਜ਼ਮ ਭਰਪੂਰਤਾ ਨਾਲ ਬਿਆਨ ਕਰਦੀ ਹੈ। ਹਾਲਾਂਕਿ ਇਹ ਨਜ਼ਮ ਵੀ ਅਤੀਤ ਨੂੰ ਆਧਾਰ ਬਣਾ ਕੇ ਹੀ ਤੁਰਦੀ ਹੈ ਪਰੰਤੂ ਸ਼ਾਇਰ ਦਾ ਵਿਚਾਰ-ਵਸਤੂ ਅਤੀਤਮਈ ਮੁੱਲਾਂ, ਸਰੋਕਾਰਾਂ ਤੇ ਵਸਤੂ-ਸਥਿਤੀਆਂ ਦਾ ਕ੍ਰਿਟੀਕ ਪੇਸ਼ ਕਰਦਿਆਂ, ਵਰਤਮਾਨ ਯਥਾਰਥ ਦੀ ਕਰੂਰਤਾ ਨੂੰ ਪੇਸ਼ ਕਰਦਿਆਂ ਭਵਿੱਖਮੁੱਖੀ ਦ੍ਰਿਸ਼ਟੀ ਦੀ ਸਿਰਜਣਾ ਕਰਨਾ ਹੈ। ਇਸ ਦੇ ਉਲਟ ਅਵਤਾਰ ਜੰਡਿਆਲਵੀ ਦੀ ਲੰਮੀ ਕਵਿਤਾ 'ਮੇਰੇ ਪਰਤ ਆਉਣ ਤੱਕ' ਅਤੀਤ ਨੂੰ ਨਾ ਸਿਰਫ ਗਲੋਰੀਫਾਈ ਹੀ ਕਰਦੀ ਹੈ ਸਗੋਂ ਪਰਵਾਸੀ ਮਨੁੱਖ (ਸ਼ਾਇਰ) ਦੀ ਇਕੱਲੀਕਾਰੀ-ਹੋਂਦ ਦਾ ਮਾਤਮ ਕਰਦੀ ਹੋਈ, ਅਸਤਿੱਤਵਵਾਦੀ ਦ੍ਰਿਸ਼ਟੀ ਵਾਂਗ, 'ਜੀਣਾ ਤਾਂ ਪੈਣਾ ਹੀ ਹੈ' ਦੇ ਸੰਕਲਪ ਨੂੰ ਦ੍ਰਿੜ੍ਹ ਕਰਦੀ ਹੈ। ਪਰੰਤੂ ਦੋਹਾਂ ਲੰਮੀਆਂ ਨਜ਼ਮਾਂ ਦਾ ਤੁਲਨਾਤਮਿਕ ਅਧਿਐਨ ਇਹ ਵੀ ਦ੍ਰਿੜ੍ਹ ਕਰਾਉਂਦਾ ਹੈ ਕਿ ਜਿੱਥੇ ਅਵਤਾਰ, **ਭਾਸ਼ਾ-ਸਿਰਜਣ** ਦਾ ਮਾਹਿਰ ਹੈ ਉਥੇ ਜਗਤਾਰ ਢਾਅ **ਸਥਿਰ ਭਾਸ਼ਾ** ਦਾ ਪ੍ਰਯੋਗ ਕਰਦਾ ਹੋਇਆ ਰੂਪ ਦੀ ਤਰਲਤਾ ਦਾ ਗੁਣ ਗੁਆ ਲੈਂਦਾ ਹੈ।

ਇਨ੍ਹਾਂ ਦੋ ਲੰਮੀਆਂ ਨਜ਼ਮਾਂ ਤੱਕ ਪਹੁੰਚਦਾ ਹੋਇਆ ਬ੍ਰਤਾਨਵੀ ਪੰਜਾਬੀ ਸਾਹਿਤ ਦਾ ਇਤਿਹਾਸ ਝੁਹੇਰਵਾ, ਨਸਲਵਾਦ, ਅਜਨਬੀਕਰਣ ਜਾਂ ਐਲੀਏਨੇਸ਼ਨ, ਸਭਿਆਚਾਰਕ ਤਣਾਉ, ਪੀੜ੍ਹੀ-ਪਾੜਾ, ਸਭਿਆਚਾਰਕ-ਪੀੜਾ ਅਤੇ ਪਰਵਾਸੀ ਮਨੁੱਖ ਦੇ ਸੀਮਾਵਰਤਣ (Marginalism) ਤੱਕ ਜਾ ਪਹੁੰਚਦਾ ਹੈ। ਇਹੀ ਉਹ ਵੱਖ-ਵੱਖ ਪ੍ਰਵਿਰਤੀਆਂ ਹਨ ਜਿਨ੍ਹਾਂ ਥਾਣੀਂ ਬ੍ਰਤਾਨਵੀ ਸਮਾਜਕ ਯਥਾਰਥ ਗੁਜ਼ਰਿਆ ਹੈ, ਤੇ ਇਨ੍ਹਾਂ ਦੇ ਹੀ ਪ੍ਰਤੀਉੱਤਰ ਉਥੋਂ ਦੀ ਕਵਿਤਾ ਨੇ ਪੇਸ਼ ਕੀਤੇ ਹਨ। ਜਦੋਂ ਕਿ ਮੁੱਢਲੀ ਕਵਿਤਾ ਦੀ ਸੁਰ ਮੁੱਖ ਤੌਰ ਤੇ ਭਾਵੁਕ ਜਾਂ ਉਪਭਾਵੁਕ ਸੀ, ਆਪਣੇ ਵਿਕਾਸ ਦੀਆਂ ਵੱਖ-ਵੱਖ ਪੱਧਰਾਂ ਤੋਂ ਲੰਘਦੀ ਹੋਈ ਇਹ ਕਵਿਤਾ ਵਸਤੂਪਰਕ, ਤਾਰਕਿਕ ਅਤੇ ਦਿੱਖ ਤੋਂ ਤੱਤ-ਸਾਰ ਵੱਲ ਸਫਰ ਕਰਨ ਵਾਲੀ ਬਣਦੀ ਗਈ। ਜਗਤਾਰ ਢਾਅ ਦੀ ਲੰਮੀ ਕਵਿਤਾ ਵਿਚ ਇਹਨਾਂ ਸਾਰੀਆਂ ਪ੍ਰਵਿਰਤੀਆਂ ਨੂੰ 'ਇਕ ਤੋਂ ਬਾਅਦ ਇਕ' ਦੇ ਕ੍ਰਮ ਵਿਚ ਪੇਸ਼ ਹੁੰਦਿਆਂ ਵੇਖਿਆ ਜਾ ਸਕਦਾ ਹੈ। ਇਨ੍ਹਾਂ ਪ੍ਰਵਿਰਤੀਆਂ ਵਿਚੋਂ ਝੁਹੇਰਵਾ, ਘਰ-ਵਿਛੋੜਾ ਤੇ ਭਟਕਣ ਆਦਿ ਉਸ ਦੀ ਇਸ ਤੋਂ ਪਹਿਲੀ ਪੁਸਤਕ 'ਭਟਕਣ ਦਾ ਸਫ਼ਰ' ਵਿਚ ਆਪਣੇ ਇਕਹਿਰੇ, ਅਤਾਰਕਿਕ ਅਤੇ ਸਤਹੀ ਪੱਧਰ ਤੇ ਪੇਸ਼ ਹੁੰਦੀਆਂ ਹਨ ਪਰੰਤੂ ਸਮਾਜਕ ਵਿਕਾਸ ਦੇ ਅਗਲੇ ਪੜਾਅ ਤੇ ਪਹੁੰਚ ਕੇ ਫੌਰੀ-ਪ੍ਰਕਿਰਿਆ ਦਾ ਰੂਪ ਬਦਲ ਕੇ ਅਵੇਰ-ਪ੍ਰਤਿਕਿਰਿਆ ਦਾ ਰੂਪ ਧਾਰਨ ਕਰ ਲੈਂਦਾ ਹੈ। ਤੇ ਸਿੱਟਾ ਗੰਭੀਰ ਸਿੱਟਿਆਂ ਤੱਕ ਪੁੱਜਣ ਵਿਚ ਹੁੰਦਾ ਹੈ। ਅਵੇਰ-ਪ੍ਰਤੀਕਿਰਿਆ ਬੀਤ ਚੁੱਕੇ ਯਥਾਰਥ ਨਾਲ ਜਾਂ ਯਥਾਰਥ ਦੇ ਵਿਕਾਸ ਦੇ ਉਸ ਵਿਸ਼ੇਸ਼ ਪੱਧਰ ਨਾਲ ਇਕ ਵਿੱਥ ਥਾਪ ਲੈਂਦੀ ਹੈ ਅਤੇ ਵਸਤੂਪਰਕਤਾ ਆਪਣਾ ਕਾਰਜ ਕਰਨ ਲਗਦੀ ਹੈ। ਫੌਰੀ–

ਪ੍ਰਤਿਕਿਰਿਆ ਅਤੇ ਆਤਮਪਰਕਤਾ ਦਾ ਸਿੱਧ-ਅਨੁਪਾਤੀ ਸੰਬੰਧ ਇਥੇ ਆਣ ਕੇ ਖੁਰਨ ਲਗਦਾ ਹੈ। ਇਹੋ ਵਿੱਥ ਇਸ ਕਵਿਤਾ ਨੂੰ ਜੀਣਜੋਗ ਵੀ ਬਣਾਉਂਦੀ ਹੈ।

ਇਸ ਤੋਂ ਅਗਲੀ ਪ੍ਰਵਿਰਤੀ ਅਬਾਦਕਾਰੀ-ਚੇਤਨਾ ਯਾਨਿ Settlers-consciousness ਦੀ ਹੈ ਜਿਸ ਦੀ ਪ੍ਰਮੁੱਖ ਕਾਵਿਕ-ਸੁਰ ਸ਼ਾਇਰ ਮਹਿੰਦਰ ਗਿੱਲ ਪੇਸ਼ ਕਰਦਾ ਹੈ। ਪਰੰਤੂ ਉਸ ਦੀ ਕਵਿਤਾ ਨੂੰ ਅੰਤ ਤੇ ਪਾ ਕੇ ਅਸੀਂ ਬ੍ਰਤਾਨਵੀ ਪੰਜਾਬੀ ਕਹਾਣੀ ਅਤੇ ਨਾਵਲ ਵੱਲ ਪਰਤਦੇ ਹਾਂ।

ਉਂਜ ਤਾਂ ਬ੍ਰਤਾਨੀਆ ਵਿਚ ਡੇਢ ਕੁ ਦਰਜਨ ਦੇ ਕਰੀਬ ਕਹਾਣੀਕਾਰ ਕਹਾਣੀਆਂ ਲਿਖਦੇ ਰਹੇ ਹਨ, ਪਰ ਜਿਹੜੇ ਹਸਤਾਖ਼ਰ ਉੱਭਰ ਕੇ ਸਾਹਿਤਕ-ਖੇਤਰ ਵਿਚ ਸਾਹਮਣੇ ਆਏ ਉਹ ਇਹ ਹਨ : ਰਘੁਬੀਰ ਢੰਡ, ਸਵਰਨ ਚੰਦਨ, ਸ਼ਿਵਚਰਨ ਗਿੱਲ, ਤਰਸੇਮ ਨੀਲਗਿਰੀ, ਬਲਦੇਵ ਸਿੰਘ ਅਤੇ ਸੁਰਿੰਦਰ ਦੇਹਲਵੀ। ਸੁਰਜੀਤ ਵਿਰਦੀ ਦਾ ਛੋਟੀ ਆਯੂ ਵਿਚ ਹੀ ਦੇਹਾਂਤ ਹੋ ਜਾਣ ਨਾਲ ਪੰਜਾਬੀ ਸਾਹਿਤ ਹੋਰ ਕਈਆਂ ਖ਼ੂਬਸੂਰਤ ਕਹਾਣੀਆਂ ਤੋਂ ਵਿਰਵਾ ਰਹਿ ਗਿਆ। ਬ੍ਰਤਾਨਵੀ ਪੰਜਾਬੀ ਕਹਾਣੀ ਨੇ ਕਿਸੇ ਹੱਦ ਤੱਕ ਫ਼ੌਰੀ ਪ੍ਰਤਿਕਿਰਿਆ ਦੀ ਉਪਭਾਵੁਕਤਾ ਤੋਂ ਆਪਣੇ ਆਪ ਨੂੰ ਬਚਾਈ ਰੱਖਿਆ। ਇਹ ਜ਼ਰੂਰੀ ਵੀ ਸੀ ਕਿਉਂਕਿ ਕਹਾਣੀ ਦੀ ਸੰਰਚਨਾ ਵਿਚ ਭਾਵਸ਼ੀਲ ਤਾਰਕਿਕਤਾ ਇਕ ਤੱਤ ਵਜੋਂ ਨਹੀਂ ਬਲਕਿ ਸਮੁੱਚ ਵਜੋਂ ਕੰਮ ਕਰਦੀ ਹੈ। ਇਸੇ ਲਈ ਕਹਾਣੀ ਵਿਚ ਆਤਮਪਰਕਤਾ ਦਾ ਦਖ਼ਲ ਘਟ ਜਾਂਦਾ ਹੈ। ਉਪਰੋਕਤ ਸਾਰੀਆਂ ਹੀ ਪ੍ਰਵਿਰਤੀਆਂ ਕਹਾਣੀ ਵਿਚ ਵੀ ਪੇਸ਼ ਹੋਈਆਂ ਹਨ ਪਰ ਆਵੇਰ-ਪ੍ਰਤਿਕਿਰਿਆ ਦੇ ਰੂਪ ਵਿਚ। ਕਹਾਣੀ ਦੀ ਸਿਰਜਣਾ ਲਈ ਵਕਫ਼ੇ ਜਾਂ ਵਿੱਥ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਵਿੱਥ ਜਾਂ ਵਕਫ਼ਾ ਬੀਤੀਆਂ ਘਟਨਾਵਾਂ ਤੋਂ ਬਾਅਦ ਵਸਤੂਗਤ ਵਿਸ਼ਲੇਸ਼ਣ ਕਰਨ ਨਾਲ ਹੀ ਕਾਇਮ ਰਹਿ ਸਕਦਾ ਹੈ। ਇਹੋ ਕਾਰਨ ਹੈ ਕਿ ਬ੍ਰਤਾਨਵੀ ਪੰਜਾਬੀ ਕਹਾਣੀ ਦੀ ਸਿਰਜਣਾ ਸਮਾਂ ਪਾ ਕੇ ਹੁੰਦੀ ਹੈ।

ਝੁਹੇਰਵੇ, ਹੇਰਵੇ, ਉਦਰੇਵੇਂ ਜਾਂ ਫਿਰ ਘਰ-ਵਿਜੋਗ ਦੀ ਪ੍ਰਵਿਰਤੀ ਨਾਲ ਸੰਬੰਧਤ ਕਹਾਣੀਆਂ ਕੁਝ ਇਸ ਤਰ੍ਹਾਂ ਪੇਸ਼ ਹੋਈਆਂ ਹਨ। ਕਹਾਣੀ 'ਕਿਰਨ' (ਰਘਬੀਰ ਢੰਡ : ਕਾਇਆ ਕਲਪ) ਵਿਚ ਕਹਾਣੀ ਦਾ ਮੁੱਖ ਪ੍ਰਯੋਜਨ ਤਾਂ ਭਾਵੇਂ ਹੋਰ ਹੈ ਪਰੰਤੂ ਇਸ ਵਿਚ ਫ਼ਜ਼ਲ ਇਲਾਹੀ ਨੂੰ ਇੰਗਲੈਂਡ ਵਿਚ ਪੰਦਰਾਂ ਸਾਲ ਰਹਿਣ ਦੇ ਬਾਵਜ਼ੂਦ ਆਪਣੀ ਧਰਤੀ ਦਾ ਹੇਰਵਾ ਹੈ। ਇਹੋ ਹੀ ਹੇਰਵਾ ਹੋਰ ਵੀ ਤਿੱਖਾ ਹੋ ਜਾਂਦਾ ਹੈ ਜਦੋਂ ਅੰਗਰੇਜ਼ ਨਰਸ ਲਿੰਡਾ, ਆਇਰਿਸ਼ ਕੁੜੀ ਐਡਨਾ ਬਾਰੇ ਕਹਿੰਦੀ ਹੈ : 'ਵੇਖਿਆ, ਇਸ ਆਇਰਿਸ਼ ਬਿੱਚ ਨੂੰ ? ਇਹ ਸਾਡਾ ਸਦੀਆਂ ਤੋਂ ਉਸਾਰਿਆ ਡੈਮੋਕ੍ਰੈਟਿਕ ਸਿਸਟਮ ਤਬਾਹ ਕਰਨ ਤੇ ਤੁਲੇ ਹੋਏ ਨੇ ਟੈਰੇਰਿਸਟ।' ਤੇ ਫ਼ਜ਼ਲ ਇਲਾਹੀ ਕਹਿੰਦਾ ਹੈ : 'ਓਧਰ ਮੁਲਕ 'ਚ ਜੇ ਭੁੱਖ-ਨੰਗ ਨਾ ਹੋਵੇ ਤਾਂ ਮੈਂ ਇਕ ਮਿੰਟ ਵੀ ਏਥੇ ਨਾ ਰਹਾਂ। ਕੋਈ ਜੂਨ ਐ ਏਥੇ ਸਾਲੀ।'

ਤੇ ਫੇਰ 'ਦਲਦਲ' ਕਹਾਣੀ (ਕਾਇਆ ਕਲਪ) ਦਾ ਇਕ ਪਾਤਰ ਇਉਂ ਝੂਰਦਾ ਹੈ : '...ਸਾਡੀ ਮੌਤ ਦੀ ਖ਼ਬਰ ਨੀਲਾ ਲਫ਼ਾਫ਼ਾ ਉਡਾ ਕੇ ਇੰਡੀਆ ਲੈ ਜਾਵੇਗਾ।

ਇਕ ਵਾਰ ਤਾਂ ਦਿਲ ਦੀ ਗੱਲ ਬੁੱਲ੍ਹਾਂ 'ਚੋਂ ਪਾਟ ਨਿਕਲੇਗੀ — ਚੰਗਾ ਹੋਇਆ, ਸਾਲਾ ਤੁਰ ਗਿਆ ਨਹੀਂ ਤਾਂ ਹਿੱਸਾ ਮੰਗਣ 'ਤੇ ਸਾਨੂੰ ਸਤਲੁਜ ਵਿਚ ਪਰਵਾਹੁਣਾ ਪੈਣਾ ਸੀ।...ਸਾਡੀ ਮੌਤ ਵੀ ਆਪਣੀ ਮਿਸਾਲ ਆਪ ਹੋਵੇਗੀ। ਪਿੰਡ ਦੀਆਂ ਮੜ੍ਹੀਆਂ 'ਚ ਵੀ ਮੋਇਆਂ ਦਾ ਕੁਝ ਨਾ ਕੁਝ ਹਿੱਸਾ ਹੁੰਦਾ ਹੈ ਤੇ ਲੋਕ ਉਂਗਲਾਂ ਕਰ ਲੈਂਦੇ ਹਨ — ਬਈ, ਬਾਪੂ ਏਥੇ ਫੂਕਿਆ ਸੀ...ਪਰ ਸਾਡੇ ਆਖਰੀ ਸਾਹ ਨਾਲ ਹੀ ਸਾਡੇ ਨਕਸ਼ ਮਿਟ ਜਾਣਗੇ। ਬਸ ਲਕੜੀ ਦਾ ਬਕਸਾ ਗੈਸ ਚੈਂਬਰ ਦੇ ਢਿੱਡ 'ਚ ਭਸਮ ਹੋ ਜਾਏਗਾ। ਕਿਸੇ ਫੁੱਲ ਨਹੀਂ ਚੁਗਣੇ...।'

ਤੇ ਫੇਰ 'ਲਾਲ ਲਕੀਰ' (ਉਸ ਪਾਰ) ਦਾ ਇਕ ਪਾਤਰ ਅਤੀਤ ਦੇ ਮੁੱਲਾਂ ਨੂੰ ਇਉਂ ਵਾਪਸੀ ਦਾ ਗੇੜਾ ਦੇਣਾ ਚਾਹੁੰਦਾ ਹੈ : 'ਮਾਸਟਰ ! ਜੀਅ ਕਰਦੈ ਪੈਰੀਂ ਤਿੱਲੇ ਵਾਲੀ ਜੁੱਤੀ, ਤੇੜ ਲੱਠੇ ਦੀ ਚਾਦਰ, ਗਲ ਕਲੀਆਂ ਵਾਲਾ ਕੁੜਤਾ, ਉਤੇ ਕਾਲੀ ਜਾਕਟ ਤੇ ਸਿਰ 'ਤੇ ਤੁਰਲੇ ਵਾਲੀ ਮੋਤੀਆ ਪੱਗ। ਤੇ ਫੇਰ ਟੌਨ 'ਚ ਗੇੜਾ ਕੱਢਾਂ, ਜੇ ਸਾਲੀਆਂ ਗੋਰੀਆਂ ਲਿਟਦੀਆਂ ਨਾ ਫਿਰਨ।...'

'ਡਰਟੀ ਕਲਰ' (ਉਸ ਪਾਰ) ਵਿਚ ਗੌਰੀ ਬਖਸ਼ੇ ਨੂੰ ਕਹਿੰਦਾ ਹੈ : 'ਮੇਰਾ ਮਤਲਬ ਐ, ਐਸ ਵੇਲੇ ਆਪਣੇ ਮੁਲਕ 'ਚ ਕਿੰਨਾ ਸੋਹਣਾ ਸਮਾਂ ਹੁੰਦੈ। ਕੁੱਕੜਾਂ ਦੀਆਂ ਬਾਂਗਾਂ ਗੂੰਜਦੀਆਂ ਨੇ। ਡੇਰਿਆਂ 'ਚ ਸੰਖ ਪੂਰੇ ਜਾਂਦੇ ਨੇ। ਖੂਹਾਂ ਤੇ ਡੋਲ ਖੜਕਦੇ ਨੇ। ਮਹਾਰਾਜ ਦੀ ਬਾਣੀ ਦਾ ਪਾਠ ਹੁੰਦੈ। ਹਲਟਾਂ ਦੇ ਕੁੱਤੇ ਖੜਕਦੇ ਨੇ...ਪਰ ਏਥੇ ਸਾਲੀ ਮੜ੍ਹੀਆਂ ਵਰਗੀ ਉਦਾਸੀ — ਕਈ ਵਾਰੀ ਤਾਂ ਭੋਰਾ ਜੀ ਨਹੀਂ ਲਗਦਾ।'

ਇਸੇ ਤਰ੍ਹਾਂ 'ਘਰ ਨਾ ਘਾਟ' (ਸ਼ਿਵਚਰਨ ਗਿੱਲ : ਰੂਹ ਦਾ ਸਰਾਪ) ਦਾ ਇਕ ਪਾਤਰ ਇਉਂ ਝੋਰਾ ਕਰਦਾ ਹੈ : 'ਅਜੇ ਕੋਈ ਕਸਰ ਐ, ਸਵੇਰ ਤੋਂ ਆਥਣ ਤੱਕ ਕਦੇ ਸੂਰਜ ਨਈਂ ਵੇਖਿਆ, ਸਾਡੇ ਪੁਰਖੇ ਤਾਂ ਸੂਰਜ ਵੇਖੇ ਬਿਨਾ ਮੂੰਹ ਅੰਨ ਨ੍ਹੀਂ ਸੀ ਲਾਉਂਦੇ। ਮੈਥੋਂ ਛੋਟਾ ਨਾਨਕਿਆਂ ਦੇ ਅੜਿੱਕੇ ਨ੍ਹੀਂ ਆਇਆ। ਲਹਿਰੇ ਲੁੱਟਦਾ। ਪਿਛਲੇ ਸਾਲ ਸਬੱਬ ਬਣ ਗਿਆ ਪਿੰਡ ਜਾਣ ਦਾ। ਕਪਾਹਾਂ ਤਾਰਿਆਂ ਆਂਗੂੰ ਖਿੜੀਆਂ ਪਈਆਂ ਤੇ ਚੋਗਣਾਂ ਜੀਤੇ ਨੂੰ ਸਰਦਾਰ, ਸਰਦਾਰ ਕਰਦੀਆਂ ਫਿਰਨ। ਮੇਰਾ ਸਾਲਾ ਢਿੱਡ ਹੱਸੇ ਵੀ ਸੜੇ ਵੀ। ਇਹ ਸਾਲੀ ਹੁੰਢੀ ਦੀ ਗੱਲ ਈ ਆ, ਅਸੀਂ ਪਿੰਡ ਕਪਾਹਾਂ ਦੇ ਮਾਲਕ ਏਥੇ ਚੋਗੇ ਲੱਗੇ ਹੋਏ ਆਂ।'

ਝੁਹੇਰਵਾ-ਗ੍ਰਸਤ ਮਨੁੱਖ ਜਦੋਂ ਨਸਲਵਾਦ ਦਾ ਸ਼ਿਕਾਰ ਹੁੰਦਾ ਹੈ ਤਾਂ ਸਮਾਜ ਦੇ ਹਾਸ਼ੀਏ ਤੇ ਜਾ ਖਲੋਂਦਾ ਹੈ। ਹਾਸ਼ੀਏ ਤੇ ਖੜ੍ਹਾ ਉਹ ਬੇਗਾਨਗੀ (Alienation) ਦਾ ਸ਼ਿਕਾਰ ਹੁੰਦਾ ਹੈ। ਉਂਜ ਬੇਗਾਨਗੀ ਤਾਂ ਭਾਵੇਂ 'ਕੰਮ ਦੀ ਵੰਡ' ਅਤੇ ਉਕਤਾਹਟ ਵਿਚੋਂ ਨਿਕਲਦੀ ਹੈ, ਕਿਰਤ ਦੇ ਅਜਨਬੀਕਰਣ 'ਚੋਂ ਪੈਦਾ ਹੁੰਦੀ ਹੈ, ਪਰ ਉਪ੍ਰੋਕਤ ਸਥਿਤੀਆਂ ਇਸ ਦੀ ਤੀਖਣਤਾ ਵਿਚ ਹੋਰ ਵਾਧਾ ਕਰਦੀਆਂ ਹਨ। ਤੇ ਬੇਗਾਨਗੀ ਭੋਗ ਰਿਹਾ ਮਨੁੱਖ ਹੋਰ ਵਧੇਰੇ ਅਤੀਤਮੁਖੀ ਹੁੰਦਾ ਅਤੇ ਆਪਣੇ ਖੋਲ ਵਿਚ ਪਨਾਹ ਭਾਲਦਾ ਹੈ। ਪ੍ਰੀਤਮ ਸਿੱਧੂ ਦੀ ਕਹਾਣੀ 'ਸਾਧ' (ਦੁੱਖ ਪ੍ਰਦੇਸਾਂ ਦੇ) ਵਿਚ ਪਿੱਛਲਖੁਰੀ ਤੁਰਦੀਆਂ ਸਵਾਣੀਆਂ ਦੀ ਤਸਵੀਰ ਇਉਂ ਮਿਲਦੀ ਹੈ : 'ਕਿਚਨ ਵਿਚ, ਇਸਤਰੀਆਂ,

ਭਾਂਡੇ ਕਵੀਸ਼ਰਾਂ ਦੀਆਂ ਢੱਡਾਂ ਵਾਂਗ ਖੜਕਾ ਰਹੀਆਂ ਸਨ। ਜਿਹੜੀਆਂ ਘਰ ਆਏ ਮਹਿਮਾਨ ਨੂੰ ਵੀਹ ਵਾਰੀ ਨੱਕ ਚਾੜ੍ਹ ਕੇ ਦੋ ਰੋਟੀਆਂ ਪਕਾ ਕੇ ਦੇਂਦੀਆਂ ਸਨ, ਉਹ ਅੱਜ ਸਾਧ ਦੀ ਸੇਵਾ ਵਿਚ ਜੁਲਾਹੇ ਦੀ ਨਲਕੀ ਵਾਂਗ ਫਿਰਦੀਆਂ ਸਨ। ਜਿਹੜੀਆਂ ਬੀਬੀਆਂ ਘਰ ਦੇ ਕੰਮ ਲਈ ਸਿਰ ਦੁਖਣ ਦੇ ਬਹਾਨੇ ਕਰਦੀਆਂ ਸਨ, ਉਹ ਅੱਜ ਬਾਬਾ ਜੀ ਦੀ ਖੁਸ਼ੀ ਵਿਚ ਸਕੇਟਿੰਗ ਕਰਦੀਆਂ ਫਿਰਦੀਆਂ ਸਨ। ਰਸੋਈ ਵਿਚ ਲਗਦੇ ਤੜਕਿਆਂ ਦੀ ਖੁਸ਼ਬੂ ਪੰਡਤਾਂ ਦੇ ਘਰ ਤੀਕ ਜਾਂਦੀ ਸੀ।...ਬੀਬੀਆਂ ਸਾਧ ਦੀ ਸੇਵਾ ਵਿਚ ਸਾਗ ਵਿਚ ਮਖਣੀ ਵਾਂਗ ਪਿਘਲੀਆਂ ਪਈਆਂ ਸਨ।'

ਨਸਲਵਾਦ ਦੀ ਸਮੱਸਿਆ ਜਿਥੇ ਝੁਹੇਰਵੇ ਨੂੰ ਹੋਰ ਤਿੱਖਾ ਕਰਦੀ ਹੈ ਉਥੇ ਮਾਨਸਿਕ ਬੇਚੈਨੀ ਦਾ ਕਾਰਨ ਵੀ ਬਣਦੀ ਹੈ। ਦਰਸ਼ਨ ਧੀਰ ਦੀ ਕਹਾਣੀ 'ਅਜਗਰ' (ਲੂਣੀ ਮਹਿਕ) ਦਾ ਬਲਜੀਤ ਸੋਚਦਾ ਹੈ : '...ਬਾਕੀ ਟੋਲੀਆਂ ਦੇ ਇੰਚਾਰਜ਼ ਵੀ ਤਾਂ ਨੇ। ਪਤਾ ਨਹੀਂ ਉਹਨਾਂ ਦੀ ਚਿੱਟੀ ਚਮੜੀ ਨੂੰ ਸ਼ਹਿਦ ਲੱਗਾ ਏ ਤੇ ਮੇਰੀ ਨੂੰ ਜ਼ਹਿਰ। ਚਿੱਟੀ ਚਮੜੀ ਲਈ ਡੈਮੋਕ੍ਰੇਸੀ ਤੇ ਕਾਲੀ ਲਈ ਡਿਕਟੇਟਰਸ਼ਿਪ।...

ਨਸਲੀ ਨਫ਼ਰਤ ਸਿਰਫ ਗੋਰੇ ਹੀ ਭਾਰਤੀਆਂ ਤੇ ਪਾਕਿਸਤਾਨੀਆਂ ਨੂੰ ਨਹੀਂ ਕਰਦੇ, ਭਾਰਤੀ ਲੋਕ ਆਪ ਵੀ ਦੂਜੀਆਂ ਜ਼ਾਤਾਂ ਨੂੰ ਕਰਦੇ ਹਨ। ਸ਼ਿਵਚਰਨ ਗਿੱਲ ਦੀ ਕਹਾਣੀ 'ਪਾਖੰਡ' (ਭੈਅ ਦੇ ਪ੍ਰਛਾਵੇਂ) ਵਿਚ ਜਦੋਂ ਸ਼ਾਂਤੀ ਡਿਪਾਰਟਮੈਂਟ ਵਿਚ ਆਣ ਕੇ ਸੁਪਰਵਾਈਜ਼ਰ ਲਗਦੀ ਹੈ ਤਾਂ ਦੀਪੋ 'ਜੱਟੀ' ਬਿਫਰਦੀ ਹੈ : '...ਹੁਣ ਇਹ ਚਮਿਆਰੀ ਸਾਡੇ ਤੇ ਹੁਕਮ ਚਾਹੜਿਆ ਕਰੂ। ਮੈਂ ਜਾਣਦੀ ਆਂ ਇਹਨੂੰ ਠੁੱਡ 'ਤੇ, ਕਰ ਲੇ ਮੇਰਾ ਕੀ ਕਰ ਲੂ। ਮੈਂ ਕੰਮ ਕਰੂੰ ਆਪਣੀ ਮਰਜ਼ੀ ਨਾਲ।' ਤੇ ਫੇਰ, 'ਘਾਹ ਖੋਤਦੀ ਨੂੰ ਏਥੇ ਖੰਭ ਲੱਗ-ਗੇ। ਕਿਵੇਂ ਹੁਕਮ ਚਾਹੜਦੀ ਆ ਜਿਉਂ ਪਿਉ ਵਾਲੀ ਕੰਪਨੀ ਹੁੰਦੀ ਆ।'

ਅਸਲ ਵਿਚ, ਬ੍ਰਤਾਨਵੀ ਪੰਜਾਬੀ ਕਹਾਣੀ ਦੀ ਹਰ ਤਹਿ ਵਿਚ ਕਿਤੇ ਨਾ ਕਿਤੇ ਆਰਥਕਤਾ ਦਾ ਸਮੱਸਿਆਕਾਰ ਪਿਆ ਹੋਇਆ ਹੈ। ਆਰਥਕਤਾ ਹੀ ਉਹ ਕਾਰਨ ਹੈ ਜਿਸ ਨੇ ਪਰਵਾਸਕਰਣ ਦੇ ਅਮਲ ਨੂੰ ਜਨਮ ਦਿਤਾ, ਅਤੇ ਇਸੇ ਆਰਥਕਤਾ ਦੀ ਬੇਹਤਰੀ ਦੀ ਤਮੰਨਾ ਕਾਰਨ ਹੀ ਨਸਲਵਾਦ, ਝੁਹੇਰਵਾ, ਸਭਿਆਚਾਰਕ ਤਣਾਉ, ਪੀੜ੍ਹੀ-ਪਾੜਾ ਆਦਿ ਸਹਿਣੇ ਪਏ। ਇਸ ਲਈ ਪਰਵਾਸੀ ਜ਼ਿੰਦਗੀ ਵਿਚ ਆਰਥਕਤਾ ਅਜਿਹਾ ਪ੍ਰਵਰਗ ਹੈ ਜੋ ਸਰਬ-ਪ੍ਰਥਮ ਵੀ ਹੈ ਅਤੇ ਬਾਕੀ ਸਭ ਕੁਝ ਨੂੰ ਆਪਣੀ ਜ਼ਦ ਵਿਚ ਲੈਣ ਵਾਲਾ ਵੀ। ਆਰਥਕਤਾ, ਸਮੱਸਿਆਕਾਰਾਂ ਦਾ ਸਮੱਸਿਆਕਾਰ ਹੈ। ਇਹਦੀ ਆਉਧ 1960 ਤੋਂ ਲੈ ਕੇ 1990 ਤੱਕ ਫੈਲੀ ਹੋਈ ਹੈ ਬੇਸ਼ੱਕ ਇਹਦਾ ਦਬਾਅ ਘੱਟਦਾ ਤੇ ਵਧਦਾ ਰਹਿੰਦਾ ਹੈ। ਬਲਦੇਵ ਸਿੰਘ ਦੀ ਕਹਾਣੀ 'ਚਾਰ ਪੈਸੇ' (ਸੁੱਕੇ ਪੱਤੇ) ਵਿਚਲੇ ਚਰਨ ਦਾਸ ਦੀ ਪੈਸਾ ਕਮੌਣ ਦੀ ਭੁੱਖ ਉਹਨੂੰ ਅਜੀਬ ਮਕਾਮ ਤੱਕ ਲੈ ਜਾਂਦੀ ਹੈ। ਉਹਦੀ ਗ੍ਰੋਸਰੀ ਦੀ ਦੁਕਾਨ ਹੈ। ਉਹ ਆਪਣੀ ਪਤਨੀ ਸ਼ਰਮੀਲਾ ਨੂੰ ਕਹਿੰਦਾ ਹੈ : 'ਮੈਂ ਤੈਨੂੰ ਹਜ਼ਾਰ ਵਾਰ ਆਖ ਚੁੱਕਾ ਹਾਂ ਕਿ ਹਰ ਕਿਸੇ ਨਾਲ ਮੁਸਕ੍ਰਾ ਕੇ ਗੱਲ ਕਰਿਆ ਕਰ। ਹੈਲੋ ਲਵ-ਹੈਲੋ ਸਵੀਟ ਕਹਿਣ ਨਾਲ ਤੇਰੀ

ਜ਼ੁਬਾਨ ਨਹੀਂ ਘਸਣ ਲੱਗੀ। ਇਹੀ ਗੱਲਾਂ ਹਨ ਜਿਹੜੀਆਂ ਗਾਹਕ ਦਾ ਮਨ ਮੋਹ ਲੈਂਦੀਆਂ ਹਨ। ਵੇਖਦੀ ਨਹੀਂ ਅਸਾਂ ਚੌਂਹ ਮਹੀਨਿਆਂ ਵਿਚ ਕਿੰਨੀ ਉਨਤੀ ਕਰ ਲਈ ਹੈ। ਸਾਰੇ ਗਾਹਕਾਂ ਨਾਲ ਮੁਸਕੁਰਾ ਕੇ ਗੱਲ ਕਰਿਆ ਕਰ...ਹਾਂ, ਇਹ ਸਾੜੀ ਦਾ ਪੱਲਾ ਜ਼ਰਾ ਹੋਰ ਥੱਲੇ ਕਰ ਲਿਆ ਕਰ।' ਤੇ ਚਰਨ ਦਾਸ ਦੀ ਪਤਨੀ ਫੇਰ ਏਨਾ ਬਦਲ ਜਾਂਦੀ ਹੈ ਕਿ ਇਕ ਦਿਨ ਆਪਣੀ ਦੁਕਾਨ ਦੇ ਇਕ ਗਾਹਕ ਵੈਸਟ ਇੰਡੀਅਨ ਨਾਲ ਭੱਜ ਜਾਂਦੀ ਹੈ।

ਇਹੋ ਹੀ ਆਰਥਕਤਾ ਬੰਦੇ ਦੀ ਮਾਨਸਿਕ ਕਮਜ਼ੋਰੀ ਦਾ ਕਾਰਨ ਕਿਵੇਂ ਬਣਦੀ ਹੈ, ਨੂੰ 'ਦਿਲਜੀਣੀ' (ਸ਼ਿਵਚਰਨ ਗਿੱਲ : ਗਊ ਹੱਤਿਆ) ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ ਜਦੋਂ ਪਹਿਲੀ ਪੀੜ੍ਹੀ ਦਾ ਇਕ ਪਾਤਰ ਕਹਿੰਦਾ ਹੈ : 'ਨਾਲੇ ਭਾਈ ਆਪਾਂ ਨੂੰ ਤਾਂ ਏਸ ਮੁਲਕ 'ਚ ਜਰੈਂਦ ਨਾਲ ਈ ਦਿਨ ਕੱਟੀ ਕਰਨੀ ਚਾਹੀਦੀ ਐ, ਚਾਰ ਪੈਸੇ ਕਮੌਣ ਆਏ ਆਂ, ਆਢਾ ਲੈਣ ਥੋੜ੍ਹੀ ਆਏ ਆਂ।'

ਕਹਾਣੀ 'ਖਾਲੀ ਪਲਾਂ ਦੀ ਸਾਂਝ' (ਸਵਰਨ ਚੰਦਨ : ਖਾਲੀ ਪਲਾਂ ਦੀ ਸਾਂਝ) ਵਿਚ ਜਦੋਂ ਇਕੋ ਇਕ ਮੁੰਡਾ ਘਰ ਛੱਡ ਕੇ ਗੋਰੀ ਨਾਲ ਜਾ ਵਿਆਹ ਕਰਾਉਂਦਾ ਹੈ ਤਾਂ ਅਮਰ ਸਿੰਘ ਦੀ ਪਤਨੀ ਡੁਸਕਣ ਲਗਦੀ ਹੈ, ਕਹਿੰਦੀ ਹੈ : ਉਹਦੀ ਇਕੋ ਬੁਢਾਪੇ ਦੀ ਡੰਗੋਰੀ ਵੀ ਟੁੱਟ ਗਈ। ਅਮਰ ਸਿੰਘ ਉਹਨੂੰ ਸਮਝਾਉਂਦਾ ਹੈ : 'ਵੇਖ ਕਮਲੀਏ! ਇਹ ਇੰਗਲੈਂਡ ਆ ਇੰਗਲੈਂਡ। ਏਥੇ ਬੁਢਾਪੇ ਦੀ ਡੰਗੋਰੀ ਪੁੱਤ-ਧੀਆਂ ਨੀ ਹੁੰਦੇ। ਏਥੇ ਡੰਗੋਰੀ ਆਹ ਹੁੰਦੇ ਆ — ਰਾਣੀ ਦੇ ਨੋਟ।'

ਇਸੇ ਹੀ ਤਰ੍ਹਾਂ ਪੀੜ੍ਹੀ-ਪਾੜਾ, ਸਭਿਆਟਾਰਕ-ਪਾੜਾ ਅਤੇ ਸਭਿਆਚਾਰਕ-ਤਣਾਉ ਨੂੰ ਪੇਸ਼ ਕਰਦੀਆਂ ਕਹਾਣੀਆਂ ਵੀ ਲਿਖੀਆਂ ਗਈਆਂ ਜਿਵੇਂ ਬਲਦੇਵ ਸਿੰਘ ਦੀ ਕਹਾਣੀ 'ਸੁੱਕੇ ਪੱਤੇ' (ਪੁਸਤਕ : ਸੁੱਕੇ ਪੱਤੇ); ਸਵਰਨ ਚੰਦਨ ਦੀ ਕਹਾਣੀ 'ਅਗਲਾ ਕਦਮ' (ਪੁਸਤਕ : ਖਾਲੀ ਪਲਾਂ ਦੀ ਸਾਂਝ) ਤੇ ਖਾਲੀ ਪਲਾਂ ਦੀ ਸਾਂਝ (ਪੁਸਤਕ : ਉਹੀ); ਦਰਸ਼ਨ ਧੀਰ ਦੀ ਕਹਾਣੀ 'ਅੱਖ' (ਪੁਸਤਕ : ਮਰਦਾ ਸੱਚ), ਸ਼ਿਵਚਰਨ ਗਿੱਲ ਦੀ ਕਹਾਣੀ 'ਨਿਰੋਧ' (ਪੁਸਤਕ : ਗਊ ਹੱਤਿਆ), ਰਘੁਬੀਰ ਢੰਡ ਦੀ ਕਹਾਣੀ 'ਮੋਰ ਮਨੀ ਮੋਰ ਫ੍ਰੀਡਮ' (ਪੁਸਤਕ : ਉਸ ਪਾਰ), ਹਰਜੀਤ ਅਟਵਾਲ ਦੀ ਕਹਾਣੀ 'ਤੀਜਾ ਪੁੱਤਰ' (ਪੁਸਤਕ : ਕਾਲਾ ਲਹੂ), ਸੁਲਘਦੀ ਅੱਗ ਤੇ ਦਾਲ ਖਾਣ ਵਾਲੇ (ਸਵਰਨ ਚੰਦਨ : ਉਜੜਿਆ ਖੂਹ) ਆਦਿ।

1984 ਤੋਂ ਬਾਅਦ ਬ੍ਰਤਾਨੀਆਂ ਵਿਚ ਵੱਸੇ ਤਕਰੀਬਨ ਸਾਰੇ ਪੰਜਾਬੀ ਸੰਸਾਰ ਨੇ ਕਈਆਂ ਕਾਰਨਾਂ ਕਰਕੇ ਆਪਣੇ ਪੰਜਾਬ (ਭਾਰਤ) ਵਾਪਸ ਪਰਤ ਆਉਣ ਦੇ ਮਨਸੂਬੇ ਰੱਦ ਕਰ ਦਿਤੇ। ਬਹੁਤ ਸਾਰੇ ਕਾਰਨਾਂ ਵਿਚੋਂ ਇਕ ਕਾਰਨ ਇਹ ਸੀ ਕਿ ਉਹਨਾਂ ਨੇ ਵਾਪਸੀ ਦਾ ਸਫਰ ਤੈਅ ਕਰਨ ਲਈ ਜਿੰਨੀਆਂ ਟੱਕਰਾਂ ਮਾਰੀਆਂ ਸਨ ਉਹ ਸਭ ਵਿਅਰਥ ਸਾਬਤ ਹੋਈਆਂ। ਚਾਚੇ-ਤਾਏ ਤੇ ਸੱਕੇ ਭਰਾ ਉਹਨਾਂ ਦੇ ਪੈਸਿਆਂ ਨਾਲ ਖਰੀਦੇ ਸਿਆੜਾਂ 'ਚੋਂ ਨਾ-ਸਿਰਫ ਉਹਨਾਂ ਨੂੰ ਉਹਨਾਂ ਦਾ ਹਿੱਸਾ ਦੇਣ ਨੂੰ ਹੀ ਤਿਆਰ ਨਾ ਹੋਏ ਬਲਕਿ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਵੀ ਦਿਤੀਆਂ। ਇਸ ਤੱਥ ਨੂੰ

ਸ਼ਿਵਚਰਨ ਗਿੱਲ ਦੀ ਕਹਾਣੀ 'ਕਮਾਈ' (ਪੁਸਤਕ : ਰੂਹ ਦਾ ਸਰਾਪ) ਅਤੇ ਸਾਥੀ ਲੁਧਿਆਣਵੀ ਦੀ ਕਹਾਣੀ 'ਮਾਂ ਕਹਿੰਦੀ ਹੁੰਦੀ ਸੀ' (ਪੁਸਤਕ : ਮੌਸਮ ਖਰਾਬ ਹੈ) ਵਿਚ ਪੇਸ਼ ਕੀਤਾ ਗਿਆ ਹੈ। ਦੂਜਾ ਅਹਿਮ ਕਾਰਨ ਵੱਡੇ ਹੋ ਚੁੱਕੇ ਪੋਤਰੇ-ਪੋਤਰੀਆਂ ਤੇ ਦੋਹਤਰੇ-ਦੋਹਤਰੀਆਂ ਦਾ ਇੰਗਲੈਂਡ ਨੂੰ ਹੀ ਆਪਣੀ ਜੰਮਣ-ਭੋਂ ਸਮਝਣਾ ਸੀ, ਜੋ ਅਸਲ ਵਿਚ ਹੈ ਵੀ ਸੀ। ਇਸ ਹਾਲਤ ਵਿਚ ਇਕੱਲੇ-ਕਾਰੇ ਉਹ ਇੰਡੀਆ ਆਣ ਕੇ ਕੀ ਕਰਨਗੇ ? ਇਹ ਵੀ ਉਹਨਾਂ ਦੇ ਹੌਸਲਿਆਂ ਦੇ ਪਸਤ ਹੋ ਜਾਣ ਦਾ ਕਾਰਨ ਬਣਿਆ। ਤੀਜਾ ਵੱਡਾ ਕਾਰਨ ਪੰਜਾਬ ਦੀ ਹਾਲਤ ਸੀ ਜਿਸ ਨੇ ਉਹਨਾਂ ਦੇ ਹੌਸਲੇ ਹੋਰ ਵਧੇਰੇ ਤੋੜ ਦਿਤੇ। ਮਜਬੂਰੀ ਜਾਂ ਸਵੈ-ਇੱਛਾ ਨਾਲ ਜਦੋਂ ਉਹਨਾਂ ਨੇ ਵਾਪਸੀ ਦੇ ਇਰਾਦੇ ਖ਼ਤਮ ਕਰ ਦਿਤੇ ਤਾਂ ਇਤਿਹਾਸ ਦਾ ਇਕ ਹੋਰ ਮਾਨਸਿਕ ਮੋੜ ਸਾਹਮਣੇ ਆਇਆ ਜਿਸ ਨੂੰ ਆਬਾਦਕਾਰੀ-ਚੇਤਨਾ ਕਿਹਾ ਜਾ ਸਕਦਾ ਹੈ। ਮਨ ਮਾਰ ਕੇ ਉਥੇ ਹੀ ਰਹੀ ਜਾਣ ਨੇ ਉਹਨਾਂ ਨੂੰ ਕੋਈ ਖੁਸ਼ੀ ਨਹੀਂ ਦਿਤੀ, ਪਰ ਉਹਨਾਂ ਦਾ ਧਿਆਨ ਜ਼ਰੂਰ ਇਕ ਪਾਸੇ ਪਾ ਦਿਤਾ। ਸ਼ਾਇਰ ਮਹਿੰਦਰ ਗਿੱਲ ਆਪਣੀਆਂ ਦੋ ਪੁਸਤਕਾਂ 'ਮੇਰੇ ਲੋਕ' ਅਤੇ 'ਬਿਨ ਬਰਸਾਤੀ ਮੇਘਲੇ' ਵਿਚ ਉਹਨਾਂ ਦੀ ਇਸ ਮਾਨਸਿਕਤਾ ਦੀ ਗੱਲ ਕਰਦਾ ਹੈ। ਜਗਤਾਰ ਢਾਅ ਤੇ ਅਵਤਾਰ ਜੰਡਿਆਲਵੀ ਤੋਂ ਉਲਟ ਮਹਿੰਦਰ ਗਿੱਲ ਇਹਨਾਂ ਨਜ਼ਮਾਂ ਵਿਚ ਭਾਵਾਂ ਦੇ ਪਿੱਛੇ ਲੁਕੇ ਤਰਕ ਨੂੰ ਵੀ ਨਾਲ ਲੈ ਕੇ ਚਲਦਾ ਹੈ। ਉਹ ਪਰਵਾਸ ਦੇ ਕਾਰਨਾਂ ਅਤੇ ਇਸ ਦੇ ਪ੍ਰਭਾਵਾਂ ਨਾਲ ਦੋ-ਚਾਰ ਹੁੰਦਾ ਹੈ।

ਪਰਵਾਸੀ ਚੇਤਨਾ ਅਤੇ ਆਬਾਦਕਾਰੀ ਚੇਤਨਾ ਵਿਚ ਫ਼ਰਕ ਇਹ ਹੈ ਕਿ ਪਰਵਾਸੀ ਮਨੁੱਖ ਦੀ ਸਥਿਤੀ ਅਨਿਸਚਿਤ ਹੁੰਦੀ ਹੈ। ਉਹ ਸਦਾ ਦੁਚਿਤੀ ਵਿਚ ਰਹਿੰਦਾ ਹੈ। ਉਹਦਾ ਵਾਪਸ ਪਰਤਣਾ ਨਿਸਚਿਤ ਨਹੀਂ ਹੁੰਦਾ। ਉਹ ਸਰੀਰਕ ਤੌਰ 'ਤੇ ਤਾਂ ਪਰਵਾਸ ਦੇ ਦੇਸ਼ ਵਿਚ ਵਿਚਰਦਾ ਹੈ ਪਰੰਤੂ ਮਾਨਸਿਕ ਤੌਰ ਤੇ ਆਪਣੀ ਜੰਮਣ-ਭੋਂ ਉਤੇ। ਉਹ ਵਧੇਰੇ ਦੁਖੀ ਹੁੰਦਾ ਹੈ। ਨਾ ਕਿਸੇ ਨਾਲ ਵੈਰ-ਵਿਰੋਧ ਮੁੱਲ ਲੈਂਦਾ ਹੈ ਅਤੇ ਨਾ ਹੀ ਚੰਗਾ ਖਾਂਦਾ-ਹੰਢਾਉਂਦਾ ਹੈ। ਪਰ ਅਬਾਦਕਾਰ ਇਕ ਪਾਸੇ ਦਾ ਹੋ ਜਾਂਦਾ ਹੈ। ਉਹਦਾ ਦੁੱਖ ਮੁੱਕਦਾ ਤਾਂ ਨਹੀਂ ਪਰ ਵਾਪਸ ਪਰਤਣ ਦੀ ਦੁਬਿਧਾ ਨੂੰ ਕਿਸੇ ਹੱਦ ਤੱਕ ਖ਼ਤਮ ਕਰ ਦਿੰਦਾ ਹੈ। ਅਜੋਕੇ ਬ੍ਰਤਾਨਵੀ ਪੰਜਾਬੀ ਸਮਾਜ ਦੇ ਮਨੁੱਖ ਨੂੰ ਆਬਾਦਕਾਰੀ ਚੇਤਨਾ ਦੇ ਅੰਤਰਗਤ ਸਮਝਿਆ ਜਾ ਸਕਦਾ ਹੈ। ਉਹ ਨਿਤਾਂਤ ਮਰਕਜ਼ੀ ਮਨੁੱਖ ਤਾਂ ਭਾਵੇਂ ਨਾ ਬਣ ਸਕੇ ਪਰ ਨਿਰਾ-ਪੁਰਾ ਸੀਮਾਵਰਤੀ (Marginalised) ਵੀ ਨਹੀਂ ਰਹਿੰਦਾ ਕਿਉਂਕਿ ਉਹਦੀ ਦੂਜੀ ਪੁਸ਼ਤ ਮਰਕਜ਼ੀ ਬਣਨ ਦੇ ਅਮਲ ਵਿਚ ਪੈ ਚੁੱਕੀ ਹੈ।

ਬ੍ਰਤਾਨਵੀ ਸਮਾਜ ਅਤੇ ਇਸ ਵਿਚ ਵੱਸੇ ਪੰਜਾਬੀ ਸਮਾਜ ਦੇ ਤੀਹ ਕੁ ਸਾਲਾਂ ਦੇ ਇਤਿਹਾਸ ਨੂੰ ਸਵਰਨ ਚੰਦਨ ਦਾ ਨਾਵਲ 'ਕੰਜਕਾਂ' ਪੇਸ਼ ਕਰ ਰਿਹਾ ਹੈ। ਬ੍ਰਤਾਨੀਆਂ ਵਿਚ ਹੋਰ ਵੀ ਨਾਵਲ ਲਿਖੇ ਗਏ ਹਨ ਜਿਵੇਂ ਦਰਸ਼ਨ ਧੀਰ ਦੇ ਨਾਵਲ — ਆਪਣੇ ਆਪਣੇ ਰਾਹ, ਸੰਘਰਸ਼, ਲਕੀਰਾਂ ਤੇ ਮਨੁੱਖ ਆਦਿ; ਮੋਹਣ ਸਿੰਘ ਕੁੱਕੜਪਿੰਡੀਆਂ ਦੇ

6-7 ਨਾਵਲ ਅਤੇ ਸਵਰਨ ਚੰਦਨ ਦੇ ਪਹਿਲੇ ਚਾਰ ਨਾਵਲ ਤੇ ਤਿੰਨ ਨਾਵਲੈੱਟ ਆਦਿ। ਉਪ੍ਰੋਕਤ ਸਾਰੀਆਂ ਸਮੱਸਿਆਵਾਂ ਨੂੰ ਇਹ ਸਾਰੇ ਨਾਵਲ ਕਿਵੇਂ ਪੇਸ਼ ਕਰਦੇ ਹਨ, ਕਿਸ ਹੱਦ ਤੱਕ ਸਮਝਦੇ ਹਨ, ਲਈ ਇਕ ਵੱਖਰੇ ਤੇ ਵਿਸ਼ੇਸ਼ ਪਰਚੇ ਦੀ ਜ਼ਰੂਰਤ ਹੋ ਸਕਦੀ ਹੈ, ਪਰੰਤੂ ਇਕ ਗੱਲ ਤੈਅ ਹੈ ਕਿ ਬ੍ਰਤਾਨੀਆਂ ਵਿਚਲੀ ਪੰਜਾਬੀ ਕਵਿਤਾ, ਕਹਾਣੀ ਤੇ ਨਾਵਲ ਨੇ ਉਹਨਾਂ ਸਮਾਜਕ ਪ੍ਰਵਿਰਤੀਆਂ ਨੂੰ ਪ੍ਰਤਿਉੱਤਰ ਦਿਤਾ ਜਿਨ੍ਹਾਂ ਵਿਚੋਂ ਪੰਜਾਬੀ ਸਮਾਜ ਲੰਘਦਾ ਰਿਹਾ ਹੈ। ਇਸ ਤਰ੍ਹਾਂ ਨਾਲ ਬ੍ਰਤਾਨਵੀ ਪੰਜਾਬੀ ਸਾਹਿਤ ਨੂੰ ਨਿਰਣੇ ਹੀ ਯਥਾਰਥਵਾਦੀ ਸਾਹਿਤ ਦਾ ਦਰਜਾ ਦਿਤਾ ਜਾ ਸਕਦਾ ਹੈ। ਪਰੰਤੂ ਇਹ ਸਾਰਾ ਸਾਹਿਤ ਪੰਜਾਬੀ ਲੋਕਾਂ ਦੀ ਪਹਿਲੀ ਪੁਸ਼ਤ ਨੇ ਹੀ ਰਚਿਆ ਹੈ। ਦੂਜੀ ਪੁਸ਼ਤ ਦੀ ਪਹਿਲੀ ਭਾਸ਼ਾ ਅੰਗਰੇਜੀ ਹੈ। ਪਰ ਭਾਸ਼ਾ ਦੇ ਬਦਲ ਜਾਣ ਨਾਲ ਉਹਨਾਂ ਦੇ ਲਹੂ ਵਿਚੋਂ ਪੰਜਾਬੀ ਸਭਿਆਚਾਰ ਉੱਕਾ-ਪੁੱਕਾ ਕਸ਼ੀਦ ਨਹੀਂ ਕਰ ਲਿਆ ਗਿਆ। ਸ਼ਾਇਦ ਉਹ ਵੀ ਪੰਜਾਬੀਅਤ ਦੀ ਗੱਲ ਕਰਨਗੇ ਪਰੰਤੂ ਉਹਨਾਂ ਦਾ ਮਾਧਿਅਸ ਅੰਗਰੇਜ਼ੀ ਭਾਸ਼ਾ ਹੋਵੇਗੀ। ਇਸ ਤਰ੍ਹਾਂ ਪੰਜਾਬੀ ਸਾਹਿਤ ਦੀ ਬ੍ਰਤਾਨੀਆਂ ਵਿਚ ਅਗਲੀ ਸਿਰਜਣਾ ਉਤੇ ਪ੍ਰਸ਼ਨ-ਚਿੰਨ੍ਹ ਲਗ ਜਾਂਦਾ ਹੈ। ਇਸ ਦੀ ਲਗਾਤਾਰਤਾ ਸੰਭਵ ਹੀ ਨਹੀਂ। ਦੂਜੀ ਪੁਸ਼ਤ ਪੰਜਾਬੀ ਬੋਲ ਤਾਂ ਸਕਦੀ ਹੈ ਪਰ ਲਿਖ-ਪੜ੍ਹ ਨਹੀਂ ਸਕਦੀ। ਫੇਰ ਇਹ ਭਾਸ਼ਾ ਉਹਨਾਂ ਦੀ ਆਰਥਕਤਾ ਦਾ ਵੀ ਅੰਗ ਨਹੀਂ। ਤੇ ਬਿਨਾਂ ਆਰਥਕਤਾ ਦਾ ਮਾਧਿਅਮ ਬਣਿਆਂ ਨਿਰੋਲ ਸਭਿਆਚਾਰਕ-ਭਾਵੁਕਤਾ ਦੇ ਸਿਰ ਤੇ ਨਾ ਭਾਸ਼ਾ ਸਿੱਖੀ ਜਾਂਦੀ ਹੈ ਅਤੇ ਨਾ ਹੀ ਉਸ ਵਿਚ ਸਾਹਿਤ ਸਿਰਜਣਾ ਕੀਤੀ ਜਾ ਸਕਦੀ ਹੈ। ਪਰੰਤੂ ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਮਾਨਯੋਗ ਹਨ।

□

ਬਦੇਸ਼ਾਂ ਵਿਚ ਪੰਜਾਬੀ ਸਭਿਆਚਾਰ

ਕਿਸੇ ਵੀ ਸਮਾਜ ਦੇ ਸਭਿਆਚਾਰ ਨੂੰ ਦੋ ਧਰਾਤਲਾਂ 'ਤੇ ਸਮਝਿਆ ਜਾ ਸਕਦਾ ਹੈ : ਇਕ, ਪਦਾਰਥਕ ਸਭਿਆਚਾਰ ਅਤੇ ਦੂਜਾ, ਆਤਮਿਕ ਸਭਿਆਚਾਰ। ਪਦਾਰਥਕ ਸਭਿਆਚਾਰ ਨੂੰ ਕਈ ਵਾਰੀ ਸਭਿਅਤਾ (Civilization) ਵਜੋਂ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ, ਪਰ ਇਸ ਤਰ੍ਹਾਂ ਕਰਨ ਨਾਲ, ਸਾਡੀ ਜਾਚੇ, ਇਕ ਸੰਜੁਗਤ ਵਰਤਾਰੇ ਵਜੋਂ ਸਭਿਆਚਾਰ ਵਰਗੇ ਜਟਿਲ ਸੰਕਲਪ ਨੂੰ ਸਰਲੀਕਰਣ ਦਾ ਸ਼ਿਕਾਰ ਬਣਾ ਲਿਆ ਜਾਂਦਾ ਹੈ। ਅਸਲ ਵਿਚ ਸਭਿਅਤਾ ਦਾ ਸੰਕਲਪ ਪੂੰਜੀਵਾਦੀ ਸੰਸਾਰ ਦੀ ਪੈਦਾਵਾਰ ਹੈ ਜਿਸ ਨੂੰ ਉਹਨਾਂ ਅਮੀਰ ਸਭਿਅਤਾ ਜਾਂ ਗਰੀਬ ਸਭਿਅਤਾ ਵਰਗਾ ਨਿਖੇੜਾ ਕਰਨ ਲਈ ਵਰਤਿਆ। ਕਿਉਂਕਿ ਉਹ ਵੱਖ ਵੱਖ ਸਭਿਆਚਾਰਾਂ ਵਿਚ ਇਹਨਾਂ ਆਧਾਰਾਂ ਤੇ ਨਿਖੇੜਾ ਨਹੀਂ ਸਨ ਥਾਪ ਸਕਦੇ ਇਸ ਲਈ ਸਭਿਅਤਾ, ਸਭਿਅਕ ਤੇ ਅਸਭਿਐ ਵਰਗੇ ਪ੍ਰਵਰਗਾਂ ਦਾ ਆਸਰਾ ਲਿਆ ਗਿਆ। 'ਬ੍ਰਤਾਨੀਆ ਇਕ ਸਭਿਐ ਸਮਾਜ ਹੈ' ਵਰਗੀ ਉਕਤੀ ਇਹ ਸਾਬਤ ਕਰਨ ਲਈ ਹੈ ਕਿ ਕੁਝ ਦੂਜੇ ਸਮਾਜ ਅਸਭਿਐ ਵੀ ਹਨ, ਖਾਸ ਕਰਕੇ ਉਹ ਜਿਹਨਾਂ ਨੂੰ ਅੰਗਰੇਜ਼ਾਂ, ਫਰਾਂਸਿਸੀਆਂ ਤੇ ਪੁਰਤਗਾਲੀਆਂ ਆਦਿ ਨੇ ਆਪਣੇ ਗੁਲਾਮ ਬਣਾਇਆ। ਉਹਨਾਂ ਦੇ ਅਨੁਸਾਰ ਉਹਨਾਂ ਦਾ ਮਕਸਦ ਉਹਨਾਂ ਨੂੰ ਗੁਲਾਮ ਬਣਾਉਣਾ ਨਹੀਂ ਬਲਕਿ ਸਭਿਅਤਾ ਸਿਖਾਉਣਾ ਸੀ। ਇੰਜ ਇਹ ਪ੍ਰਵਰਗ, ਅਸਲ ਵਿਚ, ਬਸਤੀਵਾਦੀਆਂ ਦੁਆਰਾ ਬਣਾਇਆ ਅਤੇ ਆਪਣੇ ਹੱਕ ਵਿਚ ਇਸਤੇਮਾਲ ਕੀਤਾ ਗਿਆ। ਅਜੇ ਵੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਇਹ ਗ਼ਲਤ ਪ੍ਰਵਿਰਤੀ ਕਾਇਮ ਹੈ ਜਿਸ ਨੂੰ ਤਿਆਗਣ ਦੀ ਲੋੜ ਹੈ। ਇਹਨਾਂ ਹੀ ਅਰਥਾਂ ਵਿਚ ਅਸੀਂ ਹੜੱਪਾ ਤੇ ਮਹਿੰਜੋਦੜੋ ਦੇ ਸਭਿਆਚਾਰ ਨੂੰ ਸਮਝਣ ਦੇ ਆਦੀ ਹੋ ਚੁੱਕੇ ਹਾਂ ਜੋ ਕਿ ਫਿਰ ਗ਼ਲਤ ਹੈ।

ਪਰੰਤੂ ਜਦੋਂ ਅਸੀਂ ਮਨੁੱਖੀ ਸਮਾਜਾਂ ਦੇ ਵਿਕਾਸ ਦੀ 'ਪ੍ਰਕਿਰਿਆ ਨੂੰ ਸਭਿਆਚਾਰ ਦੇ ਪ੍ਰਵਰਗ ਰਾਹੀਂ ਸਮਝਣ ਦੇ ਰਾਹੇ ਪੈਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਕੋਈ ਵੀ ਸਮਾਜ ਸਭਿਆਚਾਰਹੀਣ ਨਹੀਂ ਹੁੰਦਾ, ਬਲਕਿ ਉਸ ਦਾ ਆਪਣਾ ਸਭਿਆਚਾਰ ਦੂਜਿਆਂ ਨਾਲੋਂ ਵੱਖਰਾ ਤੇ ਵਿਲੱਖਣ ਹੋ ਸਕਦਾ ਹੈ ਜਿਸ ਦਾ ਹਰਗਿਜ਼ ਇਹ ਅਰਥ

ਨਹੀਂ ਹੈ ਕਿ ਉਹ ਵਿਕਸਿਤ ਨਹੀਂ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਕਿਸੇ ਸਭਿਆਚਾਰ ਦਾ ਪਦਾਰਥਕ ਪੱਖ ਜਾਂ ਉਹਦੀ ਸਾਇੰਸ ਤੇ ਤਕਨਾਲੋਜੀ ਬਾਕੀਆਂ ਦੇ ਮੁਕਾਬਲੇ 'ਤੇ ਅਜੇ ਪਿੱਛੇ ਹੋਵੇ। ਪਰ ਹਰ ਹਾਲਤ ਵਿਚ ਸਭਿਆਚਾਰ ਦੇ ਅਧਿਐਨ ਲਈ ਉਸ ਦੇ ਇਹਨਾਂ ਦੋ ਧਰਾਤਲਾਂ ਦਾ ਅਧਿਐਨ ਹੀ ਜ਼ਰੂਰੀ ਹੈ ਜਿਨ੍ਹਾਂ ਵਿਚ ਉਸ ਸਮਾਜ ਦੀ ਪੂਰੀ ਵਿਕਾਸ-ਪ੍ਰਕਿਰਿਆ ਆ ਜਾਂਦੀ ਹੈ।

1950ਵਿਆਂ ਤੇ ਸੱਠਵਿਆਂ ਵਿਚ ਪੰਜਾਬੀ ਲੋਕ ਪਰਵਾਸੀਆਂ ਵਜੋਂ ਬਹੁਤ ਸਾਰੇ ਬਾਹਰਲੇ ਮੁਲਕਾਂ ਨੂੰ ਗਏ ਜਿਵੇਂ : ਇੰਗਲੈਂਡ, ਜਰਮਨੀ, ਹਾਲੈਂਡ, ਕੈਨੇਡਾ, ਅਮਰੀਕਾ, ਮਲਾਇਆ, ਸਿੰਘਾਪੁਰ ਤੇ ਅਫਰੀਕੀ ਮਹਾਂਦੀਪ ਦੇ ਵੱਖ-ਵੱਖ ਦੇਸ਼ਾਂ ਨੂੰ। ਅਫਰੀਕਾ ਵਿਚ ਜਾ ਕੇ ਵੱਸਣ ਵਾਲੇ ਪੰਜਾਬੀ ਤਾਂ ਸਗੋਂ ਹੋਰ ਵੀ ਬਹੁਤ ਪਹਿਲਾਂ ਉਥੇ ਗਏ। ਸਿਰਫ਼ ਇਹੋ ਹੀ ਨਹੀਂ ਬਲਕਿ ਦੁਨੀਆਂ ਦਾ ਕੋਈ ਵੀ ਦੇਸ਼ ਅਜਿਹਾ ਨਹੀਂ ਹੈ ਜਿਥੇ ਪੰਜਾਬੀ ਨਹੀਂ ਵੱਸੇ ਹੋਏ। ਪਰੰਤੂ ਆਪਣੇ ਇਸ ਲੇਖ ਵਿਚ ਅਸੀਂ ਆਪਣੇ ਅਧਿਐਨ ਨੂੰ ਇੰਗਲੈਂਡ, ਜਰਮਨੀ, ਕੈਨੇਡਾ ਤੇ ਅਮਰੀਕਾ ਆਦਿ ਪੂੰਜੀਵਾਦੀ ਦੇਸ਼ਾਂ ਤੱਕ ਸੀਮਤ ਰੱਖਾਂਗੇ।

ਜਿਨ੍ਹਾਂ ਸਮਿਆਂ ਵਿਚ ਪੰਜਾਬੀ ਲੋਕ, ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ 'ਚੋਂ ਉਪ੍ਰੋਕਤ ਮੁਲਕਾਂ ਨੂੰ ਗਏ, ਉਹਨਾਂ ਸਮਿਆਂ ਵਿਚ ਪੰਜਾਬ/ਭਾਰਤ ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚ ਅੱਜ ਜਿੰਨਾ ਵਿਕਸਿਤ ਨਹੀਂ ਸੀ। ਸਿੱਟੇ ਵਜੋਂ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀਆਂ ਪਦਾਰਥਕ ਪ੍ਰਾਪਤੀਆਂ ਨੇ ਪੰਜਾਬੀ ਲੋਕਾਂ ਦੇ ਸਭਿਆਚਾਰ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਨਾ ਸੀ। ਇਸੇ ਅਨੁਰੂਪ ਉਹਨਾਂ ਦੀਆਂ ਅਨੇਕਾਂ ਹੀ ਮਾਨਤਾਵਾਂ ਤੇ ਮਨੌਤਾਂ ਨੇ ਟੁੱਟਣ ਦੇ ਅਮਲ ਵਿਚੋਂ ਲੰਘਣਾ ਸੀ ਤੇ ਨਵੀਆਂ ਧਾਰਨਾਵਾਂ ਬਣਨੀਆਂ ਸਨ। ਪਰੰਤੂ ਇਕ ਗੱਲ ਸਪਸ਼ਟ ਕਰ ਦਿਤੀ ਜਾਏ ਕਿ ਸਭਿਆਚਾਰ ਦੇ ਪਦਾਰਥਕ ਪੱਖ ਵਿਚ ਆਈਆਂ ਤਬਦੀਲੀਆਂ, ਆਤਮਕ ਪੱਖ ਨੂੰ ਪ੍ਰਭਾਵਿਤ ਤਾਂ ਭਾਵੇਂ ਕਰਦੀਆਂ ਹਨ, ਪਰ ਆਤਮਕ ਪੱਖ ਬਦਲਦਾ ਬਹੁਤ ਹੌਲੀ ਹੈ। ਇਸੇ ਹੀ ਕਾਰਨ ਮਨੁੱਖੀ ਤ੍ਰਾਸਦੀਆਂ ਵੀ ਵਾਪਰਦੀਆਂ ਹਨ। ਜੇਕਰ ਆਤਮਕ ਪੱਖ, ਪਦਾਰਥਕ ਵਿਕਾਸ ਦੇ ਅਨੁਸਾਰ ਤੇ ਫੌਰੀ ਬਦਲ ਸਕਦਾ ਹੁੰਦਾ ਤਾਂ ਅਜਿਹੀਆਂ ਮਾਨਵੀ/ਸਾਮੂਹੀ ਤ੍ਰਾਸਦੀਆਂ ਕਦੇ ਨਾ ਵਾਪਰਦੀਆਂ, ਪਰੰਤੂ ਇਸ ਦੇ ਨਾਲ ਹੀ ਜਿਹੜੀ ਪ੍ਰਗਤੀ ਆਤਮਕ ਸਭਿਆਚਾਰ ਦੇ ਕਲਾ-ਪੱਖ ਵਿਚ ਪੈਦਾ ਹੁੰਦੀ ਹੈ ਉਹ ਵੀ ਗ਼ੈਰ-ਹਾਜ਼ਰ ਹੁੰਦੀ।

ਪੱਛਮੀ ਯੂਰਪੀ ਮੁਲਕਾਂ ਵਿਚ ਗਏ ਪੰਜਾਬੀ ਮਨੁੱਖ ਦੇ ਸਾਹਮਣੇ ਅਨੇਕਾਂ ਹੀ ਨਵੀਆਂ ਗੱਲਾਂ ਆਈਆਂ।

(ੳ) ਪੈਸੇ ਦੁਆਲੇ ਘੁੰਮਣ ਵਾਲੇ ਇਹਨਾਂ ਸਮਾਜਾਂ ਵਿਚ ਪੰਜਾਬੀ ਮਨੁੱਖ ਬਾਰਾਂ ਬਾਰਾਂ ਘੰਟੇ ਫ਼ੈਕਟਰੀਆਂ, ਫੌਂਡਰੀਆਂ ਤੇ ਦਫ਼ਤਰਾਂ ਵਿਚ ਕੰਮ ਕਰਨ ਲੱਗਾ। ਜ਼ਿੰਦਗੀ 'ਚੋਂ ਵੇਹਲ ਦੀ ਸਮਾਪਤੀ ਹੋ ਗਈ, ਤੇ ਉਹਦੇ ਧਾਰਮਿਕ ਸਰੋਕਾਰਾਂ ਨੂੰ ਪਹਿਲੀ ਸੱਟ ਵੱਜੀ। ਮੰਦਰ, ਮਸਜਿਦ ਤੇ ਗੁਰਦੁਆਰੇ ਜਾਣ ਦੀ ਥਾਂ

ਉਹ ਕੰਮ 'ਤੇ ਜਾਂਦਾ ਜਾਂਦਾ ਹੀ ਰੱਬ ਦਾ ਨਾਮ ਧਿਆਉਣ ਲੱਗਾ ਤੇ ਉਹਦਾ ਪਹੁ ਫੁਟਾਲਾ, ਦਾਤਣ, ਇਸ਼ਨਾਨ ਤੇ ਨਾਮ ਧਿਆਉਣ ਆਦਿ ਦੀਆਂ ਮਾਨਤਾਵਾਂ ਆਰਥਕਤਾ ਸਾਹਮਣੇ ਦੂਜੈਲੀਆਂ ਹੋ ਗਈਆਂ। ਹਰ ਕੰਮ ਵਿਚ ਤੇਜ਼ੀ ਉਹਦਾ ਸੁਭਾਅ ਬਣਨ ਲੱਗਾ। ਪਹਿਲਿਆਂ ਪੂਰਾਂ ਦੇ ਪੰਜਾਬੀਆਂ ਕੋਲੋਂ ਆਪਣੇ ਬੱਚਿਆਂ ਵੱਲ ਵੀ ਯੋਗ ਧਿਆਨ ਨਾ ਦਿਤਾ ਜਾ ਸਕਿਆ।

(ਅ) ਬਿਜਲੌਨਿਕ ਮੀਡੀਏ ਦੀਆਂ ਲੱਭਤਾਂ ਕਾਰਨ ਅਤੇ ਸਮੇਂ ਦੀ ਘਾਟ ਕਾਰਨ ਉਹ ਟੇਪਾਂ ਉਤੋਂ ਹੀ ਪਾਠ ਸੁਣਨ ਲੱਗਾ। ਗੁਟਕਾ ਖਰੀਦਣ ਜਾਂ ਗੁਰਦੁਆਰੇ ਮੰਦਰ ਜਾਣ ਦੀ ਲੋੜ ਹੀ ਨਾ ਰਹੀ। ਇਸ ਦੇ ਨਾਲ ਹੀ ਨਵੀਆਂ ਵਿਗਿਆਨਕ ਲੱਭਤਾਂ ਨੇ ਜਿੱਥੇ ਉਹਨੂੰ ਆਪਣੇ ਪਰਿਵਾਰ ਨੂੰ ਨਿਯੋਜਿਤ ਰੱਖਣ ਦੇ ਯੋਗ ਬਣਾਇਆ ਉਥੇ ਉਹਦੇ ਬੱਚਿਆਂ ਨੂੰ ਸੈਕਸ ਦੀ ਖੁੱਲ੍ਹ ਨੂੰ ਮਾਨਣ ਦੀ ਜਾਚ ਵੀ ਦੱਸੀ ਪਰੰਤੂ ਇਸ ਨੇ ਉਹਦੇ ਸਭਿਆਚਾਰਕ ਪ੍ਰਤੀਮਾਨਾਂ ਤੇ ਵੀ ਡੂੰਘੀ ਸੱਟ ਮਾਰੀ — ਵਿਸ਼ੇਸ਼ ਕਰਕੇ ਲੜਕੀਆਂ ਦੇ ਸੰਬੰਧ ਵਿਚ। ਪੰਜਾਬੀ ਸਭਿਆਚਾਰ ਨੇ, ਜਿਹੜੇ ਸੈਕਸ ਦੀ ਪਵਿੱਤਰਤਾ ਦੇ ਸਾਰੇ ਮੁੱਲ ਔਰਤ ਨਾਲ ਨੱਥੀ ਕੀਤੇ ਹੋਏ ਸਨ, ਬੁਰੀ ਤਰ੍ਹਾਂ ਟੁੱਟੇ ਅਤੇ ਪੰਜਾਬੀ ਜ਼ਿੰਦਗੀ ਦੀ ਤ੍ਰਾਸਦੀ ਦਾ ਕਾਰਨ ਬਣੇ।

(ੲ) ਪਦਾਰਥਕ ਵਿਕਾਸ ਨੇ ਵਿਕਸਿਤ ਚੇਤਨਾ ਨੂੰ ਵੀ ਜਨਮ ਦਿਤਾ, ਤੇ ਬਹੁਤ ਸਾਰਾ ਅਸਰ ਮੁੱਖ ਧਾਰਾ ਦੇ ਸਭਿਆਚਾਰ ਦਾ ਪਿਆ। ਸਿੱਟੇ ਵਜੋਂ ਪੰਜਾਬੀ ਜਵਾਨੀ ਵਿਅਕਤੀ ਆਜ਼ਾਦੀ ਦੀ ਭਾਲ ਵਿਚ ਮਾਪਿਆਂ ਤੋਂ ਬਾਗ਼ੀ ਹੋਈ ਬੇਸ਼ਕ ਇਹ ਗੱਲ ਬਹੁਤ ਪਿਛੋਂ ਸਮਝੀ ਗਈ ਕਿ ਇਹ ਵਿਅਕਤੀ ਅਜ਼ਾਦੀ ਨਾਲੋਂ ਕਿਤੇ ਵੱਧ ਵਿਅਕਤੀਵਾਦ ਸੀ। ਪਰੰਤੂ ਇਸ ਦੇ ਨਾਲ ਹੀ ਅਵੇਰ ਸਵੇਰ ਮਾਪਿਆਂ ਦੀ ਸੋਚ ਵੀ ਬਦਲੀ ਅਤੇ ਉਹ ਔਲਾਦ ਦੀਆਂ ਸੋਚਾਂ ਦਾ ਸਮਰਥਨ ਕਰਨ ਲੱਗੇ। ਸ਼ੁਰੂ ਵਿਚ ਅਜਿਹੀ ਗਿਣਤੀ ਘੱਟ ਸੀ, ਪਰ ਹੁਣ ਕਈ ਤ੍ਰਾਸਦੀਆਂ ਵਾਪਰਨ ਪਿਛੋਂ ਅਜਿਹੇ ਲੋਕਾਂ ਦੀ ਗਿਣਤੀ ਕਾਫ਼ੀ ਵਧ ਗਈ ਹੈ।

(ਸ) ਪੂੰਜੀਵਾਦੀ ਖ਼ਪਤ ਵਸਤਾਂ ਦੀ ਬਹੁਲਤਾ, ਸੁੱਖ ਸੁਵਿਧਾਵਾਂ ਅਤੇ ਪੈਸਾ ਬਿਰਤੀ ਨੇ ਸਭਿਆਚਾਰਕ ਪ੍ਰਤੀਮਾਨਾਂ ਨੂੰ ਬਹੁਤ ਜ਼ਿਆਦਾ ਬਦਲਿਆ ਹੈ। ਹਾਲਾਂਕਿ ਇਹ ਸਭ ਕੁਝ ਹੁਣ ਤਾਂ ਭਾਰਤ ਦੇ ਮਹਾਨਗਰਾਂ ਦਾ ਵੀ ਸੱਚ ਹੈ। ਪਰ ਪੱਛਮੀ ਮੁਲਕਾਂ ਵਿਚ ਇਹ ਵਰਤਾਰਾ ਸੱਠਵਿਆਂ ਸੱਤਰ੍ਹਵਿਆਂ ਵਿਚ ਵਾਪਰਿਆ। ਸਮਾਜ ਦੇ ਅਨੇਕਾਂ ਟੈਬੂ, ਬੰਦਸ਼ਾਂ, ਜ਼ਾਤ ਗੋਤ ਦੀਆਂ ਮਨੌਤਾਂ ਤੇ ਪ੍ਰਭਾਵ ਪੈਣੇ ਸ਼ੁਰੂ ਹੋਏ।

ਜੇਕਰ ਵਰਤਮਾਨ ਸੰਦਰਭਾਂ ਵਿਚ ਗੱਲ ਕਰਨੀ ਹੋਵੇ ਤਾਂ ਅਜੋਕੇ ਪਰਵਾਸੀ ਪੰਜਾਬੀ ਨੂੰ ਆਪਣੇ ਸਭਿਆਚਾਰ ਨਾਲ ਜੁੜਨ ਅਤੇ ਅਜੁੜਨ ਦੀ ਸਥਿਤੀ ਵਿਚ

ਵੇਖਿਆ ਜਾ ਸਕਦਾ ਹੈ। ਉਹ ਆਪਣੇ ਰਵਾਇਤੀ ਸਭਿਆਚਾਰ ਨਾਲ ਜੁੜਿਆ ਵੀ ਨਹੀਂ ਰਹਿ ਸਕਦਾ ਤੇ ਬਿਲਕੁਲ ਹੀ ਟੁੱਟ ਵੀ ਨਹੀਂ ਸਕਦਾ। ਉਹ ਪੱਛਮੀ ਸਭਿਆਚਾਰਾਂ ਦੇ ਅਸਰ ਕਬੂਲਦਾ ਹੋਇਆ ਉਹਨਾਂ ਨੂੰ ਪੂਰਨ ਤੌਰ ਤੇ ਆਤਮਸਾਤ ਵੀ ਨਹੀਂ ਕਰ ਸਕਦਾ ਅਤੇ ਉਹਨਾਂ ਤੋਂ ਬਿਲਕੁਲ ਹੀ ਟੁੱਟ ਵੀ ਨਹੀਂ ਸਕਦਾ। ਇਹੋ ਹੀ ਉਹਦੇ ਜੁੜਨ ਅਜੁੜਨ ਦੀ ਸਥਿਤੀ ਹੈ, ਤੇ ਇਹ ਮੂਲ ਰੂਪ ਵਿਚ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਦਾ ਸੱਚ ਹੈ। ਪਰੰਤੂ ਦੂਜੀ ਪੀੜ੍ਹੀ ਕੋਲ ਆਪਣੇ ਧਰਮ ਜਾਂ ਮਜ਼ਹਬ ਦੇ ਸਦਮਾ ਜੀਰਕ (Shock Absorbers) ਵੀ ਨਹੀਂ ਹਨ ਕਿ ਉਹ ਮੌਕਾ ਪੈਣ ਤੇ ਏਧਰ ਪਰਤ ਸਕੇ। ਉਹ ਕਿਸੇ ਹੋਰ ਦੇਸ਼ ਨੂੰ ਵੀ ਨਹੀਂ ਜਾਣਦੇ ਜਿਹੜਾ ਉਹਨਾਂ ਦਾ ਆਪਣਾ ਹੋਵੇ। ਅੰਗਰੇਜ਼ੀ ਉਹਨਾਂ ਦੀ ਪਹਿਲੀ ਭਾਸ਼ਾ ਹੈ ਅਤੇ ਪੰਜਾਬੀ ਦੂਜੀ। ਉਹ ਮੁੱਖ ਧਾਰਾ ਦੇ ਮਰਕਜ਼ੀ ਮਨੁੱਖ ਬਣਨ ਦੀ ਪ੍ਰਕਿਰਿਆ ਵਿਚ ਹੀ ਨਸਲਵਾਦ ਨੂੰ ਭੋਗਦੇ ਹੋਏ ਓਪਰੇਪਨ ਦਾ ਸ਼ਿਕਾਰ ਹੋ ਕੇ ਕਦੇ ਸੀਮਾਵਰਤਣ ਦੀ ਅਵਸਥਾ ਨੂੰ ਪਹੁੰਚਦੇ ਹਨ ਅਤੇ ਕਦੇ ਲੜਾਈ ਲੜਕੇ ਆਪਣੇ ਹੱਕਾਂ ਨੂੰ ਬਹਾਲ ਕਰਦੇ ਹਨ।

ਪਰ ਹਰ ਹਾਲਤ ਵਿਚ ਇਕ ਗੱਲ ਨਿਸ਼ਚਿਤ ਹੈ ਕਿ ਅਜੋਕਾ ਪਰਵਾਸੀ ਪੰਜਾਬੀ ਕੇਵਲ ਪਰਵਾਸੀ ਨਾ ਰਹਿ ਕੇ ਅਬਾਦਕਾਰ ਬਣ ਚੁੱਕਿਆ ਹੈ। ਉਹਨੇ ਕਦੇ ਵੀ ਵਾਪਸ ਨਹੀਂ ਆਉਣਾ ਪਰ ਵਾਪਸੀ ਦੇ ਸਫ਼ਰ ਦੀ ਖ਼ਾਹਿਸ਼ ਘੱਟ ਵੱਧ ਮਾਤਰਾ ਵਿਚ ਸਦਾ ਰਹਿਣੀ ਹੈ। ਹੁਣ ਉਹ ਉਥੋਂ ਦਾ ਵਾਸੀ ਹੈ। ਸਿਰਫ਼ ਇਹੋ ਹੀ ਨਹੀਂ ਬਲਕਿ ਬਹੁਤ ਵਾਰੀ ਅਜਨਬੀਕ੍ਰਿਤ ਹੋਇਆ ਪਰਵਾਸੀ ਪੰਜਾਬੀ ਆਪਣੇ ਖੋਲ ਵਿਚ ਪਨਾਹ ਵੀ ਭਾਲਦਾ ਹੈ ਬਲਕਿ ਸੁੰਗੜਦਾ ਹੈ, ਤੇ ਇਹੋ ਹੀ ਸੁੰਗੇੜ ਉਹਦੇ ਝੁਹੇਰਵੇ (Nostalgia) ਦਾ ਕਾਰਨ ਵੀ ਬਣਦਾ ਹੈ। ਪਹਿਲੀ ਪੀੜ੍ਹੀ ਦੇ ਪਰਵਾਸੀ ਪੰਜਾਬੀ ਦੀ ਇਹ ਸਥਿਤੀ ਘਟਦੀ ਵਧਦੀ ਰਹਿੰਦੀ ਹੈ। ਉਹਦਾ ਗੁਰਦੁਆਰੇ, ਮੰਦਰ ਤੇ ਮਸਜਿਦ ਲਈ ਮੋਹ ਵੀ ਵਧਦਾ ਹੈ, ਤੇ ਉਹ ਪਦਾਰਥਕ ਸੁਵਿਧਾਵਾਂ ਦੀ ਪ੍ਰਾਪਤੀ ਦੇ ਅਨੁਸਾਰ ਆਪਣੇ ਧਾਰਮਿਕ ਅਕੀਦਿਆਂ ਨੂੰ ਸਿਰਫ਼ ਇਕ ਹੱਦ ਤੱਕ ਹੀ ਬਦਲਦਾ ਹੈ। ਦਰਅਸਲ ਆਤਮਿਕ ਸਭਿਆਚਾਰ ਮਨੁੱਖੀ ਮਨ, ਲਹੂ, ਹੱਡੀਆਂ ਅਤੇ ਅਚੇਤ ਵਿਚ ਏਨਾ ਡੂੰਘਾ ਧਸਿਆ ਹੋਇਆ ਹੁੰਦਾ ਹੈ ਕਿ ਉਹ ਸਾਰੇ ਦਾ ਸਾਰਾ ਕਦੇ ਵੀ ਬਦਲ ਨਹੀਂ ਸਕਦਾ। ਪਹਿਲੀ ਪੀੜ੍ਹੀ ਦਾ ਇਹੋ ਹੀ ਸੱਚ ਹੈ। ਇਹੋ ਕਾਰਨ ਹੈ ਕਿ ਪੰਜਾਬੀਆਂ ਨੇ ਆਪਣੇ ਪਰਵਾਸ ਦੇ ਦੇਸ਼ਾਂ ਵਿਚ ਅਨੇਕਾਂ ਗੁਰਦੁਆਰੇ, ਮੰਦਰ ਤੇ ਮਸੀਤਾਂ ਬਣਾਈਆਂ ਹੋਈਆਂ ਹਨ। ਵਸਾਖੀਆਂ, ਦਿਵਾਲੀਆਂ, ਈਦਾਂ ਅਤੇ ਹੋਰ ਤਿਉਹਾਰ ਉਥੇ ਉਵੇਂ ਹੀ ਮਨਾਏ ਜਾਂਦੇ ਹਨ ਜਿਵੇਂ ਪੰਜਾਬ ਵਿਚ। ਇਸ ਤੋਂ ਬਿਨਾਂ ਗੁਰੂ ਸਾਹਿਬਾਨ ਦੇ ਜਨਮ ਦਿਨ, ਅਖੰਡ ਪਾਠ, ਖੁੱਲ੍ਹੇ ਪਾਠ, ਪੱਗਾਂ ਦੇ ਮੋਰਚੇ, ਨਾਮਕਰਣ, ਪੱਗ ਬੰਨ੍ਹਣੀ ਤੇ ਹੋਰ ਰਸਮਾਂ ਲਈ ਇਹਨਾਂ ਧਾਰਮਿਕ ਸਥਾਨਾਂ ਵਿਚ ਪੂਰਾ ਜੁਗਾੜ ਹੈ।

ਜੇ ਪਦਾਰਥਕ ਸਭਿਆਚਾਰ ਨੂੰ ਹੀ ਲਿਆ ਜਾਏ ਤਾਂ ਵੇਖਿਆ ਜਾ ਸਕਦਾ ਹੈ ਕਿ

ਇੰਗਲੈਂਡ ਦਾ ਪੰਜਾਬੀ ਫੈਕਟਰੀਆਂ, ਸਟੋਰਾਂ, ਦੁਕਾਨਾਂ, ਵੇਅਰ ਹਾਊਸਾਂ ਦਾ ਮਾਲਕ ਹੈ। ਕਿਸੇ ਹੱਦ ਤੱਕ ਉਹਨੇ ਆਪਣੇ ਰਵਾਇਤੀ ਧਾਰਮਿਕ ਅਕੀਦੇ ਵੀ ਬਹਾਲ ਕਰ ਲਏ ਹਨ ਪਰੰਤੂ ਆਪਣੇ ਵਿਕਸਿਤ ਰੂਪ ਵਿਚ। ਵਿਆਹ ਸ਼ਾਦੀਆਂ, ਰੌਣਕ ਮੇਲਾ, ਜਾਂਜੀ ਮਾਂਜੀ, ਮਹਿਫ਼ਲਾਂ, ਸ਼ਰਾਬ, ਮੁਰਗੇ ਮੱਛੀਆਂ, ਗੌਣ ਵਜਾਉਣ, ਭੰਗੜੇ ਗਿੱਧੇ, ਬੋਲੀਆਂ, ਗਰੁੱਪ ਗੀਤ. ਪੌਪ ਗਰੁੱਪ ਆਦਿ ਸਭ ਕੁਝ ਆਪਣੇ ਵਿਕਸਿਤ ਰੂਪ ਵਿਚ ਮੌਜੂਦ ਹੈ। ਨਾ ਇਹ ਕੁਝ ਸਾਰੇ ਦਾ ਸਾਰਾ ਹੁਣ ਪੰਜਾਬੀ ਹੈ ਅਤੇ ਨਾ ਹੀ ਪੱਛਮੀ ਬਲਕਿ ਇੰਡੋਯੂਰਪੀਅਨ ਕਿਸਮ ਦਾ ਹੈ। ਦੂਜੀ ਪੀੜ੍ਹੀ ਦੇ ਮੁੰਡੇ ਕੁੜੀਆਂ ਅਜਿਹੇ ਮਿਸ਼ਰਣ ਦੇ ਨਿਰਮਾਤਾ ਹਨ, ਨਿਰਦੇਸ਼ਕ ਵੀ ਅਤੇ ਦਰਸ਼ਕ ਸਰੋਤਾ ਵੀ। ਪੰਜਾਬੀ ਸਭਿਆਚਾਰ ਉਹਨਾਂ ਦੇ ਵੀ ਲਹੂ ਵਿਚ ਹੈ। ਪਰ ਸ਼ਾਇਦ ਉਹ ਇਸ ਦਾ ਏਨਾ ਅਸਰ ਨਾ ਕਬੂਲਦੇ ਜੇਕਰ ਮੁੱਖ ਧਾਰਾ ਦਾ ਸਮਾਜ ਉਹਨਾਂ ਨੂੰ ਖੁੱਲ੍ਹ ਕੇ ਅਤੇ ਖਿੜੇ ਮੱਥੇ ਸਵੀਕਾਰ ਕਰ ਲੈਂਦਾ।

ਇਸ ਮੁਕਾਮ ਤੇ ਸਾਨੂੰ ਆਤਮਕ ਸਭਿਆਚਾਰ ਨੂੰ ਵਧੇਰੇ ਸਪਸ਼ਟਤਾ ਨਾਲ ਸਮਝ ਲੈਣਾ ਚਾਹੀਦਾ ਹੈ। ਸਭਿਆਚਾਰ ਦੇ ਆਤਮਕ ਪੱਖ ਦੀਆਂ ਵੀ ਅਗੋਂ ਦੋ ਧਰਾਤਲਾਂ ਹਨ: ਇਕ, ਲਿਖਿਤ ਅਤੇ ਦੂਜਾ, ਮੌਖਿਕ। ਅਗਲੀ ਗੱਲ ਇਹ ਵੀ ਹੈ ਕਿ ਸਭਿਆਚਾਰਕ ਚਿਹਨ ਹਮੇਸ਼ਾਂ ਹੀ ਚਿਰਜੀਵੀ, ਵਧੇਰੇ ਅਰਥਵਾਨ ਤੇ ਬਲਵਾਨ ਹੁੰਦਾ ਹੈ। ਪਰੰਤੂ ਕਿਸੇ ਸਭਿਆਚਾਰ ਨੂੰ ਪੇਸ਼ ਕਰਨ ਅਤੇ ਵਿਕਸਿਤ ਕਰਨ ਵਾਲੀ ਭਾਸ਼ਾ ਦੀ ਅਣਹੋਂਦ ਵਿਚ ਇਸ ਦੀ ਲੰਮੀ ਲਗਾਤਾਰਤਾ ਦੀ ਸੰਭਾਵਨਾ ਉਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਇਸੇ ਲਈ ਉਪਰ ਅਸਾਂ ਆਤਮਕ ਸਭਿਆਚਾਰ ਦੇ ਲਿਖਿਤ ਅਤੇ ਮੌਖ਼ਿਕ ਰੂਪ ਦੀ ਗੱਲ ਕੀਤੀ ਹੈ। ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੇ ਆਪਣੇ ਸਭਿਆਚਾਰ ਨੂੰ ਲਿਖਿਤ ਅਤੇ ਮੌਖਿਕ, ਦੋਹਾਂ ਪੱਧਰਾਂ ਤੇ ਨਾ ਸਿਰਫ਼ ਸਾਂਭਿਆ, ਗਤੀਸ਼ੀਲ ਅਤੇ ਵਿਕਸਿਤ ਕੀਤਾ ਬਲਕਿ ਇਸ ਸੰਬੰਧ ਵਿਚ ਪੰਜਾਬੀ ਸਾਹਿਤ ਦੀ ਰਚਨਾ ਵੀ ਕੀਤੀ। ਇੰਗਲੈਂਡ ਵਿਚ ਅਨੇਕਾਂ ਹੀ ਪੌਪ ਗਰੁੱਪ ਹਨ ਅਤੇ ਉਹਨਾਂ ਦੇ ਗੀਤਾਂ ਦੀ ਚਰਚਾ ਅੱਜ ਹਰ ਥਾਂ ਹੈ, ਦੁਨੀਆਂ ਦੇ ਹਰੇਕ ਹਿੱਸੇ ਵਿਚ ਜਿੱਥੇ ਵੀ ਪੰਜਾਬੀ ਵੱਸੇ ਹੋਏ ਹਨ। ਪਰ ਇਹਨਾਂ ਗੀਤਾਂ ਨੂੰ ਲਿਖਣ ਅਤੇ ਗੌਣ ਵਾਲੇ ਲੋਕ ਵੀ ਪਹਿਲੀ ਪੀੜ੍ਹੀ ਦੇ ਹੀ ਹਨ। ਜਿਹੜੀ ਦੂਜੀ ਪੀੜ੍ਹੀ ਨੇ ਇਹਨਾਂ ਨੂੰ ਗਾਇਆ ਤੇ ਸੁਰਾਂ ਵਿਚ ਬੰਨ੍ਹਿਆ ਹੈ ਉਹਨਾਂ ਉਤੇ ਵੀ ਪੰਜਾਬ ਸਭਿਆਚਾਰ ਦਾ ਅਸਰ ਹੈ। ਉਹ ਪੰਜਾਬ ਵਿਚੋਂ ਇਕ ਖ਼ਾਸ ਉਮਰ ਭੋਗ ਕੇ ਹੀ ਬ੍ਰਤਾਨੀਆਂ ਗਏ ਸਨ। ਇਸੇ ਤਰ੍ਹਾਂ ਪਰਵਾਸੀ ਪੰਜਾਬੀ ਲੇਖਕਾਂ ਨੇ ਕਵਿਤਾ, ਕਹਾਣੀ, ਨਾਵਲ ਤੇ ਲੇਖ ਲਿਖੇ, ਕਿਤਾਬਾਂ ਛਾਪੀਆਂ, ਅਖ਼ਬਾਰਾਂ ਤੇ ਰਸਾਲੇ ਕੱਢੇ, ਸੈਮੀਨਾਰ ਤੇ ਗੋਸ਼ਟੀਆਂ ਕਰਵਾਈਆਂ, ਵਿਸ਼ਵ ਸੰਮੇਲਣ ਕੀਤੇ, ਪਰ ਆਤਮਕ ਸਭਿਆਚਾਰ ਦਾ ਇਹ ਲਿਖਿਤ ਰੂਪ ਪਹਿਲੀ ਪੀੜ੍ਹੀ ਦੇ ਨਾਲ ਹੀ ਖ਼ਤਮ ਹੋ ਜਾਣ ਦੀ ਸੰਭਾਵਨਾ ਹੈ।

ਦੂਜੀ ਪੀੜ੍ਹੀ ਕੋਲ ਪੰਜਾਬੀ ਸਭਿਆਚਾਰ ਤਾਂ ਹੈ, ਭਾਵੇਂ ਆਪਣੇ ਵਿਕਸਿਤ ਜਾਂ

ਬਦਲਵੇਂ ਰੂਪ ਵਿਚ ਹੀ, ਪਰ ਉਹ ਇਸ ਦੇ ਆਤਮਕ ਪੱਖ ਦੇ ਲਿਖਿਤ ਰੂਪ ਨੂੰ ਜਾਰੀ ਰੱਖ ਸਕਣਗੇ — ਅਜਿਹੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਉਹ ਪੰਜਾਬੀ ਭਾਸ਼ਾ ਬੋਲ ਸਮਝ ਤਾਂ ਲੈਂਦੇ ਹਨ ਪਰ ਇਸ ਨੂੰ ਇਸ ਦੀ ਲਿੱਪੀ ਵਿਚ ਲਿਖ ਪੜ੍ਹ ਨਹੀਂ ਸਕਦੇ। ਜੇ ਕੁਝ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਤੇ ਲਿੱਪੀ ਦੀ ਸਿਖਲਾਈ ਦਿਤੀ ਵੀ ਗਈ ਹੈ ਤਾਂ ਏਨੀ ਨਹੀਂ ਕਿ ਉਹ ਪਹਿਲੀ ਪੀੜ੍ਹੀ ਦੀਆਂ ਲਿਖਤਾਂ ਨੂੰ ਪੜ੍ਹ ਤੇ ਸਮਝ ਸਕਣ। ਉਂਜ ਵੀ ਪੰਜਾਬੀ ਭਾਸ਼ਾ ਜਾਂ ਦੂਜੀਆਂ ਭਾਸ਼ਾਵਾਂ ਜਿਵੇਂ ਹਿੰਦੀ, ਉਰਦੂ ਤੇ ਗੁਜਰਾਤੀ ਆਦਿ ਉਹਨਾਂ ਦੇ ਪਦਾਰਥਕ ਸਭਿਆਚਾਰ ਦੀਆਂ ਆਰਥਕ ਜ਼ਰੂਰਤਾਂ ਤੋਂ ਬਾਹਰ ਹਨ, ਇਸ ਲਈ ਉਹਨਾਂ ਦੀ ਅਜੋਕੀ ਤੇ ਭਵਿੱਖਮੁਖੀ ਲੋੜ ਪੱਛਮੀ ਭਾਸ਼ਾਵਾਂ ਸਿੱਖਣ ਦੀ ਹੈ। ਸਿੱਟੇ ਵਜੋਂ ਪੰਜਾਬੀ ਭਾਸ਼ਾ ਉਹਨਾਂ ਦੀ ਸਿਰਫ ਮੌਖਿਕ ਪ੍ਰਾਪਤੀ ਤੱਕ ਹੀ ਸੀਮਤ ਹੈ। ਪਹਿਲੀ ਪੀੜ੍ਹੀ ਦੇ ਸੀਨ ਤੋਂ ਅਲੋਪ ਹੋਣ ਨਾਲ ਪੰਜਾਬੀ ਸਭਿਆਚਾਰ ਦੇ, ਅਜੇ ਕੁਝ ਸਮਾਂ ਹੋਰ ਜਿਊਂਦੇ ਰਹਿਣ ਦੇ ਆਸਾਰ ਤਾਂ ਭਾਵੇਂ ਬਣੇ ਰਹਿਣਗੇ, ਪਰ ਭਾਸ਼ਾ ਦੀ ਅਣਹੋਂਦ ਵਿਚ ਇਸ ਦੀ ਅਬਾਧ ਲਗਾਤਾਰਤਾ, ਵਿਕਾਸ ਅਤੇ ਭਵਿੱਖਮੁਖੀ ਗਤੀ ਦੀ ਸੰਭਾਵਨਾ ਨੂੰ ਅੱਜ ਵੀ ਵੇਖਿਆ ਜਾ ਸਕਦਾ ਹੈ। ਹਾਂ, ਇਕ ਗੱਲ ਦੀ ਆਸ ਜ਼ਰੂਰ ਬੱਝਦੀ ਹੈ ਕਿ ਦੂਜੀ ਪੀੜ੍ਹੀ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਕੁਝ ਕੰਮ ਜ਼ਰੂਰ ਕਰੇਗੀ ਪਰ ਅੰਗਰੇਜ਼ੀ ਜਾਂ ਦੂਜੀਆਂ ਯੂਰਪੀਨ ਭਾਸ਼ਾਵਾਂ ਵਿਚ।

ਪੰਜਾਬੀ ਸਭਿਆਚਾਰ ਅਤੇ ਭਾਸ਼ਾ ਦੀ ਲਗਾਤਾਰਤਾ, ਗਤੀ ਦੀ ਸੰਭਾਵਨਾ ਬਣੀ ਰਹਿ ਸਕਦੀ ਸੀ ਜੇਕਰ ਪਰਵਾਸੀ ਕਾਨੂੰਨਾਂ ਵਿਚ ਸਖ਼ਤੀ ਨਾ ਕੀਤੀ ਜਾਂਦੀ ਅਰਥਾਤ ਮੰਗੇਤਰ ਮੁੰਡੇ ਤੇ ਮੰਗੇਤਰ ਕੁੜੀਆਂ ਦਾ ਪੱਛਮੀ ਦੇਸ਼ਾਂ ਵਿਚ ਦਾਖਲਾ ਬੰਦ ਨਾ ਹੁੰਦਾ। ਪਰੰਤੂ ਸਥਿਤੀ ਅਜਿਹੀ ਨਹੀਂ ਹੈ ਬਲਕਿ ਇਸ ਦੇ ਉਲਟ ਹੈ। ਇਸ ਲਈ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਅਰੋਕ ਲਗਾਤਾਰਤਾ ਬਾਰੇ ਭਰਾਂਤੀਆਂ ਨਹੀਂ ਫੈਲਾਈਆਂ ਜਾਣੀਆਂ ਚਾਹੀਦੀਆਂ।

ਜੇ ਪੰਜਾਬੀ ਸਭਿਆਚਾਰ ਦੇ ਇਕ ਹੋਰ ਤਾਕਤਵਰ ਪੱਖ ਯਾਨਿ ਖ਼ੁਰਾਕ ਅਤੇ ਪਹਿਰਾਵੇ ਦੀ ਗੱਲ ਕੀਤੀ ਜਾਵੇ ਤਾਂ ਇਹ ਵੇਖਿਆ ਜਾ ਸਕਦਾ ਹੈ ਕਿ ਨਾ ਸਿਰਫ ਦੂਜੀ ਪੁਸ਼ਤ ਬਲਕਿ ਗੈਰ ਪੰਜਾਬੀ ਬਲਕਿ ਗ਼ੈਰ ਭਾਰਤੀ ਲੋਕ ਵੀ ਪੰਜਾਬੀ ਹੋਟਲਾਂ ਨੂੰ ਆਪਣੇ ਤਨ ਮਨ ਦਾ ਰੋਗ ਬਣਾਉਣੋਂ ਨਹੀਂ ਰਹਿ ਸਕੇ। ਬਲਕਿ ਵਧੀਆ ਪੰਜਾਬੀ ਹੋਟਲ ਚਲਦੇ ਹੀ ਯੂਰਪੀਨ ਲੋਕਾਂ ਦੇ ਆਸਰੇ ਹਨ। ਇਸ ਤਰ੍ਹਾਂ ਪੰਜਾਬੀ ਖ਼ੁਰਾਕ ਦਾ ਸੰਕਲਪ ਤਾਂ ਬਣਿਆ ਰਹੇਗਾ ਪਰੰਤੂ ਕੇਵਲ ਖ਼ੁਰਾਕ ਹੀ ਕਿਸੇ ਸਭਿਆਚਾਰ ਦਾ ਸਭ ਕੁਝ ਨਹੀਂ ਹੁੰਦਾ। ਦੂਜੇ ਪਾਸੇ ਪੰਜਾਬੀ ਪਹਿਰਾਵਾ ਵੀ ਆਪਣੇ ਰੂਪ ਨੂੰ ਬਦਲ ਰਿਹਾ ਹੈ, ਤੇ ਇੰਡੋ ਯੂਰਪੀਅਨ ਕਿਸਮ ਦੀਆਂ ਪੁਸ਼ਾਕਾਂ ਵਜੂਦ ਵਿਚ ਆ ਗਈਆਂ ਹਨ। ਇਸ ਤਰ੍ਹਾਂ ਇਹ ਪੱਖ ਵੀ ਇਕ ਅੰਸ਼ ਵਜੋਂ ਨਵੀਆਂ ਉਪਲਬਧੀਆਂ ਵਿਚ ਹਾਜ਼ਰ ਰਹੇਗਾ ਪਰ ਸਮਾਂ ਪਾ ਕੇ ਇਸ ਦਾ ਮੁੱਢ ਜ਼ਰੂਰ ਵਿਸਰ ਜਾਏਗਾ।

ਨਿਸ਼ਕਰਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਇੰਗਲੈਂਡ ਅਤੇ ਪੱਛਮੀ ਯੂਰਪ ਦੇ ਦੇਸ਼ਾਂ ਵਿਚ ਵੱਖ-ਵੱਖ ਸਭਿਆਚਾਰਾਂ ਦੇ ਮਿਲਾਪ ਜਾਂ ਸੁਮੇਲ ਵਿਚੋਂ 'ਕੁਝ ਨਵਾਂ' ਪੈਦਾ ਹੋਣ ਦੇ ਆਸਾਰ ਪ੍ਰਤੱਖ ਹਨ ਜਿਸ ਵਿਚ ਮੁੱਖ-ਧਾਰਾ ਦੇ ਸਭਿਆਚਾਰਾਂ ਦੀ ਧਿਰ ਭਾਰੀ ਰਹੇਗੀ, ਬੇਸ਼ਕ ਸਭਿਆਚਾਰਾਂ ਦੇ ਟਕਰਾਅ ਅਤੇ 'ਕੁਝ ਨਵੇਂ' ਦਾ ਇਤਿਹਾਸ ਲਿਖਣ ਵੇਲੇ ਪੰਜਾਬੀ ਸਭਿਆਚਾਰ ਦੀਆਂ ਦੇਣਾਂ ਦਾ ਵੀ ਜ਼ਿਕਰ ਜ਼ਰੂਰ ਆਉਂਦਾ ਰਹੇਗਾ ।

□

ਬਦੇਸ਼ਾਂ ਵਿਚ ਪੰਜਾਬੀ ਪੱਤਰਕਾਰੀ

ਸ਼ਬਦ ਸਭਿਆਚਾਰ ਅਤੇ ਪ੍ਰਵਚਨ-ਸਿਰਜਣ ਵਰਤਮਾਨ ਯੁੱਗ ਦਾ ਪ੍ਰਮੁੱਖ ਅਤੇ ਵਿਸ਼ੇਸ਼ ਲੱਛਣ ਹੈ। ਕਿਸੇ ਵੀ ਸਮਾਜਕ ਸਮੂਹ ਨੂੰ ਆਪਣੇ ਆਰਥਕ, ਸਿਆਸੀ, ਸਮਾਜਕ ਤੇ ਸਭਿਆਚਾਰਕ ਹਿੱਤਾਂ ਦੀ ਰਾਖੀ ਲਈ ਜਿਹੜਾ ਸੰਘਰਸ਼ ਕਰਨਾ ਪੈਂਦਾ ਹੈ, ਅੱਜ ਉਸ ਦਾ ਰੂਪ ਸ਼ਬਦ ਤੇ ਪ੍ਰਵਚਨ ਹੀ ਹੈ। ਸ਼ਬਦ, ਜ਼ਰੂਰੀ ਤੌਰ ਤੇ ਪਦਾਰਥਗਤ ਅਤੇ ਵਿਚਾਰਧਾਰਕ ਹੁੰਦੇ ਹਨ। ਅੱਜ ਲੜਾਈ, ਤੀਰਾਂ ਤੇ ਤਲਵਾਰਾਂ ਨਾਲ ਨਹੀਂ ਸ਼ਬਦਾਂ ਤੇ ਪ੍ਰਵਚਨਾਂ ਨਾਲ ਹੁੰਦੀ ਹੈ; ਤੇ ਇਸ ਲੜਾਈ ਵਿਚ ਵਿਰੋਧੀ ਸਮਾਜਕ ਹਿੱਤ ਸ਼ਬਦਾਂ ਦੇ ਅਰਥਾਂ ਨੂੰ ਹੈਰਾਨੀਜਨਕ ਵਿਸਥਾਰ ਦੇਂਦੇ ਹਨ। ਨਾ ਕੇਵਲ ਵਿਰੋਧੀ ਹਿੱਤਾਂ ਨਾਲ ਲੜਾਈ ਹੀ ਬਲਕਿ ਇਕ ਹੀ ਸਮੂਹ ਦੇ ਸਮਾਜਕ ਹਿੱਤ ਦਾ ਪ੍ਰਸਾਰ ਤੇ ਸੰਚਾਰ ਵੀ ਸ਼ਬਦਾਂ ਰਾਹੀਂ ਹੀ ਹੁੰਦਾ ਹੈ। ਇਸ ਲਈ ਵਰਤਮਾਨ ਯੁੱਗ ਵਿਚ ਸੰਚਾਰ-ਸਾਧਨਾਂ ਦੀ ਭੂਮਿਕਾ ਪਹਿਲਾਂ ਨਾਲੋਂ ਕਿਤੇ ਵਧੇਰੇ ਹੈ। ਸੁਣਨ ਅਤੇ ਵੇਖਣ ਯੋਗ ਸਾਧਨਾਂ ਦੀ ਭੂਮਿਕਾ ਸ਼ਾਇਦ ਪੜ੍ਹਨਯੋਗ ਸਾਧਨਾਂ ਨਾਲੋਂ ਵੀ ਵੱਧ ਤਾਕਤਵਰ ਹੈ, ਪਰੰਤੂ ਉਹਨਾਂ ਦੀ ਕੀਮਤ ਵੀ ਉਸੇ ਹੀ ਅਨੁਰੂਪ ਬਹੁਤ ਵੱਧ ਹੈ। ਫੇਰ ਬਿਜਲੌਨਿਕ ਮੀਡੀਏ ਤੋਂ ਦੂਜੇ ਨੰਬਰ ਤੇ ਲਿਖਿਤ-ਮੀਡੀਆ ਹੀ ਆਉਂਦਾ ਹੈ।

ਹੁਣ ਤਾਂ ਬ੍ਰਤਾਨੀਆ ਵਿਚ ਵੀ ਏਸ਼ੀਅਨ ਲੋਕਾਂ ਦੇ ਆਪਣੇ ਰੇਡੀਉ ਸਟੇਸ਼ਨ ਹਨ ਅਤੇ ਏਸ਼ੀਅਨ ਬਿਜਲੌਨਿਕ ਮੀਡੀਆ ਉਹਨਾਂ ਦੇ ਆਪਣੇ ਸਰੋਕਾਰਾਂ ਨੂੰ ਭਰਪੂਰ ਜ਼ੁਬਾਨ ਦੇਂਦਾ ਹੈ ਜਿਵੇਂ ਸਾਊਥਾਲ ਦੇ ਇਲਾਕੇ ਵਿਚ ਪਹਿਲਾਂ 'ਸੀਨਾ ਰੇਡੀਓ' ਅਤੇ ਹੁਣ 'ਸੱਨ-ਰਾਈਜ਼ ਰੇਡੀਓ' ਆਦਿ। ਇਹ ਤਾਂ ਖ਼ੈਰ ਪਿਛਲੇ ਸੱਤ-ਅੱਠ ਸਾਲਾਂ ਦੀ ਪ੍ਰਗਤੀ ਹੈ ਜਦੋਂ ਕਿ ਅਖਬਾਰਾਂ ਤੇ ਰਸਾਲਿਆਂ ਦਾ ਇਤਿਹਾਸ ਬੜਾ ਪੁਰਾਣਾ ਹੈ। 1960ਵਿਆਂ ਵਿਚ ਬ੍ਰਤਾਨੀਆ ਦਾ ਅੰਗਰੇਜ਼ੀ ਪ੍ਰੈੱਸ ਨਾ ਸਿਰਫ ਏਸ਼ੀਅਨ ਲੋਕਾਂ ਦੇ ਸਰੋਕਾਰਾਂ ਅਤੇ ਸਮੱਸਿਆਵਾਂ ਨੂੰ ਜ਼ੁਬਾਨ ਹੀ ਨਹੀਂ ਸੀ ਦੇਂਦਾ ਬਲਕਿ ਉਥੋਂ ਦੀ ਟਰੇਡ ਯੂਨੀਅਨ ਮੂਵਮੈਂਟ ਵੀ ਉਹਨਾਂ ਨੂੰ ਆਪਣੇ ਤੋਂ ਦੂਰ ਰਖਦੀ ਸੀ। ਏਸ਼ੀਅਨ ਲੋਕਾਂ ਦੀਆਂ ਕੰਮਾਂ, ਰਿਹਾਇਸ਼ਾਂ, ਮਨੋਰੰਜਨ ਅਤੇ ਸਭ ਤੋਂ ਵੱਧ ਨਸਲਵਾਦ ਦੀਆਂ ਅਜਿਹੀਆਂ ਸਮੱਸਿਆਵਾਂ ਸਨ ਜਿਨ੍ਹਾਂ ਵੱਲ ਨਾ ਕਿਸੇ ਸਰਕਾਰ ਦਾ, ਨਾ ਟਰੇਡ

ਯੂਨੀਅਨ ਦਾ ਅਤੇ ਨਾ ਹੀ ਸੰਚਾਰ-ਮੀਡੀਏ ਦਾ ਕਦੇ ਧਿਆਨ ਗਿਆ ਸੀ। ਇਸ ਲਈ ਆਪਣੇ ਲੋਕਾਂ ਨੂੰ ਸੰਗਠਿਤ, ਲਾਮਬੰਦ ਅਤੇ ਚੇਤਨ ਕਰਨ ਲਈ ਲਿਖਿਤ ਮੀਡੀਏ ਦੀ ਬਹੁਤ ਜ਼ਰੂਰਤ ਸੀ। ਇਸੇ ਮਕਸਦ ਦੀ ਪੂਰਤੀ ਲਈ ਸਭ ਤੋਂ ਪਹਿਲਾ ਸਪਤਾਹਿਕ ਪਰਚਾ 'ਏਕਤਾ' ਵਿਸ਼ਨੂੰ ਦੱਤ ਸ਼ਰਮਾ ਨੇ 26 ਜਨਵਰੀ, 1964 ਨੂੰ ਆਰੰਭ ਕੀਤਾ। ਪਰੰਤੂ 'ਉਸ ਸਮੇਂ ਪਰਚਾ ਕੱਢਣਾ ਕੋਈ ਸੌਖਾ ਕੰਮ ਨਹੀਂ ਸੀ। ਇਸ਼ਤਿਹਾਰਾਂ ਦੀ ਘਾਟ, ਪਰਚੇ ਦੀ ਛਪਾਈ, ਉਸ ਦੀ ਵੰਡ 'ਤੇ ਆਉਣ ਵਾਲੀ ਲਾਗਤ, ਪੰਜਾਬੀ ਟਾਈਪ ਦੀ ਕੰਪੋਜ਼ਿੰਗ ਦਾ ਪੁਰਾਣਾ ਅਤੇ ਸੁਸਤ ਤਰੀਕਾ ਅਤੇ ਲਿਖਾਰੀਆਂ ਦੀ ਕਮੀ ਆਦਿ ਅਨੇਕਾਂ ਅਜਿਹੀਆਂ ਸਮੱਸਿਆਵਾਂ ਸਨ, ਜਿਹਨਾਂ ਦਾ ਉਹ ਟਾਕਰਾ ਨਾ ਕਰ ਸਕੇ।'[1]

ਇਸ ਪਰਚੇ ਦੇ ਸੰਪਾਦਕੀ ਵਿਚਾਰ ਕੁਝ ਇਸ ਤਰ੍ਹਾਂ ਸਨ : 'ਏਕਤਾ ਆਪਣੀ ਵਿੱਤ ਅਨੁਸਾਰ ਸੋਸ਼ਲਿਸਟ ਵਿਚਾਰਾਂ, ਸੋਸ਼ਲਿਸਟ ਸਿਧਾਂਤ ਅਤੇ ਸੋਸ਼ਲਿਸਟ ਲਹਿਰ ਲਈ ਜਨਤਾ ਨੂੰ ਜਿੱਤਣ ਲਈ ਭਰਪੂਰ ਯਤਨ ਕਰੇਗਾ ਅਤੇ ਸੰਸਾਰ-ਵਿਆਪੀ ਸ਼ਾਂਤੀ, ਜਮਹੂਰੀਅਤ ਅਤੇ ਕੌਮੀ, ਨਸਲੀ ਬਰਾਬਰੀ ਲਈ ਲੜ ਰਹੀਆਂ ਲਹਿਰਾਂ ਵਿਚ ਆਪਣਾ ਭਾਗ ਪਾਵੇਗਾ।'[2]

ਇਸ ਪਰਚੇ ਦੇ ਛੇਤੀ ਹੀ ਬੰਦ ਹੋ ਜਾਣ ਦੇ ਕਾਰਨਾਂ ਵਿਚੋਂ ਕੁਝ ਅਹਿਮ ਕਾਰਨ ਇਹ ਸਨ : ਏਸ਼ੀਅਨ ਲੋਕ ਅਜੇ ਵਪਾਰਾਂ ਵਿਚ ਨਹੀਂ ਸਨ ਵੜੇ ਕਿ ਇਸ ਵਿਚ ਇਸ਼ਤਿਹਾਰ ਦੇ ਕੇ ਆਪਣੇ ਵਪਾਰਾਂ ਨੂੰ ਵਧਾਉਂਦੇ ਤੇ ਪ੍ਰਫੁੱਲਤ ਕਰਦੇ। ਦੂਜੇ, ਨਾ ਅਜੇ ਮੰਦਰ, ਗੁਰਦੁਆਰੇ, ਸਿਨਮੇ ਤੇ ਸੰਸਥਾਵਾਂ ਏਸ ਹੱਦ ਤੱਕ ਵਿਕਸਿਤ ਹੋਏ ਸਨ ਕਿ ਲੀਡਰ-ਟਾਈਪ ਲੋਕਾਂ ਨੂੰ ਆਪਣੀਆਂ ਲੀਡਰੀਆਂ ਤੇ ਚੌਧਰਾਂ ਚਮਕਾਉਣ ਲਈ ਇਸ ਤਰ੍ਹਾਂ ਦੇ ਪਰਚਿਆਂ ਦੀ ਲੋੜ ਪੈਂਦੀ। ਤੀਜੇ, ਲੋਕਾਂ ਨੂੰ ਸ਼ਾਇਦ ਅਜੇ ਆਪਣੇ ਦੇਸ਼, ਸ਼ਹਿਰ ਤੇ ਪਿੰਡ ਬਾਰੇ ਖ਼ਬਰਾਂ ਚਾਹੀਦੀਆਂ ਸਨ; ਉਹਨਾਂ ਨੂੰ ਹਲਕੇ-ਫੁਲਕੇ ਤੇ ਹਸੌਣੇ ਲੇਖ ਚਾਹੀਦੇ ਸਨ ਜਿਨ੍ਹਾਂ ਨੂੰ ਪੜ੍ਹ ਕੇ ਉਹ ਬ੍ਰਤਾਨੀਆਂ ਦੀ ਘੋਰ ਮੁਸ਼ੱਕਤ ਵਾਲੀ ਜ਼ਿੰਦਗੀ ਨੂੰ ਭੁੱਲ ਸਕਣ ਜਦੋਂ ਕਿ ਇਹ ਪਰਚਾ ਵਿਸ਼ੇਸ਼ ਵਿਚਾਰਧਾਰਾ ਦਾ ਹੋਣ ਕਰ ਕੇ ਗੰਭੀਰ ਅਤੇ ਉਕਤਾਊ ਸੀ।

ਇਸ ਤੋਂ ਪਿਛੋਂ 18 ਅਪ੍ਰੈਲ, 1965 ਨੂੰ ਈਸਟਹੈਮ, ਲੰਡਨ ਤੋਂ ਤਰਸੇਮ ਪੁਰੇਵਾਲ ਨੇ 'ਦੇਸ ਪ੍ਰਦੇਸ' ਨਾਮ ਦਾ ਵੀਕਲੀ ਪਰਚਾ ਸ਼ੁਰੂ ਕੀਤਾ, ਜੋ ਕਿ ਅੱਜ ਤੀਕਰ ਸਫਲਤਾ ਨਾਲ ਚੱਲ ਰਿਹਾ ਹੈ। ਪੁਰੇਵਾਲ ਨੇ 'ਏਕਤਾ' ਵਾਲਿਆਂ ਕੋਲੋਂ ਪੰਜਾਬ ਤੋਂ ਮੰਗਾਇਆ ਹੋਇਆ ਟਾਈਪ ਖਰੀਦ ਲਿਆ ਅਤੇ ਆਪਣੀਆਂ ਭੈਣਾਂ ਦੇ ਆਸਰੇ ਇਹ ਪਰਚਾ ਸ਼ੁਰੂ ਕਰ ਦਿਤਾ। 'ਤਰਸੇਮ ਹੁਰਾਂ ਇਸ ਪਰਚੇ ਦੀ ਸਫਲਤਾ ਲਈ ਸਾਹਿਤ ਤੇ ਸਿਆਸਤ ਤੋਂ ਲੈ ਕੇ ਸੈਕਸ ਤੇ ਸਕੈਂਡਲਾਂ ਦੀਆਂ ਸਨਸਨੀਖੇਜ਼ ਖ਼ਬਰਾਂ ਤੀਕ, ਸਭ ਦਾ ਪ੍ਰਯੋਗ ਕੀਤਾ।'[3] ਪਰ ਤਰਸੇਮ ਪੁਰੇਵਾਲ ਕੋਲ ਲਗਨ, ਸ਼ੌਕ, ਦ੍ਰਿੜ੍ਹ ਇਰਾਦੇ ਅਤੇ ਮਿਹਨਤ ਸ਼ਕਤੀ ਤੋਂ ਬਿਨਾਂ ਸੂਝਵਾਨ ਦਿਮਾਗ਼ ਵੀ ਸੀ, ਉਸ ਨੇ ਬਰਤਾਨੀਆਂ ਵਿਚ ਅੰਗਰੇਜ਼ ਲੋਕਾਂ ਵਿਚ ਲੱਖਾਂ ਦੀ ਗਿਣਤੀ ਵਿਚ ਪੜ੍ਹੇ ਜਾਂਦੇ

ਪਰਚਿਆਂ 'ਡੇਲੀ ਮਿਰਰ' ਅਤੇ 'ਸੱਨ' ਆਦਿ ਦੇ ਢੰਗ ਤੇ ਆਪਣੇ ਪਰਚੇ ਦੀ ਨੁਹਾਰ ਬਣਾਈ।...ਬਰਤਾਨੀਆਂ ਦੇ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ਵਿਚ 'ਦੇਸ ਪ੍ਰਦੇਸ' ਦਾ ਮਹੱਤਵਪੂਰਨ ਹਿੱਸਾ ਹੈ ਜਿਸ ਨੇ ਲੇਖਕਾਂ ਨੂੰ ਉਹ ਖੇਡ ਦਾ ਮੈਦਾਨ ਦਿਤਾ, ਜਿੱਥੇ ਉਹ ਆਪਣੀ ਪ੍ਰਤਿਭਾ ਦੀ ਪੂਰੀ ਪ੍ਰਦਰਸ਼ਨੀ ਕਰ ਸਕਣ ਤੇ ਵਿਗਸ ਸਕਣ।'[4]

ਐਮਰਜੈਂਸੀ ਦੇ ਵਿਰੁੱਧ ਹਿੰਦੁਸਤਾਨੀ ਕਾਂਗਰਸੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਇਹ ਪਰਚਾ ਖੁੱਲ੍ਹ ਕੇ ਲਿਖਦਾ ਰਿਹਾ।.. ਸੰਨ 1984 ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਭਾਰਤੀ ਫੌਜਾਂ ਦੇ ਦਾਖਲ ਹੋਣ ਪਿਛੋਂ ਇਸ ਪਰਚੇ ਦੀ ਸਿੱਖ-ਕਾਜ਼-ਸਮਰਥਕ ਨੀਤੀ ਨੇ ਇਸ ਨੂੰ ਇਕ ਧਿਰ ਵਿਚ ਲਿਆ ਖੜ੍ਹਾ ਕੀਤਾ ਹੈ। ਇਸ ਨਾਲ ਪਰਚੇ ਦੀ ਵਿਕਰੀ ਵਿਚ ਅਥਾਹ ਵਾਧਾ ਹੋਇਆ ਹੈ, ਅਤੇ ਇਸ ਦੀ ਆਮਦਨ ਵਿਚ ਵੀ। ਇਹ ਬਦੇਸ਼ਾਂ ਵਿਚ ਸਭ ਤੋਂ ਵੱਧ ਵਿਕਣ ਵਾਲਾ ਪੰਜਾਬੀ ਅਖਬਾਰ ਹੈ ਜਿਸ ਦੀ ਮੰਗ ਮੱਧ-ਪੂਰਬ, ਧੁਰ ਪੂਰਬ, ਅਤੇ ਯੂਰਪੀਅਨ ਦੇਸ਼ਾਂ ਤੋਂ ਲੈ ਕੇ ਕੈਨੇਡਾ, ਅਮਰੀਕਾ ਤੀਕਰ ਹੈ।[5]

ਅਕਤੂਬਰ 1965 ਵਿਚ ਹੀ ਲੰਡਨ ਦੇ ਪੱਛਮੀ ਇਲਾਕੇ ਭਾਵ ਈਲਿੰਗ ਤੋਂ ਇਕ 'ਦੀ ਪੰਜਾਬ' ਨਾਮ ਦਾ ਹਫ਼ਤੇਵਾਰੀ ਪਰਚਾ ਸ਼ੁਰੂ ਕੀਤਾ ਗਿਆ ਜਿਸ ਦੇ ਉਸ ਸਮੇਂ ਤਿੰਨ ਹਿੱਸੇਦਾਰ ਸਨ : ਗੁਰਨਾਮ ਸਿੰਘ ਸਾਹਨੀ, ਅਵਤਾਰ ਸਿੰਘ ਸੇਵਕ ਅਤੇ ਪ੍ਰੀਤਮ ਸਿੰਘ ਡੱਲੇਵਾਲਵੀ। ਪਰ ਛੇਤੀ ਹੀ ਇਹ ਪਰਚਾ ਗੁਰਨਾਮ ਸਿੰਘ ਸਾਹਨੀ ਦੇ ਕਬਜ਼ੇ ਵਿਚ ਆ ਗਿਆ ਅਤੇ ਇਸ ਦਾ ਨਾਮ ਬਦਲ ਕੇ 'ਪੰਜਾਬ ਟਾਈਮਜ਼' ਰੱਖ ਦਿਤਾ ਗਿਆ। ਜੇ ਇਕ ਪਾਸੇ ਦੇਸ ਪ੍ਰਦੇਸ ਨੇ ਸਨਸਨੀਖੇਜ਼ ਖਬਰਾਂ ਦੀ ਡੰਗੋਰੀ ਫੜੀ ਉਥੇ, ਦੂਜੇ ਪਾਸੇ ਇਸ ਪਰਚੇ ਨੇ ਸਿੱਖ ਧਰਮ ਦੀ। ਧਾਰਮਕ ਰੁਚੀਆਂ ਵਾਲੇ ਲੋਕਾਂ ਵਿਚ ਇਹ ਪਰਚਾ ਬੜੇ ਚਾਅ ਨਾਲ ਪੜ੍ਹਿਆ ਜਾਂਦਾ ਸੀ। ਪਰ 1984 ਤੋਂ ਬਾਅਦ ਪੰਜਾਬ ਦੇ ਹਾਲਾਤ ਨੇ 'ਦੇਸ ਪ੍ਰਦੇਸ' ਦੇ ਸਾਹਮਣੇ ਇਸ ਦੀ ਹੋਂਦ ਫਿੱਕੀ ਪਾ ਦਿਤੀ ਹੈ। ਭਾਵੇਂ ਇਸ ਵਿਚ ਵਧੀਆ ਸਾਮੱਗਰੀ ਅਤੇ ਖਬਰਾਂ ਦੀ ਘਾਟ ਨਹੀਂ ਹੁੰਦੀ ਪਰ ਸ਼ਾਇਦ ਪੰਜਾਬ ਦੀ ਵਰਤਮਾਨ ਸਿਆਸਤ ਦੀ ਵਾਗ-ਡੋਰ ਵਧੇਰੇ ਕਰ ਕੇ ਸਿੱਖ ਜੱਟਾਂ ਵਿਚ ਹੋਣ ਕਰ ਕੇ ਪੁਰੇਵਾਲ ਕੋਲ ਉਹਨਾਂ ਦੀਆਂ ਸਰਗਰਮੀਆਂ ਨੂੰ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਨ ਦਾ ਵੱਲ ਹੈ ਜੋ ਵਧੇਰੇ ਗਿਣਤੀ ਵਿਚ ਬ੍ਰਤਾਨੀਆਂ ਰਹਿੰਦੇ ਸਿੱਖ ਜੱਟਾਂ ਨੂੰ ਵਧੇਰੇ ਪੋਂਹਦਾ ਹੈ। 18 ਸਤੰਬਰ, 1991 ਨੂੰ 'ਪੰਜਾਬ ਟਾਈਮਜ਼' ਨਵੇਂ ਮਾਲਕਾਂ ਕੋਲ ਚਲਾ ਗਿਆ ਹੈ ਅਤੇ ਉਸ ਦਾ ਨਾਮ ਵੀ 'ਪੰਜਾਬ ਇੰਟਰਨੈਸ਼ਨਲ' ਹੋ ਗਿਆ ਹੈ।[6]

'ਪੰਦਰਵਾੜਾ ਸੂਰਜ' (ਸੰਪਾਦਕ : ਸਵਰਨ ਚੰਦਨ) ਦੇ 15 ਜੁਲਾਈ, 1987 ਦੇ ਅੰਕ ਵਿਚ ਵਲਾਇਤੀ ਪੰਜਾਬੀ ਪੱਤਰਕਾਰੀ ਉਤੇ ਇਕ ਵਿਸ਼ੇਸ਼ ਲੇਖ ਛਪਿਆ ਸੀ। ਸੰਪਾਦਕ ਤੇ ਮਾਲਕ ਸਵਰਨ ਚੰਦਨ ਦੁਆਰਾ ਲਿਖੇ ਇਸ ਲੇਖ ਦੇ ਕੁਝ ਅੰਸ਼ ਅਸੀਂ ਇੱਥੇ ਪ੍ਰਸਤੁਤ ਕਰਦੇ ਹਾਂ।

ਦੇਸ ਪ੍ਰਦੇਸ :

ਜੂਨ 1984 ਤੋਂ ਸ਼ੁਰੂ ਹੋ ਕੇ ਅੱਜ ਤੀਕ ਦੇਸ ਪ੍ਰਦੇਸ ਉਸੇ ਹੀ ਲੀਹ ਤੇ ਚੱਲ ਰਿਹਾ ਹੈ ਜਿਸ ਉਤੇ ਇਹ ਦਰਬਾਰ ਸਾਹਿਬ ਤੇ ਹੋਏ ਹਮਲੇ ਸਮੇਂ ਤੁਰਿਆ ਸੀ। ਕੁਝ ਲੋਕ ਕਹਿੰਦੇ ਸੁਣੇ ਗਏ ਹਨ ਕਿ ਹੁਣ ਇਹਨੇ ਆਪਣਾ ਰਾਹ ਬਦਲ ਲਿਆ ਹੈ। ਸ਼ਾਇਦ ਇਹ ਰਾਹ ਬਦਲ ਲੈਣ ਵਾਲੀ ਗੱਲ ਇਸ ਕਰ ਕੇ ਮਨ ਨੂੰ ਲਗਦੀ ਹੈ ਕਿ ਹੁਣ ਉਹ ਹਿੰਦੂ-ਸਿੱਖ ਫਸਾਦ ਕਰਾਉਣ, ਖੁੱਲ੍ਹੇ ਆਮ ਆਪਣੀ ਵਲੋਂ ਖਾਲਿਸਤਾਨ ਦਾ ਨਾਹਰਾ ਦੇਣ ਤੋਂ ਕੁਝ ਸੰਕੋਚ ਕਰਨ ਲਗ ਪਿਆ ਹੈ। ਪਰ ਖਬਰਾਂ ਦੇਣ ਲੱਗਿਆਂ ਉਹ ਹਾਲੇ ਵੀ ਅਜਿਹੀਆਂ ਖਬਰਾਂ ਨੂੰ ਹੀ ਮੁੱਖ ਸਥਾਨ ਦੇਂਦਾ ਹੈ ਜਿਹੜੀਆਂ ਉਪ੍ਰੋਕਤ ਗੱਲਾਂ ਨੂੰ ਬਲ ਬਖਸ਼ਦੀਆਂ ਹੋਣ। ਮਿਸਾਲ ਵਜੋਂ ਉਹਨੇ 19 ਜੂਨ ਦੇ ਨੰਬਰ 9:8 ਦੇ ਸਫ਼ਾ ਪੰਜ ਉਤੇ ਗੁਰਮੇਜ ਸਿੰਘ ਬੱਬਰ ਦੇ ਖਾਲਿਸਤਾਨ ਦੀ ਆਜ਼ਾਦੀ ਦੇ ਸੰਘਰਸ਼ ਬਾਰੇ ਲਿਖਦਿਆਂ ਆਪਣੀ ਭਾਸ਼ਾ ਵਿਚ ਇਉਂ ਕਿਹਾ ਹੈ : "...ਬੀਤੇ ਹਫ਼ਤੇ ਸਾਊਥਾਲ ਤੋਂ ਛਪਦੇ ਭਾਰਤ ਸਰਕਾਰ ਦੇ ਪਿੱਠੂ ਹਿੰਦੂ ਪਰਚੇ ਵਿਚ ਛਪੀ ਭੁਲੇਖਾ ਪਾਊ ਅਤੇ ਸਿੱਖ ਸੰਗਤ ਨੂੰ ਗੁਮਰਾਹ ਕਰਨ ਵਾਲੀ ਖਬਰ ਉਪਰ ਟਿੱਪਣੀ ਕਰਦਿਆਂ ਜੱਥੇਦਾਰ ਗੁਰਮੇਜ ਸਿੰਘ ਬੱਬਰ ਨੇ 'ਦੇਸ ਪ੍ਰਦੇਸ' ਨੂੰ ਦਸਿਆ..." ਸਪਸ਼ਟ ਹੈ ਕਿ ਇੱਥੇ 'ਭਾਰਤ ਸਰਕਾਰ ਦੇ ਪਿੱਠੂ ਹਿੰਦੂ ਪਰਚੇ' ਦਾ ਮਹਾਂਵਾਕ ਕਿਸੇ ਹੋਰ ਵਲੋਂ ਨਹੀਂ 'ਦੇਸ ਪ੍ਰਦੇਸ' ਵਲੋਂ ਹੀ ਆਇਆ ਹੈ। ਫੇਰ ਇਸੇ ਅੰਕ ਦੇ ਸਫ਼ਾ ਚਾਰ ਉਤੇ, 'ਦੋ ਹਿੰਦੂ ਗੋਲੀਆਂ ਨਾਲ ਹਲਾਕ' ਸੁਰਖੀ ਵਿਚ ਕੀ ਹਿੰਦੂ ਲਿਖਣਾ ਜ਼ਰੂਰੀ ਸੀ। ਕੀ ਇੱਥੇ 'ਦੋ ਵਿਅਕਤੀ ਗੋਲੀਆਂ ਨਾਲ ਹਲਾਕ' ਨਹੀਂ ਲਿਖਿਆ ਜਾ ਸਕਦਾ ?

ਸਿਰਫ ਇਹੋ ਹੀ ਨਹੀਂ ਉਹ ਨਿਰੰਕਾਰੀ ਗੁਰਬਜਨ ਸਿੰਘ ਨੂੰ ਸਫ਼ਾ 9 ਤੇ ਗੁਰਬਚਨਾ ਵੀ ਲਿਖ ਰਿਹਾ ਹੈ। ਸਫ਼ਾ 10 ਦੀ ਮੁੱਖ ਸੁਰਖ਼ੀ ਹੈ : 'ਖਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ ਹੋਰ ਤਿੱਖਾ ਹੋਵੇਗਾ' ਅਤੇ 'ਰਾਜੀਵ ਨੇ ਸਿੱਖਾਂ ਨੂੰ ਖ਼ਤਮ ਕਰਨ ਲਈ ਆਖ਼ਰੀ ਦਾਅ ਲਾ ਦਿਤਾ।' ਆਦਿ।

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ 'ਦੇਸ ਪ੍ਰਦੇਸ' ਇੰਗਲੈਂਡ ਵਿਚ ਸਭ ਤੋਂ ਵੱਧ ਵਿਕਣ ਵਾਲਾ ਅਖਬਾਰ ਹੈ, ਤੇ ਸ਼ਾਇਦ ਇਸੇ ਹੀ ਕਾਰਨ ਆਪਣੀ ਮਾਰੂ ਰੁਚੀ ਦੁਆਰਾ ਘੁੱਗ ਵਸਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਵਿਚ ਵੀ ਸਭ ਤੋਂ ਅੱਗੇ ਹੈ। ਕਾਂਗਰਸ ਦੀਆਂ ਗ਼ਲਤਕਾਰੀਆਂ ਦੇ ਖਿਲਾਫ਼ ਉਹਦੇ ਪੈਂਤੜੇ ਨੂੰ ਸਮਝਿਆ ਜਾ ਸਕਦਾ ਹੈ ਪਰ ਕਾਂਗਰਸ ਹਕੂਮਤ ਨੂੰ ਸਿਰਫ ਹਿੰਦੂਆਂ ਦੀ ਸਰਕਾਰ ਦਾ ਨਾਂ ਦੇਣ ਨਾਲ ਉਹ ਜਾਣ-ਬੁੱਝ ਕੇ ਸਾਰੇ ਹਿੰਦੂਆਂ ਨੂੰ ਕਾਂਗਰਸੀ ਜਾਂ ਸਾਰੇ ਕਾਂਗਰਸੀਆਂ ਨੂੰ ਹਿੰਦੂ ਬਣਾ ਦੇਂਦਾ ਹੈ।

ਅਸੀਂ ਸਮਝਦੇ ਹਾਂ ਕਿ ਜੂਨ ਚੁਰਾਸੀ ਤੋਂ ਲੈ ਕੇ ਹੁਣ ਤੀਕ ਦੇਸ ਪ੍ਰਦੇਸ ਨੇ ਇੰਗਲੈਂਡ ਵਿਚ ਵੱਸੇ ਪੰਜਾਬੀਆਂ ਨੂੰ ਨੁਕਸਾਨ ਤਾਂ ਪਹੁੰਚਾਇਆ ਹੀ ਹੈ ਪਰ ਇਸ ਦੇ

ਨਾਲ ਹੀ ਆਪਣਾ ਆਪ ਵੀ ਵਗਾੜਿਆ ਹੈ। 1986 ਦੀਆਂ ਈਲਿੰਗ ਕੌਂਸਲ ਦੀਆਂ ਚੋਣਾਂ ਸਮੇਂ ਇਹਨੇ ਲੇਬਰ ਪਾਰਟੀ ਦੀ ਮੁਖਾਲਫਿਤ ਅਤੇ ਟੋਰੀ ਪਾਰਟੀ ਦਾ ਸਮਰਥਨ ਵੀ ਹਿੰਦੂ-ਵਿਰੋਧ ਦੇ ਅਧਾਰ ਤੇ ਹੀ ਕੀਤਾ ਸੀ। ਸ਼ਾਇਦ ਇਸ ਦੀ ਮੂਲਵਾਦੀ ਲਾਈਨ ਨੂੰ ਕਨਜ਼ਰਵੇਟਿਜ਼ਮ ਦੀ ਰੁਚੀ ਬਹੁਤੀ ਰਾਸ ਆਉਂਦੀ ਹੈ।

ਪੰਜਾਬ ਟਾਈਮਜ਼ :

ਇਹ ਵੀ ਦੇਸ ਪ੍ਰਦੇਸ ਜਿੰਨਾ ਹੀ ਪੁਰਾਣਾ ਪਰਚਾ ਹੈ ਅਤੇ ਓਨਾ ਹੀ ਘਾਤਕ ਵੀ। ਪਰ ਕਿਉਂਕਿ ਇਹਦਾ ਪਾਠਕ ਵਰਗ ਬੜਾ ਸੀਮਤ ਹੈ ਇਸ ਲਈ ਇਹ ਬਹੁਤਾ ਨੁਕਸਾਨ ਕਰਨ ਦੀ ਸਮਰੱਥਾ ਵਿਚ ਨਹੀਂ ਹੈ। ਉਂਜ ਤਾਂ ਦੇਸ ਪ੍ਰਦੇਸ ਦੀ ਵੇਖਾ ਵੇਖੀ ਜਾਂ ਫਿਰ ਕਿਸੇ ਵੀ ਸੰਪਾਦਕੀ ਪਾਲਸੀ ਦੀ ਅਣਹੋਂਦ ਕਾਰਨ ਇਹ 'ਸਮੇਂ ਦੀ ਹਵਾ' ਦੇ ਅਨੁਸਾਰ ਸਿੱਧਾ ਹੋਣਾ ਅਤੇ ਲਿਫਣਾ ਜਾਣਦਾ ਹੈ, ਪਰ ਫੇਰ ਵੀ ਹਰ ਡਰਾਮੇ ਦੇ ਬਾਵਜੂਦ ਇਹਦੀਆਂ ਨੀਤੀਆਂ ਨੂੰ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ।

ਤਕਰੀਬਨ ਇਸੇ ਹੀ ਅਰਸੇ ਦੌਰਾਨ ਕੁਝ ਹੋਰ ਪਰਚੇ ਵੀ ਨਿਕਲੇ ਅਤੇ ਬੰਦ ਹੋਏ ਜਿਵੇਂ 14 ਮਈ 1967 ਨੂੰ ਨਾਵਲਕਾਰ ਮਨਜੀਤ ਰਾਣਾ ਦੀ ਸੰਪਾਦਕੀ ਹੇਠ 'ਆਵਾਜ਼' ਨਾਮ ਦਾ ਸਪਤਾਹਿਕ ਨਿਕਲਿਆ। ਇਸ ਤੋਂ ਪਿਛੋਂ ਕੇਸਰ ਸਿੰਘ ਮੰਡ ਅਤੇ ਕੈਲਾਸ਼ਪੁਰੀ ਨੇ ਰਲ ਕੇ 'ਕਿਰਨਾਂ' ਨਾਮ ਦਾ ਪਰਚਾ ਜਾਰੀ ਕੀਤਾ। ਪਰੰਤੂ ਇਹ ਪਰਚੇ ਵੀ ਬਹੁਤਾ ਚਿਰ ਨਾ ਚਲ ਸਕੇ ਅਤੇ ਅੰਤ ਦਮ ਤੋੜ ਗਏ। ਉਪ੍ਰੋਕਤ ਤੋਂ ਬਿਨਾ 'ਹਕੀਕਤ' ਅਤੇ 'ਜਗਮਗ' 1969 ਵਿਚ ਨਿਕਲੇ। 1970-72 ਵਿਚ ਗੁਰਦਿਆਲ ਸਿੰਘ ਰਾਏ ਨੇ 'ਨਵਾਂ ਸੰਦੇਸ਼' ਨਾਮ ਦਾ ਪਰਚਾ ਕਢਿਆ। ਪਰੰਤੂ ਇਸ ਤੋਂ ਪਹਿਲਾਂ ਇਕ ਹੋਰ ਪਰਚਾ ਕੀਨੀਆਂ ਤੋਂ ਆਏ ਹੋਏ ਪੰਜਾਬੀ ਸ਼ਾਇਰ ਅਜੀਤ ਸੱਤਭੰਵਰਾ ਨੇ ਅਵਤਾਰ ਜੰਡਿਆਲਵੀ ਨੂੰ ਨਾਲ ਲੈ ਕੇ ਬੜੇ ਧੂੰਮ ਧੜੱਕੇ ਨਾਲ ਸ਼ੁਰੂ ਕੀਤਾ। 'ਸੰਦੇਸ਼' ਦੇ ਸਹਿਯੋਗੀਆਂ ਵਿਚ ਇਹ ਲੋਕ ਸ਼ਾਮਿਲ ਸਨ : ਸ਼ੇਰ ਜੰਗ ਜਾਂਗਲੀ, ਤਰਸੇਮ ਨੀਲਗਿਰੀ, ਅਵਿਨਾਸ਼ ਆਜ਼ਾਦ, ਹਰਬਖਸ਼ ਮਕਸੂਦਪੁਰੀ ਆਦਿ। ਇਸ ਪਰਚੇ ਦੀ ਨੀਤੀ ਭਾਰਤ ਦੇ ਸੰਦਰਭ ਵਿਚ ਇੰਦਰਾ ਕਾਂਗਰਸੀ ਪੱਖੀ ਅਤੇ ਸਮੁੱਚੇ ਤੌਰ ਤੇ ਸੱਜੇ ਪੱਖੀ ਰਹੀ। ਪਰ ਮੁਕਾਮੀ ਤੌਰ ਤੇ ਨਸਲੀ ਵਿਤਕਰੇ ਦੇ ਵਿਰੁੱਧ। ਅੰਤ ਅਜੀਤ ਸੱਤਭੰਵਰਾ ਅਤੇ ਅਵਤਾਰ ਜੰਡਿਆਲਵੀ ਵਿਚਕਾਰ ਕੁਝ ਇਖ਼ਤਲਾਫ਼ ਹੋ ਗਏ ਤੇ ਮਾਮਲਾ ਕੋਰਟ ਕਚਹਿਰੀਆਂ ਤੱਕ ਚਲਾ ਗਿਆ। ਸਿੱਟੇ ਵਜੋਂ ਇਸ ਦੇ ਬਹੁਤੇ ਸਹਿਯੋਗੀ ਇਸ ਨਾਲੋਂ ਟੁੱਟ ਗਏ ਅਤੇ ਪਹਿਲਾਂ ਦੇਸ ਪ੍ਰਦੇਸ ਲਈ ਕੰਮ ਕਰਦੇ ਅਵਿਨਾਸ਼ ਆਜ਼ਾਦ ਨੇ ਇਸ ਦੀ ਸੰਪਾਦਕੀ ਸੰਭਾਲ ਲਈ। 1984 ਤੋਂ ਪਿਛੋਂ ਵੀ ਇਸ ਪਰਚੇ ਦੀ ਇੰਦਰਾ ਗਾਂਧੀ ਪੱਖੀ ਨੀਤੀ ਜਾਰੀ ਰਹੀ। ਫੇਰ 23 ਜੁਲਾਈ 1984 ਨੂੰ ਸੰਦੇਸ਼ ਦੇ ਦਫਤਰ ਨੂੰ ਅੱਗ ਲਾ ਕੇ ਸਾੜ ਦਿਤਾ ਗਿਆ ਤੇ ਉਸ ਦਫ਼ਤਰ ਵਿਚ ਠਹਿਰੇ ਬੰਗਾ ਕਾਲਜ ਦੇ ਪ੍ਰਿੰਸੀਪਲ ਕੁਲਤਾਰ ਸਿੰਘ ਤਾਰ ਦੀ ਮੌਤ ਹੋ ਗਈ। ਫੇਰ ਇਹ ਪਰਚਾ ਕਿਸੇ ਹੋਰ ਥਾਉਂ ਨਿਕਲਦਾ ਰਿਹਾ। ਪਰ

ਛੇਤੀ ਹੀ ਕੁਝ ਚਿਰ ਪਿਛੋਂ ਡਰਗ-ਸਮਗਲਿੰਗ ਦੇ ਕੇਸ ਵਿਚ ਅਜੀਤ ਸੱਤ ਭੰਵਰਾ ਨੂੰ 9 ਸਾਲ ਦੀ ਕੈਦ ਹੋ ਗਈ ਤੇ ਪਰਚਾ ਬੰਦ ਹੋ ਗਿਆ। ਇਸ ਦਾ ਸੰਪਾਦਕ ਅਵਿਨਾਸ਼ ਆਜ਼ਾਦ ਉਸ ਤੋਂ ਪਿਛੋਂ ਪੰਜਾਬ ਟਾਈਮਜ਼ ਦਾ ਸੰਪਾਦਕ ਬਣ ਗਿਆ, ਅਤੇ ਹੁਣ ਉਹ 'ਪੰਜਾਬ ਇੰਟਰਨੈਸ਼ਨਲ' ਦਾ ਸੰਪਾਦਕ ਹੈ।

1971-72 ਵਿਚ ਹੀ ਸਾਊਥਾਲ, ਜੋ ਇਕ ਤਰ੍ਹਾਂ ਨਾਲ ਪੰਜਾਬੀ ਪਰਚਿਆਂ ਦੀ ਫਲੀਟ ਸਟਰੀਟ ਹੈ, ਤੋਂ ਇਕ 'ਸ਼ੇਰੇ-ਪੰਜਾਬ' ਨਾਮ ਦਾ ਪਰਚਾ ਜੁਗਿੰਦਰ ਸਿੰਘ ਸੰਧੂ ਨੇ ਕਢਿਆ ਜਿਹੜਾ ਕੁਝ ਸਾਲਾਂ ਪਿਛੋਂ ਬੰਦ ਹੋ ਗਿਆ। ਇਸ ਤੋਂ 1987 ਵਿਚ ਇਕ 'ਸ਼ੇਰੇ-ਪੰਜਾਬ' ਹੋਰ ਨਿਕਲਿਆ ਜਿਹੜਾ ਦਰਅਸਲ 'ਸੰਦੇਸ਼' ਦਾ ਬਦਲ ਸੀ। ਇਸ ਹਫਤਾਵਾਰੀ ਅਖਬਾਰ ਵਿਚ ਪੰਡਤ ਵਿਸ਼ਨੂੰ ਦੱਤ ਸ਼ਰਮਾ ਅਤੇ ਬਲਵੰਤ ਸਿੰਘ ਕਪੂਰ ਪ੍ਰਮੁੱਖ ਰੋਲ ਅਦਾ ਕਰ ਰਹੇ ਸਨ। ਇਸ 'ਸ਼ੇਰੇ ਪੰਜਾਬ' ਬਾਰੇ 'ਸੂਰਜ' ਪਰਚੇ ਨੇ ਆਪਣੇ ਇਕ ਆਰਟੀਕਲ ਵਿਚ ਇਉਂ ਲਿਖਿਆ ਹੈ :

"ਸ਼ੇਰੇ ਪੰਜਾਬ ਨੂੰ ਛਪਦਿਆਂ ਚੌਦਾਂ ਕੁ ਹਫਤੇ ਹੋਏ ਹਨ, ਤੇ ਇਸ ਸਮੇਂ ਵਿਚ ਇਸ ਦੀ ਲਾਈਨ ਵੀ ਸਪਸ਼ਟ ਰੂਪ ਵਿਚ ਸਾਹਮਣੇ ਆ ਗਈ ਹੈ। ਬੇਸ਼ਕ ਇਸ ਪਰਚੇ ਦੇ ਇਕ ਕਾਰਕੁਨ ਆਪਣੇ ਆਪ ਨੂੰ ਕਾਮਰੇਡ ਦਸਦੇ ਹਨ ਪਰ ਅਸਲੀਅਤ ਇਹ ਹੈ ਕਿ ਇਹ ਪਰਚਾ ਕਾਂਗਰਸ ਪੱਖੀ ਹੈ। ਇਸ ਪਰਚੇ ਨੂੰ 'ਕਿਥੋਂ ਕੀ' ਮਦਦ ਮਿਲਦੀ ਹੈ, ਇਸ ਬਾਰੇ ਕੁਝ ਕਹਿਣਾ ਕਿਸੇ ਸਬੂਤ ਤੋਂ ਬਗ਼ੈਰ ਮੁਸ਼ਕਿਲ ਹੈ, ਪਰ ਇਕ ਗੱਲ ਤੈਅ ਹੈ ਕਿ ਇਸ ਦੀ ਸਾਰੀ ਖਬਰਾਵਲੀ ਉਹੀ ਹੁੰਦੀ ਹੈ ਜੋ ਹਾਕਮ ਜਮਾਤ ਦੇ ਨੁਕਤਾ-ਨਿਗਾਹ ਨੂੰ ਸਪਸ਼ਟ ਕਰਦੀ ਹੈ। ਈਸ਼ੂ 14 ਦੇ ਸਫ਼ਾ ਸੱਤ ਉਤੇ ਉਹ ਲਿਖਦੇ ਹਨ : 'ਗਵਰਨਰੀ ਰਾਜ (ਪੰਜਾਬ) ਵਿਚ ਅਪਰਾਧਾਂ ਦੀ ਰਫ਼ਤਾਰ ਵਿਚ ਕਮੀ ਹੋਈ ਹੈ।' ਸਮੁੱਚੇ ਤੌਰ ਤੇ ਇਸ ਵੀਕਲੀ ਪਰਚੇ ਨੂੰ ਕਾਂਗਰਸ (ਈ) ਦਾ ਬੁਲਾਰਾ ਅਤੇ ਭਾਰਤੀ ਹਾਈ ਕਮਿਸ਼ਨ ਦਾ ਧੂਤੂ ਕਿਹਾ ਜਾ ਸਕਦਾ ਹੈ।"

ਇਸ ਦੇ ਨਾਲ ਹੀ ਇਕ 'ਲਲਕਾਰ' ਨਾਮ ਦਾ ਪਰਚਾ ਵੀ ਨਿਕਲਦਾ ਹੈ। ਇਹ ਪਰਚਾ ਮੰਥਲੀ ਵੀ ਰਿਹਾ ਹੈ ਅਤੇ ਵੀਕਲੀ ਵੀ। ਇਹ ਪਰਚਾ ਮਾਰਕਸੀ ਕਮਿਊਨਿਸਟ ਪਾਰਟੀ ਦੇ ਇੰਗਲੈਂਡ ਵਿਚਲੇ ਮੈਂਬਰਾਂ ਦੀ ਐਸੋਸੀਏਸ਼ਨ ਦਾ ਪ੍ਰਤਿਨਿਧ ਸੀ। ਪਰ ਛੇਤੀ ਹੀ ਇਹਨਾਂ ਵਿਚੋਂ ਇਕ ਧੜਾ ਨਕਸਲੀ ਲਹਿਰ ਨਾਲ ਜੁੜ ਗਿਆ। ਉਹਨਾਂ ਨੇ ਇਸ ਪਰਚੇ ਤੇ ਵੀ ਕਬਜ਼ਾ ਕਰ ਲਿਆ।...ਨੀਤੀ ਦੇ ਪੱਖੋਂ ਇਹ ਪਰਚਾ ਸਾਮਰਾਜ ਵਿਰੋਧੀ, ਕਾਂਗਰਸੀ ਸਰਕਾਰ ਵਿਰੋਧੀ, ਨਸਲੀ ਵਿਤਕਰੇ ਦੇ ਖਿਲਾਫ਼ ਅਤੇ ਟਰੇਡ ਯੂਨੀਅਨ ਮੂਵਮੈਂਟ ਦਾ ਹਿਮਾਇਤੀ ਹੈ। ਸੰਨ 1984 ਤੋਂ ਪਿਛੋਂ ਇਸ ਨੇ ਫ਼ਿਰਕਾਪ੍ਰਸਤ ਮੂਲਵਾਦੀ ਸ਼ਕਤੀਆਂ ਵਿਰੁੱਧ ਘੋਲ ਜਾਰੀ ਰਖਿਆ। ਰੂਸ ਅਤੇ ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਵਿਚ ਆਈਆਂ ਪ੍ਰਤੀਕਰਾਂਤੀਆਂ ਬਾਰੇ ਇਸ ਦੀ ਲਾਈਨ ਗੋਰਬਾਚੇਵ ਅਤੇ ਸੀ. ਪੀ. ਐਸ. ਯੂ. ਦੇ ਵਿਰੋਧ ਵਿਚ ਅਤੇ ਵੱਖ ਵੱਖ ਦੇਸ਼ਾਂ ਦੀਆਂ ਮਜ਼ਦੂਰ ਲਹਿਰਾਂ ਦੇ ਹੱਕ ਵਿਚ ਰਹੀ ਹੈ। ਇਸ ਪਰਚੇ ਦੀ ਸਰਕੂਲੇਸ਼ਣ ਇਸ ਦੇ

ਵਿਚਾਰਾਂ ਵਾਲੇ ਲੋਕਾਂ ਤੱਕ ਹੀ ਸੀਮਤ ਹੈ ।[7]

ਉਪ੍ਰੋਕਤ ਤੋਂ ਬਿਨਾਂ 'ਪੰਜਾਬੀ ਪਤ੍ਰਿਕਾ' (1969), 'ਸਿੱਖ ਟਾਈਮਜ਼' (1970) ਤੇ 'ਹਕੀਕਤ' ਆਦਿ ਪਰਚੇ ਵੀ ਨਿਕਲੇ ਪਰ ਛੇਤੀ ਹੀ ਬੰਦ ਹੋ ਗਏ । ਇਕ ਹੋਰ ਪੰਜਾਬੀ ਲੇਖਕ ਗੁਰਦਿਆਲ ਸਿੰਘ ਰਾਏ ਨੇ 1979 ਵਿਚ 'ਪੰਜਾਬੀ ਪੋਸਟ' ਅਤੇ 1980 ਵਿਚ 'ਏਸ਼ੀਅਨ ਪੋਸਟ' ਵੀ ਕਢਿਆ, ਪਰ ਇਹ ਵੀ ਬਹੁਤਾ ਚਿਰ ਨਾ ਚਲ ਸਕੇ । 1980 ਵਿਚ ਹੀ ਇਕ ਹੋਰ ਪਰਚਾ 'ਇੰਡੀਅਨ ਟਾਈਮਜ਼' ਰਣਜੀਤ ਕੰਵਰ ਨੇ ਜਾਰੀ ਕੀਤਾ ਜੋ ਆਪਣੀ ਦਿੱਖ ਤੋਂ 'ਪੰਜਾਬ ਟਾਈਮਜ਼' ਦੀ ਹੀ ਫੋਟੋ ਕਾਪੀ ਜਾਪਦਾ ਸੀ । 1983 ਵਿਚ 'ਸਿੱਖ ਟ੍ਰਿਬਿਊਨ' ਅਤੇ 1984 ਵਿਚ 'ਟ੍ਰਿਬਿਊਨ' ਨਾਮ ਦੇ ਪਰਚੇ ਵੀ ਨਿਕਲੇ ਜਿਨ੍ਹਾਂ ਦਾ ਮੁੱਖ ਮਕਸਦ ਆਜ਼ਾਦ ਸਿੱਖ-ਰਾਜ ਲਈ ਹੋ ਰਹੇ ਸੰਘਰਸ਼ ਅਤੇ ਸਿੱਖਾਂ ਨਾਲ ਹੋ ਰਹੀਆਂ ਕਥਿਤ ਵਧੀਕੀਆਂ ਨੂੰ ਪੇਸ਼ ਕਰਨਾ ਸੀ ।

1986 ਵਿਚ ਇਕ ਹੋਰ ਸਪਤਾਹਿਕ ਪੱਤਰ 'ਆਵਾਜ਼ੇ ਕੌਮ' ਵਜੂਦ ਵਿਚ ਆਇਆ ਜੋ ਪਹਿਲਾਂ ਸਾਊਥਾਲ ਤੋਂ ਨਿਕਲਦਾ ਸੀ, ਪਰ ਹੁਣ ਮਿਡਲੈਂਡ ਦੇ ਇਕ ਸ਼ਹਿਰ ਸਮੈਦਿਕ ਤੋਂ ਨਿਕਲਦਾ ਹੈ । ਇਸ ਪਰਚੇ ਬਾਰੇ ਸੂਰਜ ਇਉਂ ਲਿਖਦਾ ਹੈ : "ਇਸ ਵੀਕਲੀ ਪਰਚੇ ਨੂੰ ਨਿਕਲਦਿਆਂ ਤਕਰੀਬਨ ਇਕ ਵਰ੍ਹਾ ਹੋਣ ਲੱਗਾ ਹੈ । ਇਹ ਸਿੱਖ ਸਟੂਡੈਂਟ ਫੈਡਰੇਸ਼ਣ ਦਾ ਮਾਊਥ-ਪੀਸ ਹੈ ਅਤੇ ਸਿਰਫ ਉਹੋ ਹੀ ਖ਼ਬਰ ਛਾਪਣ ਦਾ ਆਦੀ ਹੈ ਜਿਸ ਵਿਚ ਜੁਝਾਰੂ ਸਿੰਘਾਂ ਦੀਆਂ ਕਰਨੀਆਂ ਨੂੰ ਸੁਨਹਿਰੀ ਫਰੇਮ ਵਿਚ ਮੜ੍ਹ ਕੇ ਪੇਸ਼ ਕੀਤਾ ਜਾ ਸਕੇ ।...ਇਸ ਪਰਚੇ ਦੀਆਂ ਸੁਰਖੀਆਂ ਦੀ ਹਾਲਤ ਵੀ ਅਜੀਬ ਹੈ । ਆਮ ਕਰਕੇ ਸੁਰਖੀ ਚਾਰ ਇੰਚ ਦੀ ਹੁੰਦੀ ਹੈ ਅਤੇ ਖਬਰ ਇਕ ਇੰਚ ਦੀ ।

1984 ਵਿਚ ਦੋ ਹੋਰ ਪਰਚੇ ਜਾਰੀ ਕੀਤੇ ਗਏ : ਸੂਰਜ ਅਤੇ ਚਰਚਾ । ਸੂਰਜ ਮੰਥਲੀ ਸਵਰਨ ਚੰਦਨ ਦਾ ਅਤੇ ਚਰਚਾ ਮੰਥਲੀ ਵਿਸ਼ਨੂੰ ਦੱਤ ਸ਼ਰਮਾ ਦਾ । ਇਹ ਦੋਵੇਂ ਹੀ ਸਾਹਿਤਕ+ਸਿਆਸੀ ਪੇਪਰ ਸਨ । ਇਹਨਾਂ ਦਾ ਪ੍ਰਮੁੱਖ ਮਕਸਦ ਚੁਰਾਸੀ ਤੋਂ ਪਿਛੋਂ ਖਾਲਿਸਤਾਨੀ ਬਣ ਚੁੱਕੇ ਪੇਪਰਾਂ ਜਿਵੇਂ 'ਦੇਸ ਪ੍ਰਦੇਸ' ਆਦਿ ਦੇ ਖ਼ਿਲਾਫ਼ ਸੈਕੂਲਰ ਲੜਾਈ ਲੜਨੀ ਸੀ । ਸੂਰਜ 1986 ਵਿਚ ਬੰਦ ਹੋ ਗਿਆ ਅਤੇ ਚਰਚਾ 1987 ਦੇ ਸ਼ੁਰੂ ਵਿਚ । ਪਰ ਸੂਰਜ ਫਿਰ ਤੋਂ 1987 ਵਿਚ ਸ਼ੁਰੂ ਕਰ ਦਿਤਾ ਗਿਆ । ਹੁਣ ਇਹ ਪਰਚਾ ਦੋ-ਹਫਤੇਵਾਰੀ ਸੀ ਤੇ ਬਾਅਦ ਵਿਚ ਹਫਤੇਵਾਰੀ ਵੀ ਬਣਿਆ । ਪਰੰਤੂ ਕੁਝ 'ਡੈਫੇਮੇਸ਼ਣ' ਦੀਆਂ ਅਦਾਲਤੀ ਕਾਰਵਾਈਆਂ ਕਰਕੇ ਇਹਨੂੰ ਬੰਦ ਹੋਣਾ ਪਿਆ ।

1987 ਵਿਚ ਬ੍ਰਮਿੰਘਮ ਤੋਂ ਇਕ ਹੋਰ ਪਰਚਾ (ਦੋ-ਹਫਤਾਵਾਰੀ) 'ਪੰਜਾਬੀ ਗਾਰਡੀਅਨ' ਨਿਕਲਿਆ ਜਿਹੜਾ ਅੱਧਾ ਅੰਗਰੇਜ਼ੀ ਵਿਚ ਤੇ ਅੱਧਾ ਪੰਜਾਬੀ ਵਿਚ ਹੁੰਦਾ ਹੈ । ਇਹ ਪਰਚਾ ਵਰਤਮਾਨ ਸਿੱਖ ਸਿਆਸਤ, ਅਤੇ ਵਿਸ਼ੇਸ਼ ਕਰਕੇ ਮਿਡਲੈਂਡ ਦੇ ਸਿੱਖਾਂ ਦੀ ਧਾਰਮਿਕ, ਸਾਹਿਤਕ, ਸਭਿਆਚਾਰਕ ਅਤੇ ਵਿਦਿਅਕ ਸਰਗਰਮੀਆਂ

ਉਤੇ ਗੰਭੀਰ ਜਾਣਕਾਰੀ ਪ੍ਰਦਾਨ ਕਰਦਾ ਹੈ।...ਪੰਜਾਬੀ ਪੌਪ-ਗਰੁਪਾਂ ਬਾਰੇ ਵੀ ਇਹ ਪਰਚਾ ਬੜੀ ਜਾਣਕਾਰੀ ਦੇਂਦਾ ਹੈ।[8]

'ਦੇਸ ਪ੍ਰਦੇਸ' ਦੇ ਖਾਲਿਸਤਾਨ ਵੱਲ ਝੁਕਾਅ ਤੋਂ ਪਿਛੋਂ 1985 ਵਿਚ ਇਕ ਹੋਰ ਹਫ਼ਤਾਵਾਰੀ ਅਖਬਾਰ 'ਪੰਜਾਬੀ ਦਰਪਣ' ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਇਸ ਦਾ ਮਾਲਕ ਜਗਦੀਸ਼ ਕੌਸ਼ਲ ਹੈ ਜਿਸ ਦਾ ਪਹਿਲਾਂ ਇਕ ਹਿੰਦੀ ਵੀਕਲੀ 'ਅਮਰਦੀਪ' ਕਈਆਂ ਸਾਲਾਂ ਤੋਂ ਨਿਕਲਦਾ ਹੈ। ਅੱਜ ਕੱਲ੍ਹ ਇਸ ਪਰਚੇ ਦਾ ਸੰਪਾਦਕ ਕਾਮਰੇਡ ਸਰਵਣ ਸਿੰਘ ਜ਼ਫਰ ਹੈ ਜਿਹਨਾਂ ਨੂੰ 'ਨਵਾਂ ਜ਼ਮਾਨਾ' ਅਤੇ 'ਦੇਸ ਪ੍ਰਦੇਸ' ਵਿਚ ਕੰਮ ਕਰਨ ਦਾ ਵਸੀਹ ਤਜਰਬਾ ਹਾਸਿਲ ਹੈ। ਪਰੰਤੂ, ਜੁਗਿੰਦਰ ਸ਼ਮਸ਼ੇਰ ਅਨੁਸਾਰ, 'ਚਰਚਾ', 'ਲੋਕਤਾ', 'ਸੂਰਜ' ਅਤੇ 'ਲਲਕਾਰ' ਆਦਿ ਕੁਝ ਹੋਰ ਇਸੇ ਵਿਚਾਰਾਂ ਵਾਲੇ ਪਰਚਿਆਂ ਦੀ ਹੋਂਦ ਵਿਚ ਇਸ ਪਰਚੇ ਦੇ ਪਾਠਕਾਂ ਦਾ ਘੇਰਾ ਵਿਸ਼ਾਲ ਨਹੀਂ ਹੋ ਸਕਿਆ।[9] ਪਰੰਤੂ ਉਂਜ ਇਹ ਪਰਚਾ ਅੱਜ ਤੀਕਰ ਚੱਲ ਰਿਹਾ ਹੈ। ਇਸ ਵਿਚ ਮੁੱਖ ਰੂਪ ਵਿਚ ਉਹ ਲੇਖਕ ਛਪਦੇ ਹਨ ਜਿਹੜੇ 'ਦੇਸ ਪ੍ਰਦੇਸ' ਵਿਚ ਨਹੀਂ ਛਪਣਾ ਚਾਹੁੰਦੇ। 'ਦੇਸ ਪ੍ਰਦੇਸ' ਵਿਚ ਛਪਣ ਵਾਲੇ ਲੇਖਕ ਇਹ ਹਨ : ਸ਼ਿਵਚਰਨ ਗਿੱਲ, ਸਾਥੀ ਲੁਧਿਆਣਵੀ, ਪ੍ਰੀਤਮ ਸਿੱਧੂ, ਤਰਸੇਮ ਨੀਲਗਿਰੀ, ਅਵਤਾਰ ਜੰਡਿਆਲਵੀ ਆਦਿ। ਪਰ 'ਦੇਸ ਪ੍ਰਦੇਸ' ਵਿਚ ਨਾ ਛਪਣਾ ਚਾਹੁਣ ਵਾਲੇ ਲੇਖਕਾਂ ਦੀ ਲਿਸਟ ਇਸ ਪ੍ਰਕਾਰ ਹੈ : ਰਘੁਬੀਰ ਢੰਡ, ਸਵਰਨ ਚੰਦਨ, ਅਵਤਾਰ ਸਾਦਿਕ, ਸੰਤੋਖ ਸਿੰਘ ਸੰਤੋਖ, ਮੁਸ਼ਤਾਕ ਸਿੰਘ, ਨਰਿੰਜਨ ਸਿੰਘ ਨੂਰ, ਸ਼ੇਰ ਜੰਗ ਜਾਂਗਲੀ ਆਦਿ। ਇਸ ਪਰਚੇ ਬਾਰੇ 'ਸੂਰਜ' ਦਾ ਕਹਿਣਾ ਹੈ ਕਿ "ਜੇਕਰ ਪ੍ਰਗਤੀਸ਼ੀਲਤਾ ਦੇ ਤਕਾਜ਼ੇ ਨੂੰ ਲਿਆ ਜਾਏ ਤਾਂ ਸ੍ਰੀਮਤੀ ਇੰਦਰਾ ਗਾਂਧੀ ਤੋਂ ਲੈ ਕੇ ਹੁਣ ਤੱਕ ਰਾਜੀਵ ਗਾਂਧੀ ਅਤੇ ਸਮੁੱਚੀ ਕਾਂਗਰਸ (ਆਈ) ਦੇ ਰੋਲ ਨੂੰ ਸਖ਼ਤੀ ਨਾਲ ਭੰਡਿਆ ਜਾਣਾ ਚਾਹੀਦਾ ਹੈ। ਪੰਜਾਬ, ਆਸਾਮ, ਕਸ਼ਮੀਰ, ਪੱਛਮੀ ਬੰਗਾਲ ਦੇ ਸੰਬੰਧ ਵਿਚ ਕਾਂਗਰਸ ਦਾ ਸਮੁੱਚਾ ਰੋਲ ਨਿੰਦਣਯੋਗ ਹੈ।...ਅਸੀਂ ਸਮਝਦੇ ਹਾਂ ਕਿ ਇਸ ਪੇਪਰ ਵਿਚ ਬਹੁਤ ਸਾਰੇ ਪ੍ਰਗਤੀਸ਼ੀਲ ਲੇਖਕਾਂ ਦੇ ਲੇਖ ਛਪੇ ਹਨ ਜਿਹੜੇ ਉਪ੍ਰੋਕਤ ਲਾਈਨ ਦੇ ਅਨੁਕੂਲ ਹਨ, ਤੇ 'ਪੰਜਾਬੀ ਦਰਪਣ' ਨੇ ਉਹਨਾਂ ਨੂੰ ਸਦਾ ਹੀ ਜੀ ਆਇਆਂ ਕਿਹਾ ਹੈ। ਪਰੰਤੂ ਸੰਪਾਦਕੀ ਬੋਰਡ ਨੇ ਆਪਣੇ ਵਲੋਂ ਅਜਿਹੀ ਪਹਿਲ ਘੱਟ ਹੀ ਕੀਤੀ ਹੈ।" ਜੁਗਿੰਦਰ ਸ਼ਮਸ਼ੇਰ ਹੁਰੀਂ ਲਿਖਦੇ ਹਨ : "ਚਰਚਾ, ਲੋਕਤਾ, ਸੂਰਜ ਅਤੇ ਲਲਕਾਰ ਆਦਿ...ਪਰਚਿਆਂ ਦੀ ਹੋਂਦ ਕਰਕੇ ਇਸ ਪਰਚੇ (ਪੰਜਾਬੀ ਦਰਪਣ) ਦੇ ਪਾਠਕਾਂ ਦਾ ਘੇਰਾ ਵਿਸ਼ਾਲ ਨਹੀਂ ਹੋਇਆ। ਉਂਜ ਇਹ ਪਰਚਾ ਅੱਜ ਤੱਕ ਕਿਸੇ ਤਰ੍ਹਾਂ ਜਾਰੀ ਹੈ, ਤੇ ਆਪਣਾ ਕਰਮ ਕਮਾ ਰਿਹਾ ਹੈ।

ਸਾਹਿਤਕ ਮਾਸਿਕ ਪਰਚਿਆਂ ਵਿਚ ਇਕ ਅਹਿਮ ਪਰਚਾ 'ਰਚਨਾ' ਰਿਹਾ ਹੈ ਜਿਹੜਾ ਕੋਈ 7-8 ਸਾਲ ਸਫਲਤਾ ਨਾਲ ਚੱਲਿਆ ਹੈ। ਇਸ ਵਿਚ ਬ੍ਰਤਾਨੀਆਂ ਦੇ ਬਹੁਤੇ ਪੰਜਾਬੀ ਲੇਖਕ ਛਪਦੇ ਰਹੇ ਹਨ। ਇਸ ਦਾ ਇਕ ਵਿਸ਼ੇਸ਼ ਅੰਕ (ਬ੍ਰਤਾਨਵੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ — ਅਪ੍ਰੈਲ 1983) ਅੱਜ ਵੀ ਯੂਨੀਵਰਸਿਟੀਆਂ,

ਕਾਲਜਾਂ ਅਤੇ ਲੇਖਕਾਂ-ਵਿਦਵਾਨਾਂ ਦੀਆਂ ਜ਼ਾਤੀ ਲਾਇਬ੍ਰੇਰੀਆਂ ਵਿਚ ਸਾਂਭਿਆ ਪਿਆ ਹੈ। ਇਸ ਅੰਕ ਦੇ ਸਫ਼ੇ 200 ਦੇ ਕਰੀਬ ਸਨ। ਬਾਰਾਂ ਕਹਾਣੀਕਾਰਾਂ ਦੀਆਂ ਕਹਾਣੀਆਂ, ਇੰਟਰਵਿਊ ਅਤੇ ਬ੍ਰਤਾਨਵੀ ਪੰਜਾਬੀ ਕਹਾਣੀ ਬਾਰੇ ਆਲੋਚਨਾ ਆਦਿ ਇਸ ਅੰਕ ਦੇ ਵਿਸ਼ੇਸ਼ ਨਕਸ਼ ਸਨ। ਇਸ ਦੀ ਸੰਪਾਦਨਾ ਇਸ ਪਰਚੇ ਦੇ ਲੇਖਕ ਨੇ ਹੀ ਕੀਤੀ ਸੀ, ਉਂਜ ਇਸ ਪਰਚੇ ਦਾ ਮਾਲਕ ਤੇ ਸੰਪਾਦਕ ਗੁਰਸ਼ਰਨ ਸਿੰਘ ਅਜੀਬ ਸੀ।

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਪਰਚੇ ਨਿਕਲੇ ਅਤੇ ਬੰਦ ਹੋਏ ਜਿਨ੍ਹਾਂ ਦੀ ਏਥੇ ਸਿਰਫ ਲਿਸਟ ਹੀ ਦਿੱਤੀ ਜਾ ਰਹੀ ਹੈ।

(1) ਉਜਾਲਾ (1964)
(2) ਬਸੇਰਾ (ਈਰਥ, ਕੈਂਟ ਤੋਂ)
(3) ਪ੍ਰਦੇਸੀ (ਸੰਤੋਖ ਸਿੰਘ ਧਾਲੀਵਾਲ, 1964)
(4) ਪ੍ਰਦੇਸੀ ਢੋਲਾ ,,
(5) ਪ੍ਰਕਾਸ਼ (1964)
(6) ਸਵੇਰਾ (ਗੁਰਚਰਨ ਸੱਗੂ 1967)
(7) ਮਮਤਾ (1968)
(8) ਰੂਪਵਤੀ (ਕੈਲਾਸ਼ਪੁਰੀ, 1970)
(9) ਮਤਵਾਲਾ (ਲਿੰਗ ਉਤੇਜਨਾ ਤੇ ਕਾਮ ਚੇਸ਼ਟਾ ਨਾਲ ਭਰਪੂਰ, 1970)
(10) ਸੰਘਰਸ਼ (ਹਰਬਖ਼ਸ਼ ਮਕਸੂਦਪੁਰੀ, 1971)
(11) ਪੰਜਾਬੀ ਸਾਹਿਤ (ਹਰਕਿਸ਼ਨ ਸਿੰਘ ਕਾਲੜਾ)
(12) ਏਕਤਾ (ਵਿਸ਼ਨੂੰ ਦੱਤ ਸ਼ਰਮਾ ਨੇ ਦੁਬਾਰਾ 1972 ਵਿਚ ਪ੍ਰਕਾਸ਼ਿਤ ਕੀਤਾ)
(13) ਚੰਗਿਆੜੀ (ਹਿੰਦ ਮਜ਼ਦੂਰ ਸਭਾ)
(14) ਸੰਗਰਾਮ (ਅਕਤੂਬਰ 1972 ਸੀ. ਪੀ. ਐਮ. ਵਲੋਂ)
(15) ਲੋਕ-ਬੁੱਧ (ਕੇਸਰ ਰਾਮਪੁਰੀ 1972)
(16) ਪ੍ਰਦੇਸੀ ਬਾਲਕ (ਸੁਰਜੀਤ ਸਿੰਘ ਕਾਲੜਾ, 1972-73)
(17) ਪ੍ਰਦੇਸੀ (ਰਤਨ ਰੀਹਲ ਵਲੋਂ 1978 ਵਿਚ)
(18) ਮੰਜ਼ਲ (ਸ਼ੰਕਰ ਜੋਸ਼ੀਲਾ)
(19) ਪ੍ਰਭੂ ਨੇੜੇ (1978)
(20) ਗਗਨ ਦਮਾਮਾ (1980)
(21) ਲੋਕ ਸ਼ਕਤੀ (ਸੀ. ਪੀ. ਐਮ. ਵਲੋਂ 1979 ਵਿਚ)
(22) ਪ੍ਰਦੇਸਣ : ਇਹ ਪਰਚਾ ਔਰਤਾਂ ਲਈ ਹੈ। 1984 ਵਿਚ ਸ਼ੁਰੂ ਹੋ ਕੇ ਅੱਜ ਤੀਕਰ ਸਫਲਤਾ ਨਾਲ ਚੱਲ ਰਿਹਾ ਹੈ।
(23) ਸੰਗਤ ਸਮਾਚਾਰ (ਭਾਟੜਾ ਬਰਾਦਰੀ ਦਾ ਪਰਚਾ 1981 ਵਿਚ)
(24) ਸਿੱਖ ਮੈਸੰਜਰ (1984)

(25) ਪੂਰਬ ਪੱਛਮ (1987 ਵਿਚ ਜਸਵੀਰ ਕੌਰ ਵਿਰਕ ਵਲੋਂ ਤ੍ਰੈਮਾਸਿਕ)
(26) ਸੇਵਾਦਾਰ (1987 ਵਿਚ)
(27) ਰੁਸਤਮ (ਬਲਬੀਰ ਸਿੰਘ ਕੰਵਲ ਵਲੋਂ)
(28) ਲਕੀਰ (ਜਲੰਧਰ ਤੇ ਲੰਡਨ)
(29) ਨੀਲਗਿਰੀ (ਫਗਵਾੜਾ ਤੇ ਲੰਡਨ) ।

ਅੰਤ ਵਿਚ ਸਿੱਟਾ ਇਹ ਹੈ ਕਿ ਇਸ ਵੇਲੇ 'ਦੇਸ ਪ੍ਰਦੇਸ', 'ਪੰਜਾਬੀ ਦਰਪਣ', 'ਪੰਜਾਬ ਇੰਟਰਨੈਸ਼ਨਲ', 'ਆਵਾਜ਼ੇ ਕੌਮ', 'ਪੰਜਾਬੀ ਗਾਰਡੀਅਨ' ਅਤੇ 'ਪ੍ਰਦੇਸਣ' ਆਦਿ ਪਰਚੇ ਹੀ ਨਿਕਲ ਰਹੇ ਹਨ । ਬਹੁਤੇ ਪਰਚਿਆਂ ਦੇ ਬੰਦ ਹੋਣ ਦਾ ਮੁੱਖ ਕਾਰਨ ਆਰਥਕਤਾ ਹੀ ਰਿਹਾ ਹੈ ਜਦੋਂ ਕਿ ਕੁਝ ਪਰਚੇ ਅਜਿਹੇ ਵੀ ਸਨ ਜਿਹੜੇ ਸ਼ੌਕ ਦੇ ਮੱਠੇ ਪੈਣ ਨਾਲ ਬੰਦ ਕਰ ਦਿਤੇ ਗਏ । ਪਰ ਇਕ ਗੱਲ ਯਕੀਨੀ ਹੈ ਕਿ ਬ੍ਰਤਾਨੀਆਂ ਵਿਚ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਓਡਾ ਹੀ ਲੰਮਾ ਹੈ ਜਿੱਡਾ ਪੰਜਾਬੀ ਜਨ-ਜੀਵਨ ਦਾ ਆਪਣਾ ।

ਕੈਨੇਡਾ ਵਿਚ ਵੀ ਕਈ ਪਰਚੇ ਸ਼ੁਰੂ ਹੋਏ ਤੇ ਕਈ ਬੰਦ ਹੋਏ ਹਨ । ਪਰ ਜਿਹੜੇ ਪਰਚੇ ਅੱਜ ਵੀ ਨਿਕਲ ਰਹੇ ਹਨ ਉਹ ਇਹ ਹਨ : ਇੰਡੋ-ਕੈਨੇਡੀਅਨ ਟਾਈਮਜ਼, ਵਤਨ, ਸੰਵਾਦ ਆਦਿ । 'ਜਾਗੋ' ਨਾਮ ਦਾ ਪਰਚਾ ਸ਼ਾਇਦ ਬੰਦ ਹੋ ਚੁਕਿਆ ਹੈ । ਵਤਨ ਤੇ ਸੰਵਾਦ ਦੋ ਸਾਹਿਤਕ ਪਰਚੇ ਹਨ ਜਦੋਂ 'ਇੰਡੋ-ਕੈਨੇਡੀਅਨ ਟਾਈਮਜ਼' ਸਿਆਸੀ, ਸਾਹਿਤਕ ਸਭਿਆਚਾਰਕ ਹੈ । ਇਹ ਹਫ਼ਤਾਵਾਰੀ ਪਰਚਾ ਕੈਨੇਡਾ ਵਿਚ 'ਦੇਸ ਪ੍ਰਦੇਸ' ਜਿੰਨਾ ਹੀ ਪੌਪੂਲਰ, ਆਰਥਕ ਤੌਰ ਤੇ ਸਥਾਪਿਤ ਅਤੇ ਉਸੇ ਹੀ ਰਾਜਨੀਤਿਕ ਲਾਈਨ ਦਾ ਸਮਰਥਕ ਹੈ । ਇਸ ਦੇ ਸੰਪਾਦਕ ਤੇ ਮਾਲਕ ਤਾਰਾ ਸਿੰਘ ਹੇਅਰ ਉਤੇ ਇਕ ਜ਼ਬਰਦਸਤ ਮਾਰੂ ਹਮਲਾ ਵੀ ਹੋਇਆ ਜਿਸਤੋਂ ਉਹਨਾਂ ਦਾ ਬੜੀ ਮੁਸ਼ਕਿਲ ਨਾਲ ਬਚਾਅ ਹੋਇਆ ਹੈ । ਇਸ ਤਰ੍ਹਾਂ ਬ੍ਰਤਾਨੀਆਂ ਵਿਚੋਂ 'ਦੇਸ ਪ੍ਰਦੇਸ' ਅਤੇ ਕੈਨੇਡਾ ਵਿਚੋਂ 'ਇੰਡੋ-ਕੈਨੇਡੀਅਨ ਟਾਈਮਜ' ਜਿਥੇ ਸਭ ਤੋਂ ਵੱਧ ਖਰੀਦੇ ਤੇ ਪੜ੍ਹੇ ਜਾਂਦੇ ਹਨ ਉਥੇ ਇਹਨਾਂ ਨੂੰ ਇਸ਼ਤਿਹਾਰ ਵੀ ਬਹੁਤ ਮਿਲਦੇ ਹਨ । ਇਹ ਦੋਵੇਂ ਪਰਚਾ ਲੋਕ-ਰਾਏ ਨੂੰ ਢਾਲਣ, ਬਣਾਉਣ ਅਤੇ ਉਹਨੂੰ ਇਕ ਮੁਹਿੰਮ ਦਾ ਰੂਪ ਦੇਣ ਵਿਚ ਸਭ ਤੋਂ ਵੱਧ ਸਮਰੱਥ ਹਨ । ਇਹਨਾਂ ਦੋਹਾਂ ਨੂੰ ਖਾਲਿਸਤਾਨ ਦੀ ਵਿਚਾਰਧਾਰਾ ਨੂੰ ਵਿਗਸਾਉਣ ਅਤੇ ਫੈਲਾਉਣ ਦਾ ਸਿਹਰਾ ਵੀ ਜਾਂਦਾ ਹੈ ।

ਉਂਜ ਤਾਂ ਕੈਨੇਡਾ ਵਿਚ ਛਪਣ ਵਾਲਾ ਸਭ ਤੋਂ ਪਹਿਲਾ ਪੰਜਾਬੀ ਪਰਚਾ ਸ਼ਾਇਦ 'ਗਦਰ-ਗੂੰਜਾਂ' ਸੀ, ਪਰੰਤੂ ਉਸਨੂੰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਇਤਿਹਾਸ ਵਿਚ ਰੱਖ ਕੇ ਵੇਖਣ ਦੀ ਜ਼ਰੂਰਤ ਹੈ । ਉਸਤੋਂ ਪਿਛੋਂ ਪੰਜਾਬੀ ਜਾਂ ਪੰਜਾਬੀ/ਅੰਗ੍ਰੇਜ਼ੀ ਪਰਚੇ ਉਦੋਂ ਹੀ ਪ੍ਰਕਾਸ਼ਤ ਹੋਣੇ ਸ਼ੁਰੂ ਹੋਏ ਜਦੋਂ ਭਾਰਤੀ/ਪੰਜਾਬੀ ਪਰਵਾਸੀਆਂ ਵਜੋਂ ਕੈਨੇਡਾ ਜਾ ਕੇ ਵੱਸਣੇ ਸ਼ੁਰੂ ਹੋਏ । ਕੈਨੇਡਾ ਵਿਚ ਇਹ ਪ੍ਰਕਿਰਿਆ ਬ੍ਰਤਾਨੀਆ ਨਾਲੋਂ ਕਰੀਬ ਇਕ ਦਹਾਕਾ ਪਿਛੋਂ ਆਰੰਭ ਹੋਈ ਯਾਨਿ 1970ਵਿਆਂ ਵਿਚ ਅਤੇ ਉਦੋਂ ਹੀ ਉਥੇ ਪੰਜਾਬੀ ਪੱਤਰਕਾਰੀ ਦਾ ਆਰੰਭ ਵੀ ਹੋਇਆ । ਉਥੇ ਕਰੀਬ 40 ਮਾਸਿਕ ਅਤੇ

ਤ੍ਰੈਮਾਸਕ ਪਰਚੇ ਪ੍ਰਕਾਸ਼ਤ ਹੋਣ ਦਾ ਇਤਿਹਾਸ ਮਿਲਦਾ ਹੈ ਜਿਨ੍ਹਾਂ ਵਿਚੋਂ ਕੁਝ ਬੰਦ ਹੋ ਗਏ ਅਤੇ ਕੁਝ ਅਜੇ ਵੀ ਛਪਦੇ ਹਨ। ਇਸੇ ਹੀ ਤਰ੍ਹਾਂ ਤਕਰੀਬਨ 30 ਪਰਚੇ ਸਪਤਾਹਿਕ ਤੇ ਪੰਦਰਵਾੜੇ ਸ਼ੁਰੂ ਕੀਤੇ ਗਏ ਜਿਨ੍ਹਾਂ ਵਿਚੋਂ ਫੇਰ ਕੁਝ ਅਜੇ ਛਪਦੇ ਹਨ ਅਤੇ ਕੁਝ ਬੰਦ ਹੋ ਚੁੱਕੇ ਹਨ।

ਪੰਜਾਬੀਆਂ ਦੇ ਪਰਵਾਸ ਦੇ ਦੂਜੇ ਦੇਸ਼ਾਂ ਜਿਵੇਂ ਮਲਾਇਆ, ਸਿੰਘਾਪੁਰ, ਅਫਰੀਕਾ, ਅਮਰੀਕਾ, ਹੋਲੈਂਡ, ਜਰਮਨੀ ਆਦਿ ਵਿਚ ਵੀ ਪੰਜਾਬੀ ਪਰਚੇ ਨਿਕਲੇ/ਨਿਕਲ ਰਹੇ ਹੋਣਗੇ ਪਰ ਸਾਡੇ ਪਾਸ ਉਹਨਾਂ ਦੀ ਸੂਚਨਾ ਨਹੀਂ ਹੈ। ਸਿੱਟੇ ਵਜੋਂ ਸਾਡੇ ਇਹ ਸਰਵੇਖਣ ਕੇਵਲ ਬ੍ਰਤਾਨੀਆ ਅਤੇ ਕੈਨੇਡਾ ਤੱਕ ਹੀ ਸੀਮਤ ਹੈ।

ਅਸਾਂ ਸ਼ੁਰੂ ਵਿਚ ਹੀ ਕਿਹਾ ਸੀ ਕਿ ਵਰਤਮਾਨ ਯੁੱਗ ਸ਼ਬਦ ਸਭਿਆਚਾਰ ਅਤੇ ਪ੍ਰਵਚਨ-ਸਿਰਜਣ ਦਾ ਯੁੱਗ ਹੈ। ਅਜੋਕੀ ਸਮਾਜਕ, ਸਭਿਆਚਾਰਕ, ਰਾਜਨੀਤਿਕ, ਆਰਥਕ, ਮਨੋਵਿਗਿਆਨਕ ਅਰਥਾਤ ਹਰੇਕ ਖੇਤਰ ਦੀ ਲੜਾਈ ਜਾਂ ਸੰਘਰਸ਼ ਦਾ ਅਖਾੜਾ ਕੇਵਲ ਸ਼ਬਦ ਹੈ। ਸ਼ਬਦ ਅਜੋਕੇ ਯੁੱਗ ਦਾ ਵਿਚਾਰਧਾਰਕ ਹਥਿਆਰ ਵੀ ਹੈ ਅਤੇ ਲੜਾਈ ਦਾ ਮੈਦਾਨ ਵੀ। ਵਿਰੋਧੀ ਸੰਘਰਸ਼ ਵਿਚ ਹੀ ਸ਼ਬਦ ਨੂੰ ਅਰਥ-ਉਤਪਾਦਨ ਦਾ ਮੌਕਾ ਮਿਲਦਾ ਹੈ ਤੇ ਪ੍ਰਵਚਨ ਇਕ ਵਿਚਾਰਧਾਰਕ ਰੂਪ ਇਖ਼ਤਿਆਰ ਕਰਦਾ ਹੈ। ਸ਼ਬਦ ਅਤੇ ਪ੍ਰਵਚਨ ਦੇ ਸਾਹਮਣੇ ਬਾਕੀ ਸਭ ਹਥਿਆਰ ਨਿਸੱਤੇ ਸਾਬਤ ਹੁੰਦੇ ਹਨ ਅਤੇ ਸ਼ਬਦ ਤੇ ਪ੍ਰਵਚਨ ਤੋਂ ਬਗੈਰ ਅਰਥਾਤ ਭੌਤਿਕ ਹਥਿਆਰਾਂ ਨਾਲ ਲੜੀ ਹਰ ਲੜਾਈ ਅੰਤ ਵਿਚ ਹਾਰੀ ਹੀ ਜਾਂਦੀ ਹੈ। ਹਥਿਆਰ ਤਾਂ ਸਿਰਫ਼ ਆਤੰਕ ਪੈਦਾ ਕਰ ਸਕਦੇ ਹਨ ਪਰੰਤੂ ਸ਼ਬਦ/ਪ੍ਰਵਚਨ ਵਿਧਾਰਧਾਰਾ ਦੇ ਸੰਘਰਸ਼ ਦੇ ਖੇਤਰ ਵਿਚ ਸ਼ਾਮਿਲ ਹੋ ਕੇ ਵਿਰੋਧੀ ਵਿਚਾਰਧਾਰਾ ਦਾ ਸਫਾਇਆ ਕਰਦੇ ਹਨ।

ਇਸ ਨੁਕਤਾ-ਨਜ਼ਰ ਤੋਂ ਅਖਬਾਰਾਂ, ਰਸਾਲਿਆਂ, ਪੱਤਰਾਂ ਤੇ ਪੱਤਰਕਾਵਾਂ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ। ਕਿਸੇ ਵਿਚਾਰਧਾਰਾ ਦਾ ਹਾਰ ਜਾਣਾ, ਮਾਂਦੀ ਪੈ ਜਾਣਾ ਅਜਿਹੀ ਸਥਿਤੀ ਹੈ ਜਿਥੇ ਵਿਰੋਧੀ ਵਿਚਾਰਧਾਰਾ ਜਿੱਤਦੀ ਹੈ। ਵਿਚਾਰਧਾਰਾ ਦੀ ਹਾਰ ਵਿਚਾਰਧਾਰਕ ਹਿੱਤ ਦੀ ਅਤੇ ਉਸ ਹਿੱਤ ਦੇ ਸੰਬੰਧਾਂ ਦੀ, ਸਮੂਹਾਂ ਦੀ ਹਾਰ ਹੈ। ਪੰਜਾਬੀ ਭਸ਼ਾ ਅਤੇ ਸਭਿਆਚਾਰ ਦੀ ਲੜਾਈ ਵੀ ਸ਼ਬਦ ਦੀ ਲੜਾਈ ਹੈ, ਚਿਹਨ ਦੀ ਲੜਾਈ ਹੈ। ਇਹ ਪ੍ਰਵਚਨ ਦੀ ਲੜਾਈ ਹੈ ਜਿਸ ਨੂੰ ਕੁਰਾਹੇ ਪਾ ਦਿਤਾ ਗਿਆ ਹੈ। ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਦਾ ਸੰਘਰਸ਼ ਵੀ ਪ੍ਰਮੁੱਖ ਰੂਪ ਵਿਚ ਪ੍ਰਵਚਨ ਦੇ ਹੀ ਰੂਪ ਵਿਚ ਪ੍ਰਗਟ ਹੋਇਆ ਹੈ ਜਿਸ ਨੇ ਵਿਰੋਧੀ ਪ੍ਰਵਚਨਾਂ ਨੂੰ ਪਛਾੜ ਕੇ ਰੱਖ ਦਿਤਾ। ਅਤੇ ਉਹ ਪ੍ਰਵਚਨ ਅੱਜ ਵੀ ਜਿਊਂਦੀ ਜਾਗਦੀ ਸੱਚਾਈ ਹੈ, ਇਤਿਹਾਸ ਹੈ — ਸਾਡੇ ਕੋਲ ਸਾਂਭਿਆ ਹੋਇਆ। ਹਥਿਆਰਾਂ ਦਾ ਯੁੱਧ ਤਾਂ ਸ਼ਾਇਦ ਕਦੇ ਭੁੱਲ ਜਾਏ ਪਰੰਤੂ ਪ੍ਰਵਚਨਾਂ ਦਾ ਯੁੱਧ ਕਦੇ ਨਹੀਂ ਭੁੱਲ ਸਕਦਾ। ਇਹ ਯੁੱਧ ਗੁਰੂ ਗਰੰਥ ਸਾਹਿਬ ਦੀ ਸ਼ਕਲ ਵਿਚ ਅੱਜ ਵੀ ਸਾਡੇ ਕੋਲ ਸਾਂਭਿਆ ਪਿਆ ਹੈ।

ਸ਼ਬਦ ਅਤੇ ਪ੍ਰਵਚਨ ਦੇ ਮਹੱਤਵ ਨੂੰ ਸਾਹਮਣੇ ਰਖਦਿਆਂ ਬਦੇਸ਼ਾਂ ਵਿਚ ਵਸਦੇ

ਪੰਜਾਬੀਆਂ ਦੀ ਪੰਜਾਬੀ ਪੱਤਰਕਾਰੀ ਦੇ ਮਹਤੱਵ ਨੂੰ ਸਮਝਿਆ ਜਾ ਸਕਦਾ ਹੈ। ਉਹਨਾਂ ਦੇ ਅੱਗੇ ਅਨੇਕਾਂ ਸਮਸਿਆਵਾਂ ਸਨ : ਆਰਥਕਤਾ ਦੀਆਂ, ਸਮਾਜਿਕਤਾ ਦੀਆਂ, ਰਾਜਨੀਤੀ ਦੀਆਂ, ਸਭਿਆਚਾਰ ਦੀਆਂ, ਨਸਲਵਾਦ ਦੀਆਂ ਅਤੇ ਹੋਰ ਅਨੇਕਾਂ। ਤੇ ਇਹਨਾਂ ਦੀ ਲੜਾਈ ਉਹਨਾਂ ਸ਼ਬਦ ਅਤੇ ਪ੍ਰਵਚਨ-ਸਿਰਜਣ ਦੇ ਰੂਪ ਵਿਚ ਲੜੀ। ਸਟੇਟ ਦੇ ਆਤੰਕ, ਦਮਨ ਅਤੇ ਜ਼ੋਰ ਅੱਗੇ ਵਿਅਕਤੀਆਂ ਦੇ ਸਮੂਹ ਨਹੀਂ ਟਿਕ ਸਕਦੇ, ਪਰੰਤੂ ਸ਼ਬਦ ਅਤੇ ਪ੍ਰਵਚਨ ਦੀ ਲੜਾਈ ਵਿਚ ਸਟੇਟ, ਵਿਅਕਤੀਆਂ ਤੇ ਵਿਅਕਤੀ-ਸਮੂਹਾਂ ਕੋਲੋ ਬਹੁਤੀ ਵਾਰੀ ਹਾਰ ਜਾਂਦੀ ਹੈ। ਭਾਰਤ ਦੀ ਆਜ਼ਾਦੀ ਦਾ ਸੰਘਰਸ਼ ਇਸ ਗੱਲ ਦੀ ਗਵਾਹੀ ਭਰਦਾ ਹੈ। ਤੇ ਹੁਣ ਦੱਖਣੀ ਅਫਰੀਕਾ ਦੀ ਮਿਸਾਲ ਸਾਡੇ ਸਾਹਮਣੇ ਹੈ। ਸੱਤਾ ਅਤੇ ਸਮਾਜ ਦੀਆਂ ਜਾਬਰ ਧਿਰਾਂ ਕੇਵਲ ਸ਼ਬਦ ਅਤੇ ਪ੍ਰਵਚਨ ਕੋਲੋਂ ਹੀ ਡਰਦੀਆਂ ਹਨ ਹਥਿਆਰਾਂ ਕੋਲੋਂ ਨਹੀਂ। ਇਸ ਲਈ ਸਭਿਆਚਾਰਕ ਸਮਾਜਕ ਤੇ ਰਾਜਨੀਤਿਕ ਪ੍ਰਵਚਨਾਂ ਦੀ ਜ਼ਰੂਰਤ ਅੱਜ ਹੋਰ ਵਧੇਰੇ ਹੈ। ਇਹੋ ਹੀ ਵਰਤਮਾਨ ਪੱਤਰਕਾਰੀ ਦਾ ਵਰਤਮਾਨ ਤਕਾਜ਼ਾ ਹੈ।

ਹਵਾਲੇ ਤੇ ਟਿੱਪਣੀਆਂ

1. ਜੁਗਿੰਦਰ ਸ਼ਮਸ਼ੇਰ, ਬਰਤਾਨੀਆ ਵਿਚ ਪੰਜਾਬੀ ਜੀਵਨ ਤੇ ਸਾਹਿਤ, ਪੰਨਾ 110
2. ਉਹੀ, ਪੰਨਾ 143
3. ਉਹੀ, ਪੰਨਾ 111
4. ਉਹੀ, ਪੰਨਾ 111
5. ਉਹੀ, ਪੰਨਾ 111
6. ਉਹੀ, ਪੰਨਾ 112
7. ਉਹੀ, ਪੰਨਾ 113
8. ਉਹੀ, ਪੰਨਾ 116
9. ਉਹੀ, ਪੰਨਾ 116
10. ਰਵਿੰਦਰ ਰਵੀ (ਸੰ:) ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ ਸਫ਼ੇ 18-21।

ਹਵਾਲਾ ਪੁਸਤਕ

1. ਜੋਗਿੰਦਰ ਸ਼ਮਸ਼ੇਰ/ਬਰਤਾਨੀਆ ਵਿਚ ਪੰਜਾਬੀ ਜੀਵਨ ਤੇ ਸਾਹਿਤ ਅੰਮ੍ਰਿਤਸਰ; ਰਵੀ ਸਾਹਿਤ ਪ੍ਰਕਾਸ਼ਨ; 1992; ਕੀਮਤ 75/- ਰੁਪਏ।
2. ਰਵਿੰਦਰ ਰਵੀ (ਸੰ:) ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ ਦਿੱਲੀ; ਨਵਯੁੱਗ ਪਬਲਿਸ਼ਰਜ਼; 1992; ਕੀਮਤ 400/- ਰੁਪਏ।

ਬ੍ਰਤਾਨਵੀ ਪੰਜਾਬੀ ਕਹਾਣੀ ਵਿਚ ਅਜਨਬੀਅਤ ਦੇ ਰਿਸ਼ਤੇ

ਅੱਜ ਦੇ ਇਸ ਸੰਮੇਲਨ[1] ਲਈ ਅਜਨਬੀਅਤ ਦਾ ਵਿਸ਼ਾ ਚੁਣਨ ਦੇ ਮੇਰੇ ਵਿਸ਼ੇਸ਼ ਕਾਰਨ ਹਨ। ਮੇਰੇ ਲਈ ਮਨੁੱਖ ਵਿਸ਼ੇਸ਼ ਹੈ — ਵਿਸ਼ੇਸ਼ ਅਤੇ ਮਹਾਨ। ਉਹ ਜਿਸ ਸਮਾਜ ਵਿਚ ਜੀਅ ਰਿਹਾ, ਰਹਿ ਰਿਹਾ ਅਤੇ ਉਤਪਾਦਨ ਕਰ ਰਿਹਾ ਹੈ, ਉਹ ਸਮਾਜ ਉਹਦੇ ਸਾਹਵੇਂ ਦੁਸ਼ਮਣ ਵਾਂਗ ਖੜਾ ਹੈ। ਸਮਾਜ ਕੀ ਹੈ? ਸਮਾਜ ਦੀ ਬਣਤਰ ਕੀ ਹੈ? ਸਟੇਟ ਅਤੇ ਸਮਾਜ ਦੋ ਗੱਲਾਂ ਨਹੀਂ ਹੁੰਦੀਆਂ। ਸਮਾਜ ਦੀ ਬਣਤਰ ਦਾ ਦੂਜਾ ਨਾਮ ਸਟੇਟ ਹੈ। ਸਟੇਟ ਜਾਂ ਰਾਜ ਸਮਾਜਿਕ ਬੁਰਾਈ ਨੂੰ ਉਹਨਾਂ ਪ੍ਰਾਕ੍ਰਿਤਿਕ ਨੇਮਾਂ ਦੀ ਪੈਦਾ ਕੀਤੀ ਹੋਈ ਮੰਨਦਾ ਹੈ, ਜਿਹਨਾਂ ਨੂੰ ਕੋਈ ਮਾਨਵੀ ਸ਼ਕਤੀ ਕਾਬੂ ਨਹੀਂ ਕਰ ਸਕਦੀ ਜਾਂ ਇਹ ਬੁਰਾਈ ਦੀ ਜੜ੍ਹ ਨਿੱਜੀ ਜੀਵਨ ਵਿਚ ਵੇਖਦਾ ਹੈ ਜਿਹੜੀ ਰਾਜ ਤੋਂ ਆਜ਼ਾਦ ਹੈ। ਬਰਤਾਨੀਆ ਦਾ ਪੂੰਜੀਵਾਦੀ ਤਾਂ ਇਹ ਵੀ ਕਹਿੰਦਾ ਰਿਹਾ ਹੈ ਕਿ ਗ਼ਰੀਬੀ, ਗ਼ਰੀਬ ਲੋਕਾਂ ਦੇ ਭੈੜੇ, ਚਿੜ-ਚਿੜ੍ਹੇ ਅਤੇ ਬੁਰੇ ਸੁਭਾਅ ਕਰਕੇ ਹੈ।

ਅੱਜ ਦਾ ਬਰਤਾਨਵੀ ਸਮਾਜ ਕੇਵਲ ਬੀਮਾਰ ਹੀ ਨਹੀਂ, ਸਗੋਂ ਬਹੁਤ ਹੀ ਬੀਮਾਰ ਹੈ। ਮਾਨਸਿਕ ਰੋਗੀਆਂ ਦੀ ਇਕ ਵੱਡੀ ਗਿਣਤੀ ਹਸਪਤਾਲਾਂ ਵਿਚ ਜਾਨਾਂ ਤੋੜ ਰਹੀ ਹੈ। ਹਰੇਕ ਮਨੁੱਖ ਦੂਜੇ ਮਨੁੱਖ ਦੇ ਪ੍ਰਸੰਗ ਵਿਚ ਧੋਖੇਬਾਜ਼, ਖ਼ੁਦਗਰਜ਼ ਅਤੇ ਦਗ਼ੇਬਾਜ਼ ਹੈ। ਹਰ ਮਨੁੱਖ ਪੈਸਾ ਪੈਸਾ ਕਰਦਾ ਪੈਸੇ ਦੀ ਗੁਲਾਮੀ ਕਰ ਰਿਹਾ ਹੈ। ਪੈਸਾ ਉਹਦਾ ਗੁਲਾਮ, ਉਹਦਾ ਸੇਵਕ ਨਹੀਂ, ਉਹਦਾ ਮਾਲਕ ਹੈ। ਬਰਤਾਨਵੀ ਸਟੇਟ ਪਰਾਈਵੇਟ ਸੈਕਟਰ ਨੂੰ ਹੋਰ ਮਜ਼ਬੂਤ ਕਰ ਰਹੀ ਹੈ। ਹਰੇਕ ਕੰਮ, ਹਰੇਕ ਪ੍ਰਕਿਰਿਆ, ਹਰ ਪ੍ਰਯੋਜਨ ਵਿਚੋਂ ਮੁਨਾਫ਼ਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬੇਰੁਜ਼ਗਾਰੀ ਆਪਣੀ ਚਰਮ-ਸੀਮਾ ਤੇ ਪਹੁੰਚ ਚੁੱਕੀ ਹੈ। ਬੇਰੁਜ਼ਗਾਰ ਨੌਜਵਾਨ ਭਟਕ ਗਏ ਹਨ, ਨਸ਼ਿਆਂ ਦੇ ਹਵਾਲੇ ਹੋ ਗਏ ਹਨ। ਲੁੱਟ-ਮਾਰ, ਅੱਗਜ਼ਨੀ ਤੇ ਰੇਪ ਕਰਦੇ ਹਨ। ਪੁਲੀਸ ਉਹਨਾਂ ਨੂੰ ਕੈਦ ਕਰਦੀ ਹੈ। ਮੈਜਿਸਟਰੇਟ ਉਹਨਾਂ ਨੂੰ ਲੰਮੀਆਂ ਸਜ਼ਾਵਾਂ ਸੁਣਾਉਂਦਾ ਹੈ, ਤੇ ਮਰਜ਼ ਦਾ ਇਲਾਜ ਹੋਇਆ ਸਮਝ ਲਿਆ ਜਾਂਦਾ ਹੈ।

ਬਰਤਾਨੀਆ ਦਾ ਵਿਅਕਤੀ ਕੱਲਾ-ਕਾਰਾ ਹੈ, ਆਪਣੇ ਆਪ ਤੋਂ, ਸਮਾਜ ਤੋਂ ਆਪਣੀ ਕਿਰਤ ਤੋਂ, ਦੂਜੇ ਮਨੁੱਖਾਂ ਤੋਂ ਇਕ ਦਮ ਟੁੱਟ ਚੁੱਕਾ ਹੈ। ਉਹ ਵਿਅਕਤੀ

ਅਜ਼ਾਦੀ ਦੇ ਭਰਮ ਅਧੀਨ ਆਪਣੇ ਕਮਰੇ ਵਿਚ ਬੰਦ ਹੈ। ਘਰ ਤੋਂ ਕੰਮ, ਕੰਮ ਤੋਂ ਪੱਬ, ਪੱਬ ਤੋਂ ਜੂਆਖਾਨਾ, ਕੁੱਤੇ-ਘੋੜੇ ਦੀ ਰੇਸ ਤੇ ਫਿਰ ਵਾਪਿਸ ਘਰ। ਸੋਮਵਾਰ ਸਵੇਰ ਨੂੰ ਫਿਰ ਫੈਕਟਰੀ ਵਿਚ। ਸਟੇਟ ਨੇ ਜਿੰਨੇ ਪੈਸੇ ਵੀਕ-ਐਂਡ ਤੇ ਉਹਦੀ ਜੇਬ ਵਿਚ ਪਾਏ ਸਨ, ਉੱਨੇ ਦੇ ਉੱਨੇ ਦੋ ਦਿਨਾਂ ਵਿਚ ਉਹਦੀ ਜੇਬ 'ਚੋਂ ਕੱਢ ਲਏ ਹਨ। ਉਹ ਹੁਣ ਫਿਰ ਫੈਕਟਰੀ/ਦਫਤਰ ਜਾਣ ਅਤੇ ਕੰਮ ਕਰਨ ਲਈ ਮਜਬੂਰ ਹੈ। ਉਪਰੋਕਤ ਅੱਯਾਸ਼ੀਆਂ ਨਾ ਕਰਨ ਦੀ ਹਾਲਤ ਵਿਚ ਗੈਸ ਦਾ ਬਿੱਲ, ਬਿਜਲੀ ਦਾ ਬਿੱਲ, ਪਾਣੀ ਦਾ ਬਿੱਲ, ਕਰਜ਼ਿਆਂ ਦੀਆਂ ਕਿਸ਼ਤਾਂ ਤੇ ਆਮ ਮਨੁੱਖੀ ਲੋੜਾਂ ਦੀ ਮਹਿੰਗਾਈ ਉਹਨੂੰ ਸੋਮਵਾਰ ਸਵੇਰੇ ਹਰ ਹਾਲਤ ਵਿਚ ਫੈਕਟਰੀ ਵੱਲ ਧੱਕਾ ਦੇ ਦਏਗੀ। ਫੈਕਟਰੀ ਚੱਲ ਰਹੀ ਹੈ। ਮਜ਼ਦੂਰ ਜਥੇਬੰਦੀਆਂ ਨੂੰ ਪ੍ਰਭਾਵਹੀਨ ਕਰ ਦਿਤਾ ਗਿਆ ਹੈ। ਕਿਸੇ ਹੜਤਾਲ ਦਾ ਕੋਈ ਡਰ ਨਹੀਂ। ਪੂੰਜੀਪਤੀ ਦਾ ਮੁਨਾਫ਼ਾ ਬਰਕਰਾਰ ਹੈ।

ਔਸਤ ਭਾਰਤੀ/ਪਾਕਿਸਤਾਨੀ ਦੀ ਹਾਲਤ ਹੋਰ ਵੀ ਗੰਭੀਰ ਹੈ। ਰਿਹਾਇਸ਼ ਰੁਜ਼ਗਾਰ, ਸਮਾਜਿਕ ਸੁਵਿਧਾਵਾਂ, ਰਾਜਨੀਤਕ ਜੀਵਨ ਅਤੇ ਵਿਦਿਆ ਦੇ ਖੇਤਰ ਵਿਚ ਦਰਪੇਸ਼ ਨਸਲਵਾਦ ਉਹਨੂੰ ਮੁੱਖ-ਧਾਰਾ ਤੋਂ ਤੋੜ ਕੇ ਸਮਾਜ ਦੇ ਕੰਢੇ ਤੇ ਖਲੋ ਜਾਣ ਦਾ ਭਾਗੀ ਬਣਾ ਰਿਹਾ ਹੈ। ਉਹ ਸੀਮਾਂਵਰਤੀ ਮਨੁੱਖ ਹੈ। ਉਹ ਆਪਣੇ ਖੋਲ ਵਿਚ ਵੀ ਸੁੰਗੜਦਾ ਤੇ ਵੜਦਾ ਜਾ ਰਿਹਾ ਹੈ। ਉਹ ਹੁਣ ਪਰਵਾਸੀ ਮਨੁੱਖ ਵੀ ਨਹੀਂ ਰਿਹਾ ਬਲਕਿ ਆਬਾਦਕਾਰ ਬਣ ਚੁੱਕਾ ਹੈ। ਅੱਗੇ ਉਹਨੂੰ ਦੇਸ਼ ਵਾਪਸ ਪਰਤਣ ਦੀ ਸਿੱਕ ਸੀ ਜਾਂ ਫਿਰ ਆਸ ਵੀ ਸੀ ਪਰ ਹੁਣ ਉਹ ਉਥੇ ਸੈਟਲਰ ਬਣ ਚੁੱਕਾ ਹੈ। ਪਰਵਾਸੀ ਮਨੁੱਖ ਦੀ ਹੋਂਦ ਨੇ ਉਹਦੀ ਚੇਤਨਾ ਨੂੰ ਅਨਿਸ਼ਚਿਤ ਬਣਾ ਦਿੱਤਾ ਸੀ, ਪਰ ਆਬਾਦਕਾਰ ਬਣ ਜਾਣ ਨੇ ਉਹਦੀ ਚੇਤਨਾ ਨੂੰ ਬੀਮਾਰ ਕਰ ਦਿੱਤਾ ਹੈ। ਉਹ ਕਦੇ ਵਾਪਸ ਨਹੀਂ ਆਏਗਾ ਪਰ ਉਹ ਉਥੇ ਵੀ ਜੀ ਨਹੀਂ ਸਕੇਗਾ।

ਬਰਤਾਨਵੀ ਸਮਾਜ ਦਾ ਹਰ ਵਿਅਕਤੀ ਅਜਨਬੀਅਤ ਦਾ ਸ਼ਿਕਾਰ ਹੈ। ਉਹ ਭੌਰ ਭੌਰ ਹੋਇਆ ਪਰਸਥਿਤੀਆਂ ਨੂੰ ਵੇਖ ਰਿਹਾ ਹੈ। ਉਹਦੇ ਨਾਲ ਹੋ ਰਿਹਾ ਧੱਕਾ ਤੇ ਧੋਖਾ ਉਹਨੂੰ ਵਿਜੋਗੀ ਬਣਾ ਰਹੇ ਹਨ। ਉਹ ਸਵੈ ਤੋਂ, ਸਮਾਜ ਤੋਂ, ਕਿਰਤ ਤੋਂ ਅਤੇ ਆਪਣੇ ਸਾਥੀ ਮਨੁੱਖਾਂ ਤੋਂ ਵਿਜੋਗਿਆ ਗਿਆ ਹੈ। ਭਾਰਤੀ ਜਾਂ ਪਾਕਿਸਤਾਨੀ ਵਿਅਕਤੀ ਦੂਹਰੀ ਮਾਰ ਹੇਠਾਂ ਹੈ। ਸਮੁੱਚੀ ਮਜ਼ਦੂਰ ਜਮਾਤ ਦਾ ਅੰਗ ਹੋਣ ਦੇ ਬਾਵਜੂਦ, ਉਪਜ ਦੇ ਪੂੰਜੀਵਾਦੀ ਰਿਸ਼ਤਿਆਂ ਵਿਚ ਸ਼ੋਸ਼ਿਤ ਧਿਰ ਵਜੋਂ ਸ਼ਮੂਲੀਅਤ ਦੇ ਬਾਵਜੂਦ ਉਹ ਸਾਥੀ ਗੋਰੇ ਮਜ਼ਦੂਰ ਦੀ ਨਫ਼ਰਤ ਦਾ ਸ਼ਿਕਾਰ ਹੈ। ਉਹ ਵੀ ਅੰਦਰੋਂ ਬਾਹਰੋਂ ਟੁੱਟ ਕੇ ਤਿੜਕ ਰਿਹਾ ਹੈ। ਮਾਨਸਿਕ ਬੀਮਾਰੀਆਂ, ਸਰੀਰਕ ਦੁੱਖ ਅਤੇ ਭਵਿੱਖ ਲਈ ਕਿਸੇ ਆਸ਼ਾਮਈ ਦ੍ਰਿਸ਼ਟੀ ਦਾ ਅਭਾਵ ਉਹਨੂੰ ਅੰਦਰੋਂ ਬਾਹਰੋਂ ਉਜਾੜ ਰਿਹਾ ਹੈ।

ਨਿਸ਼ਚੇ ਹੀ ਅਜ਼ਨਬੀਕਰਨ ਦੀ ਇਸ ਗੰਭੀਰ ਪ੍ਰਕਿਰਿਆ ਦਾ ਵਿਸਤ੍ਰਿਤ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਬਰਤਾਨਵੀ ਪੰਜਾਬੀ ਕਹਾਣੀ ਨੂੰ ਬਰਤਾਨਵੀ ਮਨੁੱਖ ਦੀ ਇਸ ਪਰਸਥਿਤੀ ਦੀ ਗੱਲ ਕਰਦਿਆਂ ਸੁਣਨ ਤੋਂ ਪਹਿਲਾਂ ਅਜਨਬੀਅਤ ਦੀ ਪਛਾਣ ਕਰ ਲੈਣੀ ਉਚਿਤ ਹੈ।

ਅਜਨਬੀਅਤ ਦੇ ਪ੍ਰਵਰਗ ਨੂੰ ਇਥੇ ਅਸੀਂ ਐਲੀਏਨੇਸ਼ਨ ਦੇ ਅਰਥਾਂ ਵਿਚ ਪ੍ਰਯੁਕਤ ਕਰ ਰਹੇ ਹਾਂ ਨਾ ਕਿ ਰੂਪਵਾਦ ਵਾਲੀ ਅਜਨਬੀਅਤ ਜਾਂ ਅਜਨਬੀਕਰਨ ਦੇ ਅਰਥਾਂ ਵਿਚ ਜੋ ਕਿ ਐਸਟ੍ਰੇਂਜਮੈਂਟ ਦਾ ਪੰਜਾਬੀ ਰੂਪਾਂਤਰ ਹੈ। ਐਲੀਏਨੇਸ਼ਨ ਲਈ ਅਸੀਂ ਹੋਰ ਵੀ ਕਈ ਪੰਜਾਬੀ ਰੂਪਾਂਤਰ ਵਰਤਾਂਗੇ ਜਿਵੇਂ ਬੇਗਾਨਗੀ, ਉਪਰਾਪਨ, ਵਿਜੋਗ, ਪਰਾਇਆਪਨ ਆਦਿ। ਹਿੰਦੀ ਵਾਲੇ ਏਸ ਸੰਕਲਪ ਲਈ ਅਲਗਾਵ ਸ਼ਬਦ ਦੀ ਵਰਤੋਂ ਕਰਦੇ ਹਨ, ਪਰ ਪੰਜਾਬੀ ਵਿਚ ਅਜਨਬੀਕਰਨ ਹੀ ਵਧੇਰੇ ਪਰਵਾਨ ਹੋਇਆ ਹੈ।

ਮਾਰਕਸ ਦਾ ਅਜਨਬੀਅਤ ਦਾ ਸੰਕਲਪ ਉਹਦੇ ਆਮ ਸਮਾਜ-ਸਿਧਾਂਤ ਅਤੇ ਵਿਸ਼ੇਸ਼ ਕਰਕੇ ਸਾਹਿਤ ਤੇ ਸਮਾਜ ਦੇ ਰਿਸ਼ਤੇ ਲਈ ਵੀ ਅਹਿਮ ਹੈ।

ਪੂੰਜੀਵਾਦ, ਉਤਪਾਦਨ ਦਾ ਉਹ ਪ੍ਰਬੰਧ ਹੈ ਜਿਹੜਾ ਮਿਹਨਤ ਦੀ ਵਿਆਪਕ ਵੰਡ, ਜਿਸ ਵਿਚ ਬੌਧਿਕ ਅਤੇ ਸਰੀਰਕ ਮਿਹਨਤ ਵਿਚਲੀ ਵੰਡ ਵੀ ਸ਼ਾਮਿਲ ਹੈ, ਅਜੇਹਾ ਸਮਾਜ ਸਿਰਜਦਾ ਹੈ ਜਿਸ ਵਿਚ ਮਨੁੱਖੀ ਪੂਰਨਤਾ ਦਾ ਬੋਧ, ਉਹਦੀ ਬਹੁ-ਦਿਸ਼ਾਵੀ ਯੋਗਤਾ ਘੱਟ ਕੇ ਮਹਿਜ਼ ਇਕ ਟੁਕੜਾ ਰਹਿ ਜਾਂਦੀ ਹੈ। ਉਹਦੀ ਇੰਦਰਿਆਵੀ, ਜਜ਼ਬਾਤੀ ਅਤੇ ਸਿਰਜਣਾਤਮਿਕ ਯੋਗਤਾ ਇਕ ਵਿਸ਼ੇਸ਼ੀਕ੍ਰਿਤ ਕਿਰਿਆ ਵਰਗੇ ਘਟਾਪੂਰਨ ਪ੍ਰਕਾਰਜ ਤਕ ਸੀਮਤ ਹੋ ਜਾਂਦੀ ਹੈ। ਪੂੰਜੀਵਾਦ, ਇਹਦਾ ਨਿਜੀ ਜਾਇਦਾਦ ਦਾ ਸਿਸਟਮ ਅਤੇ ਇਕ ਵਰਗ ਦੀ ਦੂਜੇ ਉਤੇ ਸਰਦਾਰੀ ਅਜੇਹੀਆਂ ਸਮਾਜਕ ਸਥਿਤੀਆਂ ਪੈਦਾ ਕਰਦੇ ਹਨ ਜਿਹਨਾਂ ਵਿਚ ਮਨੁੱਖੀ ਮਿਹਨਤ, ਉਹਦੀ ਸਿਰਜਣਾਤਮਿਕ ਯੋਗਤਾ ਬਾਹਰਮੁਖੀ ਅਤੇ ਸ਼ੋਸ਼ਣਪੂਰਨ ਕਿਰਿਆ ਬਣ ਜਾਂਦੀ ਹੈ; ਅਜੇਹੀ ਸ਼ੈਅ ਜਿਹੜੀ ਮਨੁੱਖ ਨੂੰ ਪੂਰਨ ਕਰਨ ਦੀ ਬਜਾਏ ਉਹਨੂੰ ਅਪੂਰਨ ਕਰਦੀ ਹੈ, ਉਹਦੀ ਹੋਂਦ ਖੋਂਹਦੀ ਹੈ। ਪੂੰਜੀਵਾਦੀ ਉਤਪਾਦਨ ਵਿਚ ਮਨੁੱਖ ਇਕ ਬੇਜਾਨ ਚੀਜ਼ ਹੈ ਅਤੇ ਉਹਦੀ ਮਿਹਨਤ ਇਕ ਅਜੇਹੀ 'ਵਸਤ' ਜਿਹੜੀ ਦੂਜਿਆਂ ਦੁਆਰਾ ਖਰੀਦੀ ਅਤੇ ਵੇਚੀ ਜਾਂਦੀ ਹੈ। ਮਨੁੱਖੀ ਮਿਹਨਤ ਉਪਰੋਂ ਠੋਸੀ ਹੋਈ ਇਕ ਮਜਬੂਰੀ ਹੁੰਦੀ ਹੈ ਜਿਸਦੀ ਉਪਜ ਉਤੇ ਉਹਦਾ ਕੋਈ ਹੱਕ ਨਹੀਂ ਹੁੰਦਾ। ਅਜਨਬੀਅਤ ਵਾਲੇ ਰਿਸ਼ਤਿਆਂ ਦੇ ਸਮਾਜ ਵਿਚ ਲੇਖਕ ਦੀ ਥਾਂ ਦਾ ਨਿਰਣਾ ਕਰਨ ਤੋਂ ਪਹਿਲਾਂ ਸਾਨੂੰ ਅਜਨਬੀਕਰਨ ਦੀ ਪ੍ਰਕਿਰਿਆ ਦੇ ਡੂੰਘ ਵਿਚ ਉਤਰਨ ਦੀ ਲੋੜ ਪ੍ਰਤੀਤ ਹੁੰਦੀ ਹੈ।

ਰਾਜਨੀਤਕ ਆਰਥਕਤਾ ਦਾ ਜ਼ਿਕਰ ਕਰਦਿਆਂ ਮਾਰਕਸ ਅਤੇ ਐਂਗਲਜ਼ ਲਿਖਦੇ ਹਨ : ਰਾਜਨੀਤਿਕ ਆਰਥਕਤਾ ਨਿੱਜੀ ਜਾਇਦਾਦ ਦੇ ਤੱਥ ਤੋਂ ਸ਼ੁਰੂ ਹੁੰਦੀ ਹੈ, ਪਰ ਇਹਦੀ ਵਿਆਖਿਆ ਨਹੀਂ ਕਰਦੀ। ਇਹ ਨਿੱਜੀ ਜਾਇਦਾਦ ਦੀਆਂ ਪ੍ਰਕਿਰਿਆਵਾਂ, ਜਿਵੇਂ ਕਿ ਇਹ ਯਥਾਰਥ ਵਿਚ ਹਨ, ਨੂੰ ਆਮ ਅਤੇ ਅਮੂਰਤ ਫਾਰਮੂਲਿਆਂ ਵਿਚ ਗ੍ਰਹਿਣ ਕਰਦੀ ਹੈ ਜਿਹੜੇ ਕਿ ਫਿਰ ਨੇਮਾਂ ਦੀ ਸ਼ਕਲ ਵਿਚ ਇਹਦੀ ਸੇਵਾ ਕਰਦੇ ਹਨ। ਇਹ ਇਹਨਾਂ ਨੇਮਾਂ ਨੂੰ ਸਮਝਦੀ ਨਹੀਂ, ਯਾਨਿ ਇਹ ਨਹੀਂ ਦੱਸਦੀ ਕਿ ਇਹ ਨੇਮ ਨਿੱਜੀ ਜਾਇਦਾਦ ਦੀ ਪ੍ਰਕਿਰਤੀ 'ਚੋਂ ਕਿਵੇਂ ਜੰਮਦੇ ਹਨ। ਰਾਜਨੀਤਿਕ ਆਰਥਕਤਾ ਕਿਰਤ ਅਤੇ ਪੂੰਜੀ ਅਤੇ ਪੂੰਜੀ ਅਤੇ ਜ਼ਮੀਨ ਵਿਚਲੇ ਫਰਕ ਦੇ ਆਧਾਰਾਂ ਨੂੰ ਅਭਿਵਿਅਕਤ ਨਹੀਂ ਕਰਦੀ। ਮਿਸਾਲ ਲਈ ਜਦੋਂ ਉਜਰਤ ਨੂੰ ਮੁਨਾਫੇ ਦੇ ਪ੍ਰਸੰਗ

ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਤਾਂ ਇਹਨੂੰ ਪੂੰਜੀਪਤੀਆਂ ਦੇ ਹਿੱਤ ਵਜੋਂ ਪੇਸ਼ ਕੀਤਾ ਜਾਂਦਾ ਹੈ; ਦੂਜੇ ਸ਼ਬਦਾਂ ਵਿਚ ਕਲਪਨਾ ਨੂੰ ਹੀ ਵਿਆਖਿਆ ਸਮਝ ਲਿਆ ਜਾਂਦਾ ਹੈ। ਇਸੇ ਤਰ੍ਹਾਂ ਮੁਕਾਬਲੇ ਨੂੰ ਬਾਹਰੀ ਸਥਿਤੀਆਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਰਾਜਨੀਤਿਕ ਆਰਥਕਤਾ ਸਾਨੂੰ ਉਹਨਾਂ ਬਾਹਰੀ ਤੇ ਸੰਜੋਗੀ ਹਾਲਤਾਂ ਬਾਰੇ ਕੁਝ ਨਹੀਂ ਦਸਦੀ ਜੋ ਕਿ ਜ਼ਰੂਰੀ ਵਿਕਾਸ ਦਾ ਹੀ ਪ੍ਰਗਟਾ ਹਨ।

ਕੰਮ ਨਾਲ ਕਿਰਤੀ ਦਾ ਰਿਸ਼ਤਾ, ਪੂੰਜੀਪਤੀ (ਕਿਰਤੀ ਦਾ ਰੱਬ) ਦੇ ਕੰਮ ਨਾਲ ਰਿਸ਼ਤੇ ਨੂੰ ਵੀ ਪ੍ਰਸਤੁਤ ਕਰਦਾ ਹੈ। ਇਹ ਨਿੱਜੀ ਜਾਇਦਾਦ ਅਜਨਬੀਕਰਨ ਦੀ ਪੈਦਾਵਾਰ ਹੈ, ਉਹਦਾ ਲਾਜ਼ਮੀ ਸਿੱਟਾ ਹੈ ਬਿਲਕੁਲ ਉਵੇਂ ਜਿਵੇਂ ਰੱਬ ਮਨੁੱਖੀ ਤਰਕ ਦੇ ਭੁਲੇਖੇ ਦੀ ਪੈਦਾਵਾਰ ਹੈ। ਪਿਛੋਂ ਭਾਵੇਂ ਇਹਨਾਂ ਦੋਹਾਂ ਦੇ ਪ੍ਰਭਾਵ ਦੋ ਤਰਫਾ ਹੋ ਜਾਂਦੇ ਹਨ।

ਮਨੁੱਖ ਦਾ ਹਰ ਪ੍ਰਕਾਰ ਦਾ ਅਜਨਬੀਕਰਨ (ਸਵੈ ਤੋਂ, ਤੇ ਪ੍ਰਕਿਰਤੀ ਤੋਂ) ਉਹਦੇ ਦੂਜੇ ਮਨੁੱਖਾਂ ਨਾਲ, ਸਵੈ ਨਾਲ ਅਤੇ ਪ੍ਰਕਿਰਤੀ ਨਾਲ ਉਸਦੇ ਰਿਸ਼ਤੇ ਵਿਚੋਂ ਲੱਭਦਾ ਹੈ ਜਿਹੜਾ ਕਿ ਉਹ ਇਕ ਮਨੌਤ ਵਜੋਂ ਲੈ ਕੇ ਤੁਰਦਾ ਹੈ। ਵਾਸਤਵਿਕ ਜਗਤ ਵਿਚ ਇਸ ਅਜਨਬੀਅਤ ਨੂੰ ਮਨੁੱਖ ਦੇ ਦੂਜਿਆਂ ਮਨੁੱਖਾਂ ਨਾਲ ਅਸਲੀ ਤੇ ਅਮਲੀ ਸੰਬੰਧਾਂ ਵਿਚੋਂ ਵੇਖਿਆ ਜਾ ਸਕਦਾ ਹੈ। ਵਿਜੋਗੀ ਹੋਈ ਕਿਰਤ ਰਾਹੀਂ ਮਨੁੱਖ ਉਪਜ ਨਾਲ ਓਭੜ ਅਤੇ ਸ਼ਤਰੂ ਵਿਅਕਤੀ ਵਜੋਂ ਉਪਜ ਦੀ ਪ੍ਰਕਿਰਿਆ ਨਾਲ ਹੀ ਸੰਬੰਧ ਨਹੀਂ ਜੋੜਦਾ, ਉਹ ਦੂਜੇ ਵਿਅਕਤੀਆਂ ਦੇ ਆਪਣੇ ਉਤਪਾਦਨ ਅਤੇ ਉਪਜ ਨਾਲ, ਆਪਣੇ ਅਤੇ ਦੂਜਿਆਂ ਵਿਚਾਲੇ ਰਿਸ਼ਤੇ ਨਾਲ ਵੀ ਸੰਬੰਧ ਜੋੜਦਾ ਹੈ।

ਕਾਮਾ ਵਿਹਲੇ ਸਮੇਂ ਹੀ ਸਵੈ ਨੂੰ ਘਰ ਵਿਚ ਪਾਉਂਦਾ ਹੈ ਜਦੋਂ ਕਿ ਕੰਮ ਉਤੇ ਉਹ ਬੇਘਰਾ ਹੁੰਦਾ ਹੈ। ਉਹਦਾ ਕੰਮ ਸਵੈ ਇੱਛਿਤ ਨਹੀਂ। ਇਹ "ਕਿਸੇ ਲੋੜ" ਦੀ ਪੂਰਤੀ ਨਹੀਂ ਬਲਕਿ "ਦੂਜੀਆਂ ਲੋੜਾਂ" ਦੀ ਪੂਰਤੀ ਦਾ ਮਾਧਿਅਮ ਹੈ। ਕਿਰਤ ਦਾ ਵਿਜੋਗੀ ਪੱਖ ਉਦੋਂ ਹੀ ਨਮੂਦਾਰ ਹੋ ਜਾਂਦਾ ਹੈ ਜਦੋਂ ਕੰਮ ਕਰਨ ਦੀ ਕਿਸੇ ਵੀ ਮਜਬੂਰੀ ਦੀ ਅਣਹੋਂਦ ਵਿਚ ਇਹਨੂੰ ਪਲੇਗ ਵਾਂਗ ਨਫਰਤ ਕੀਤੀ ਜਾਂਦੀ ਹੈ ਕਿ ਇਹ ਉਹਦਾ ਕੰਮ ਨਹੀਂ, ਕਿਸੇ ਹੋਰ ਵਿਅਕਤੀ ਦਾ ਹੁੰਦਾ ਹੈ। ਜਿੰਨਾ ਵੱਧ ਕੋਈ ਕਿਰਤੀ ਕੰਮ ਵਿਚ ਆਪਣਾ ਤਨ-ਮਨ ਖਰਚ ਕਰਦਾ ਹੈ ਉਨੀ ਹੀ ਵੱਧ ਤਾਕਤਵਰ ਵਸਤਾਂ ਦੀ ਉਹ ਦੁਨੀਆਂ ਬਣ ਜਾਂਦੀ ਹੈ ਜਿਹੜੀ ਉਹ ਸਿਰਜਦਾ ਹੈ, ਅਤੇ ਉਨਾ ਹੀ ਵੱਧ ਉਹ ਅੰਦਰੋਂ ਗ਼ਰੀਬ ਅਤੇ ਉਨਾ ਹੀ ਘੱਟ ਸਵੈ ਨਾਲ ਸੰਬੰਧਿਤ ਰਹਿ ਜਾਂਦਾ ਹੈ। ਕਿਰਤੀ ਆਪਣੀ ਉਪਜ ਵਿਚ ਆਪਣਾ ਜੀਵਨ ਪਾ ਦੇਂਦਾ ਹੈ ਅਤੇ ਫਿਰ ਉਹ ਜੀਵਨ ਉਹਦਾ ਆਪਣਾ ਨਹੀਂ ਰਹਿ ਜਾਂਦਾ, ਉਪਜ ਬਣ ਜਾਂਦਾ ਹੈ। ਜਿੰਨਾ ਵਡੇਰਾ ਉਹ ਅਮਲ ਹੈ ਉਨਾ ਹੀ ਘੱਟ ਉਹਦਾ ਸਵੈ ਬਚਦਾ ਹੈ। ਉਹਦੀ ਕਿਰਤ ਦੀ ਉਪਜ ਵਿਚ ਜੋ ਇਕੱਠਾ ਹੋ ਗਿਆ ਹੈ ਉਹ ਉਹਦਾ ਨਹੀਂ ਰਹਿ ਗਿਆ। ਕਿਰਤ ਦੇ ਆਪਣੀ ਉਪਜ ਵਿਚ ਅਜਨਬੀਕਰਨ ਦਾ ਅਰਥ ਇਹੋ ਨਹੀਂ ਕਿ ਉਹ ਕਿਰਤ ਇਕ ਵਸਤੂ ਬਣ ਗਈ ਹੈ ਬਲਕਿ, ਇਹ ਵੀ ਕਿ ਇਹ ਵਸਤੂ ਉਹਦੇ ਤੋਂ ਬਾਹਰ ਆਜ਼ਾਦ ਰੂਪ ਵਿਚ,

ਉਹਦੇ ਤੋਂ ਵਿਜੋਗੀ ਹੋਈ ਅਤੇ ਉਹਦੇ (ਕਿਰਤੀ ਦੇ) ਖਿਲਾਫ਼ ਇਕ ਖ਼ੁਦਮੁਖ਼ਤਾਰ ਤਾਕਤ ਵਜੋਂ ਉਹਦੀ ਦੁਸ਼ਮਣ ਬਣ ਕੇ ਖੜੀ ਹੋ ਜਾਂਦੀ ਹੈ। ਉਹ ਜ਼ਿੰਦਗੀ ਜਿਹੜੀ ਉਹਨੇ ਵਸਤ ਨੂੰ ਦਿੱਤੀ ਹੈ ਉਹਦੇ ਹੀ ਖਿਲਾਫ਼ ਇਕ ਵਿਰੋਧੀ/ਸ਼ਤਰੂ ਬਣ ਜਾਂਦੀ ਹੈ।

ਸਾਰੇ ਦੇ ਸਾਰੇ ਇਤਿਹਾਸ ਵਿਚ ਮਨੁੱਖ ਅਜਨਬੀਕਰਨ ਦੀ ਪ੍ਰਕਿਰਿਆ ਥਾਣੀਂ ਲੰਘਿਆ ਹੈ। ਗੁਲਾਮਦਾਰੀ ਅਤੇ ਸਾਮੰਤੀ ਯੁੱਗਾਂ ਵਿਚ ਤਾਂ ਇਹ ਪ੍ਰਕਿਰਿਆ ਬਹੁਤ ਹੀ ਸਪੱਸ਼ਟ ਸੀ ਕਿਉਂਕਿ ਇਹਨਾਂ ਯੁੱਗਾਂ ਵਿਚ ਮਨੁੱਖ ਸਿੱਧੇ ਰੂਪ ਵਿਚ ਮਨੁੱਖਾਂ ਰਾਹੀਂ ਨਿਯੰਤਰਿਤ ਕੀਤੇ ਜਾਂਦੇ ਸਨ, ਅਤੇ ਆਪਣੀ ਮਿਹਨਤ ਰਾਹੀਂ ਜੋ ਉਹ ਪੈਦਾ ਕਰਦੇ ਸਨ, ਸਿੱਧਾ ਹੀ ਦੂਜਿਆਂ ਦੀ ਮਾਲਕੀ ਬਣ ਜਾਂਦਾ ਸੀ। ਉਹਨਾਂ ਨੂੰ ਪਤਾ ਹੁੰਦਾ ਸੀ ਕਿ ਉਹਨਾਂ ਦੀ ਕਿਰਤ ਦਾ ਫਲ ਉਹਨਾਂ ਦੇ ਮਾਲਕਾਂ ਨੇ ਖਾਣਾ ਹੈ। ਇਸ ਪ੍ਰਬੰਧ ਨੂੰ ਕਾਨੂੰਨੀ ਅਤੇ ਸਮਾਜਕ ਦਰਜਾ ਦੇਣ ਲਈ ਕਾਨੂੰਨ-ਪ੍ਰਬੰਧ ਅਤੇ ਨੈਤਿਕਤਾ-ਪ੍ਰਬੰਧ ਹੋਂਦ ਵਿਚ ਲਿਆਂਦੇ ਜਾਂਦੇ ਸਨ। ਇਸ ਨਾਲ ਸਵੈ-ਅਜਨਬੀਅਤ ਪੈਦਾ ਹੁੰਦੀ ਸੀ।

ਅਜੋਕੇ ਪੂੰਜੀਵਾਦੀ ਪ੍ਰਬੰਧ ਵਿਚ ਅਜਨਬੀਅਤ ਆਪਣੇ ਸਿਖਰ-ਬਿੰਦੂ ਤੇ ਅੱਪੜ ਚੁੱਕੀ ਹੈ। ਉਤਪਾਦਨ ਦੇ ਵਿਭਿੰਨ ਰੂਪਾਂ ਨੇ ਮਿਹਨਤ ਦੀ ਵੰਡ ਦੇ ਅੰਤ੍ਰੀਵ ਰੂਪਾਂ ਨੂੰ ਪੈਦਾ ਕੀਤਾ ਅਤੇ ਉਸੇ ਹੀ ਮਿਕਦਾਰ ਨਾਲ ਅਜਨਬੀਅਤ ਵੀ ਵਧੀ।

ਹੀਗਲ ਨੇ ਰੂਹ ਦੇ ਸਵੈ-ਵਿਜੋਗ ਦਾ ਸਿਧਾਂਤ ਤਾਂ ਪੇਸ਼ ਕੀਤਾ ਸੀ ਪਰ, ਇਹਨੂੰ ਵਿਚਾਰਵਾਦੀ ਰੰਗਣ ਹੀ ਚੜ੍ਹੀ ਹੋਈ ਸੀ। ਉਹਦੇ "ਸਿਰਜਣਾਤਮਿਕਤਾ ਦੇ ਵਿਜੋਗ" ਦੇ ਸਿਧਾਂਤ ਨੂੰ ਮਾਰਕਸ ਨੇ "ਉਤਪਾਦਕਤਾ ਦੇ ਵਿਜੋਗ" ਦੇ ਸਿਧਾਂਤ ਵਿਚ ਬਦਲਕੇ ਉਹਨੂੰ ਪਦਾਰਥਵਾਦੀ ਸੰਕਲਪਨਾ ਦਾ ਰੁਤਬਾ ਪ੍ਰਦਾਨ ਕੀਤਾ। ਹੀਗਲ ਦਾ "ਵਿਭਾਜਤ ਮਨ" ਮਾਰਕਸ ਦਾ ਪੂੰਜੀਵਾਦੀ ਸਮਾਜ ਵਿਚ "ਦੁਖੀ ਪ੍ਰੋਲਤਾਰੀ" ਹੈ। ਮਨੁੱਖ ਵਿਭਾਜਤ ਹੋ ਚੁੱਕਾ ਹੈ ਅਤੇ ਉਸੇ ਦੁਨੀਆਂ ਨਾਲੋਂ ਕੱਟ ਦਿਤਾ ਗਿਆ ਹੈ ਜਿਸਨੂੰ ਉਸਨੇ ਬਣਾਇਆ ਹੈ। ਪ੍ਰੋਲਤਾਰੀ ਨੂੰ ਪਤਾ ਹੈ ਕਿ ਉਹ ਉਸ ਸਮਾਜਾਰਥਕ ਕ੍ਰਮ ਨਾਲ ਸੰਬੰਧਿਤ ਹੈ ਜਿਸਦਾ ਦਾਰੋਮਦਾਰ ਉਸਦੇ ਹੀ ਸਰੀਰਕ/ਮਾਨਸਿਕ ਕੰਮ ਉੱਪਰ ਹੈ ਪਰ ਜਿਹੜਾ ਉਹਦੀ ਰਚਨਾ ਨਾਲ ਉਹਨੂੰ ਜੁੜਣ ਨਹੀਂ ਦੇਂਦਾ।

ਪੂੰਜੀਵਾਦ ਨੇ ਕਿਰਤੀਆਂ ਦਾ ਸਭ ਕੁਝ ਤਬਾਹ ਕਰ ਦਿੱਤਾ ਹੈ। ਉਹ ਅਜਨਬੀ ਹਨ — ਬਿਗਾਨੇ। ਮਿਹਨਤ ਦੀ ਵੰਡ ਨੇ ਮਨੁੱਖ ਕੋਲੋਂ ਉਹਦੀ ਸਮਾਜਿਕਤਾ ਵੀ ਖੋਹ ਲਈ ਹੈ। ਇਕ ਮਸ਼ੀਨ ਉਤੇ ਇਕ ਹੀ ਪੁਰਜ਼ੇ ਦੇ ਇਕ ਹੀ ਅਮਲ ਨਾਲ ਸਾਲਾਂ ਬੱਧੀ ਘੁਲ ਰਿਹਾ ਮਨੁੱਖ ਆਪ ਇਕ ਪੁਰਜ਼ਾ ਬਣ ਕੇ ਰਹਿ ਜਾਂਦਾ ਹੈ।

ਇਸ ਤਰ੍ਹਾਂ ਬੁਰਜੁਆ ਨੀਤੀ ਸ਼ਾਸਤਰ ਸ਼ੋਸ਼ਕ ਜਮਾਤ ਦੀ ਮਹਾਨਤਾ ਨੂੰ ਲੰਮਿਆਉਣ ਦਾ ਢਕਿਆ ਹੋਇਆ ਯਤਨ ਹੈ। ਇਸੇ ਕਰਕੇ ਮਾਰਕਸ ਇਹਨਾਂ ਵਿਚਾਰਾਂ ਨੂੰ ਯੁੱਗ ਦੇ ਭਰਮ ਕਹਿੰਦਾ ਹੈ।

ਮਾਰਕਸ ਨੇ ਅਜਨਬੀਕਰਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ।

1. ਮਨੁੱਖ ਦਾ ਆਪਣੀ ਕਿਰਤ ਤੋਂ ਵਿਜੋਗਿਆ ਜਾਣਾ

ਮਨੁੱਖ ਦੀ ਪਛਾਣ ਉਹਦੀ ਕਿਰਤ ਵਿਚ ਹੈ। ਕਿਰਤ ਨੇ ਹੀ ਮਨੁੱਖ ਦਾ ਬਾਂਦਰ ਤੋਂ ਹੋਮੋਸੇਪੀਅਨ ਅਤੇ ਫੇਰ ਅਜੋਕੇ ਮਨੁੱਖ ਵਿਚ ਰੂਪ ਪਰਿਵਰਤਿਤ ਕੀਤਾ ਹੈ। ਮਨੁੱਖੀ ਕਿਰਤ ਦੇ ਫਲ ਨੂੰ ਜਦੋਂ ਕੋਈ ਦੂਜਾ ਹਥਿਆ ਕੇ ਲੈ ਜਾਂਦਾ ਹੈ ਅਤੇ ਫਲ ਦਾ ਨਾਮ ਉਹਦੇ ਨਾਮ ਨਾਲ ਜੁੜ ਜਾਂਦਾ ਹੈ ਤਾਂ ਕਿਰਤੀ ਆਪਣੀ ਕਿਰਤ ਨਾਲੋਂ ਵਿਜੋਗਿਆ ਜਾਂਦਾ ਹੈ।

2. ਆਪਣੇ ਆਪ ਤੋਂ ਵਿਜੋਗਿਆ ਜਾਣਾ

ਜਦੋਂ ਮਨੁੱਖ ਦੀ ਕਿਰਤ, ਉਸ ਦੀ ਬਣਾਈ ਹੋਈ ਵਸਤੂ, ਉਹਦੀ ਉਪਜ ਦੂਜੇ ਦੀ ਜਾਇਦਾਦ ਜਾਂ ਸਰਮਾਇਆ ਬਣ ਜਾਂਦੀ ਹੈ ਤਾਂ ਕਿਰਤੀ ਦੇ ਹੀ ਖ਼ਿਲਾਫ਼ ਵਿਰੋਧੀ ਦੁਸ਼ਮਣ/ਸ਼ਤਰੂ ਤਾਕਤ ਵਜੋਂ ਖੜੀ ਹੋ ਜਾਂਦੀ ਹੈ। ਉਸ ਉਪਜ ਵਿਚ ਕਿਰਤੀ ਦੀ ਜ਼ਿੰਦਗੀ ਲੱਗੀ ਹੈ, ਪਰ, ਕਿਉਂਕਿ ਉਹ ਹੁਣ ਉਹਦੀ ਨਹੀਂ ਰਹੀ ਕਿਸੇ ਹੋਰ ਦੀ ਬਣ ਗਈ ਹੈ, ਇਸ ਲਈ ਉਹ ਆਪਣੀ ਹੀ ਉਪਜ ਦੀ ਨਿਖੇਧੀ ਕਰਦਾ ਹੈ। ਇਸ ਤਰ੍ਹਾਂ ਉਹ ਆਪਣੀ ਉਪਜ ਦੀ ਨਿਖੇਧੀ ਕਰਦਾ ਹੋਇਆ ਆਪਣੇ ਆਪ ਤੋਂ ਵੀ ਵਿਜੋਗਿਆ ਜਾਂਦਾ ਹੈ। ਮਨੁੱਖ ਦੀ ਪਛਾਣ ਮਨੁੱਖ ਦੀ ਕਿਰਤ ਹੈ। ਕਿਰਤ ਦੇ ਲੁੱਟੇ ਜਾਣ ਉਪਰੰਤ ਉਹ ਆਪਣੀ ਪਛਾਣ ਗੁਆ ਬੈਠਦਾ ਹੈ ਅਤੇ ਆਪਣੇ ਸਵੈ ਤੋਂ ਬੇਗਾਨਾ ਹੋ ਜਾਂਦਾ ਹੈ।

3. ਮਨੁੱਖ ਦਾ ਦੂਜੇ ਮਨੁੱਖਾਂ ਤੋਂ ਵਿਜੋਗਿਆ ਜਾਣਾ

ਕਿਰਤ ਕਰਦੇ ਮਨੁੱਖ ਦੀ ਕਿਰਤ ਦੇ ਫਲ ਦੀ ਪਛਾਣ ਜਦੋਂ ਕਿਸੇ ਦੂਜੇ ਵਰਗ (ਪੂੰਜੀਪਤੀਆਂ) ਨੂੰ ਮਿਲ ਜਾਂਦੀ ਹੈ ਤਾਂ ਸਮਾਜ ਵਰਗਾਂ ਵਿਚ ਵਿਭਾਜਿਤ ਹੋ ਜਾਂਦਾ ਹੈ। ਇਸ ਤਰ੍ਹਾਂ ਕਿਰਤੀ ਦੂਜੇ ਮਨੁੱਖਾਂ ਤੋਂ ਵਿਜੋਗਿਆ ਜਾਂਦਾ ਹੈ।

4. ਮਨੁੱਖ ਦਾ ਅਸਤਿਤਵ ਤੋਂ ਵਿਜੋਗਿਆ ਜਾਣਾ

ਮਨੁੱਖ ਨੇ ਕਿਰਤ ਦੇ ਆਸਰੇ ਆਪਣਾ ਵਰਤਮਾਨ ਅਸਤਿਤਵ ਸਿਰਜਿਆ ਹੈ। ਉਸ ਦੀ ਕਿਰਤ ਨੇ, ਸਿਰਜਣਾ ਨੇ, ਰਚਨਾ-ਸ਼ਕਤੀ ਨੇ ਉਹਨੂੰ ਪਸ਼ੂਆਂ ਤੋਂ ਅੱਡ ਕੀਤਾ ਹੈ। ਪਰ, ਪੂੰਜੀਪਤੀ ਸਮਾਜ ਵਿਚ ਕਿਰਤੀ ਦੀ ਕਿਰਤ ਨਾਲ ਉਸ ਦਾ ਦੁਸ਼ਮਣ (ਸਰਮਾਇਆ) ਪੈਦਾ ਹੋ ਜਾਂਦਾ ਹੈ, ਇਸ ਲਈ ਕੰਮ ਕਰਨਾ ਉਸ ਦੀ ਖੁਸ਼ੀ ਨਹੀਂ, ਮਜਬੂਰੀ ਹੁੰਦੀ ਹੈ। ਇਹ ਕਿਰਤ ਉਹਦੇ ਉਤੇ ਠੋਸੀ ਗਈ ਜਬਰੀ ਕਿਰਤ ਹੈ। ਉਹਦੀ ਕਿਰਤ ਨੂੰ ਹਥਿਆ ਲੈਣ ਵਾਲੀ ਪੂੰਜੀ ਉਹਦੀ ਦੁਸ਼ਮਣ ਇਸ ਹੱਦ ਤਕ ਬਣਦੀ ਹੈ ਕਿ ਉਸ ਦੀਆਂ ਕੰਮ ਦੀਆਂ ਹਾਲਤਾਂ ਅਤੇ ਰਹਿਣ ਦੀਆਂ ਹਾਲਤਾਂ ਨੂੰ ਵੀ ਅਣਮਨੁੱਖੀ ਬਣਾ ਦੇਂਦੀ ਹੈ। ਇੰਜ ਕਿਰਤੀ ਕੰਮ ਵਾਲੀ ਥਾਂ ਤੇ ਦੁਖੀ ਮਹਿਸੂਸ ਕਰਦਾ ਹੈ। ਦੂਜੇ ਪਾਸੇ ਉਹ ਖਾਣ-ਪੀਣ, ਜੂਆ ਖੇਡਣ, ਸੈਕਸ ਕਰਨ, ਬਲਾਤਕਾਰ ਕਰਨ ਵਿਚੋਂ ਹੀ ਆਪਣੀ ਖੁਸ਼ੀ ਲੱਭਦਾ ਹੈ। ਉਹਦੇ ਮਨੁੱਖੀ ਅਸਤਿਤਵ ਦੇ ਗੁਣ ਲੋਪ ਹੋ ਜਾਂਦੇ ਹਨ ਅਤੇ ਜਾਨਵਰ ਵਾਲੇ ਗੁਣ ਬਾਹਰ ਆ ਜਾਂਦੇ ਹਨ। ਇਸ ਤਰ੍ਹਾਂ ਮਨੁੱਖ ਆਪਣੇ

ਮਨੁੱਖੀ ਅਸਤਿਤਵ ਤੋਂ ਵੀ ਵਿਜੋਗਿਆ ਜਾਂਦਾ ਹੈ।

ਜੇ ਮਨੁੱਖ ਇਸ ਦਮਨ, ਸ਼ੋਸ਼ਣ ਅਤੇ ਧੱਕੇ ਤੋਂ ਚੇਤੰਨ ਹੋ ਜਾਏ ਜਾਂ ਚੇਤੰਨ ਕਰ ਦਿਤਾ ਜਾਏ ਤਾਂ ਉਹ ਵਿਦਰੋਹੀ ਤੇ ਗੁਸੈਲ ਹੋ ਜਾਏਗਾ ਜਿਸ ਦਾ ਨਿਕਾਸ, ਜੇ ਜਥੇਬੰਦੀ ਦਾ ਰੂਪ ਧਾਰ ਲਵੇ ਤਾਂ ਮੁਕਤੀ ਵਿਚ ਬਦਲਿਆ ਜਾ ਸਕਦਾ ਹੈ।

ਪਰ ਜਦੋਂ ਇਹ ਦਮਨ, ਧੱਕਾ ਜਾਂ ਸ਼ੋਸ਼ਣ ਮਨੁੱਖ ਨੂੰ ਉਹਦੇ ਨਾਲ ਹੋਇਆ ਧੋਖਾ ਲਗੇ ਪਰ, ਉਹ ਇਹਦੇ ਕਾਰਨਾਂ ਤੋਂ ਚੇਤੰਨ ਨਾ ਹੋ ਸਕੇ ਜਾਂ ਕੀਤਾ ਨਾ ਜਾਵੇ ਤਾਂ ਇਹ ਅਜਨਬੀਅਤ ਨੂੰ ਜਨਮ ਦੇ ਦੇਵੇਗਾ, ਜਿਸ ਦਾ ਸਿੱਟਾ ਮਾਨਸਿਕ ਰੋਗਾਂ, ਮਾਨਸਿਕ ਤਣਾਉ, ਸਰੀਰਕ ਰੋਗ, ਥਿੜਕਣ, ਟੁੱਟਣ, ਭਟਕਣ, ਕੁਰਾਹੇ ਪੈਣ ਵਿਚ ਸਾਹਮਣੇ ਆ ਸਕਦਾ ਹੈ।[2]

ਮਾਨਸਿਕ ਰੋਗ ਅਗੇ ਫਿਕਰ, ਸਨਕ, ਡਰ ਉਦਾਸੀ, ਪਾਗਲਪਨ, ਉਨਮਾਦ, ਅਤੇ ਹਿਸਟੀਰੀਆ ਵਿਚ ਪਰਿਵਰਤਿਤ ਹੋ ਸਕਦਾ ਹੈ। ਮਾਨਸਿਕ ਤਣਾਉ, ਬਲੱਡ-ਪ੍ਰੈਸ਼ਰ, ਦਿਲ ਤੇ ਖ਼ੂਨ-ਨਾੜੀਆਂ ਦਾ ਰੋਗ, ਪੇਟ ਤੇ ਅੰਤੜੀਆਂ ਦੇ ਫੋੜੇ, ਸ਼ੂਗਰ ਰੋਗ, ਗੰਠੀਆ ਅਤੇ ਸਿਰਦਰਦ ਨੂੰ ਜਨਮ ਦੇ ਸਕਦਾ ਹੈ। ਇਸੇ ਤਰ੍ਹਾਂ ਥਿੜਕਣ/ਭਟਕਣ/ ਕੁਰਾਹੇ ਪੈਣ (Deviation) ਧਰਮ ਵਲ ਝੁਕਾਉ, ਨਸ਼ਾਖੋਰੀ, ਆਤਮਘਾਤ, ਖਾਣ-ਪੀਣ, ਸੈਕਸ ਵਲ ਵਧੇਰੇ ਝੁਕਾਉ, ਹਿੰਸਾ, ਘਟਨਾ ਵਰਗੇ ਸੰਤਾਪਾਂ ਨੂੰ ਜਨਮ ਦੇ ਸਕਦਾ ਹੈ।

ਅਜਨਬੀਕਰਨ ਦੇ ਸੰਦਰਭ ਵਿਚ ਇਕ ਵਿਸ਼ੇਸ਼ ਗੱਲ ਇਹ ਹੈ ਕਿ ਇਤਿਹਾਸਕ ਵਿਕਾਸ ਦਾ ਭੇਦ ਵੀ ਅਨਿਵਾਰੀ ਤੌਰ ਤੇ ਇਸੇ ਵਿਚ ਹੀ ਲੁਪਤ ਹੈ। ਅਜਨਬੀਕਰਨ ਜ਼ਰੂਰੀ ਅਤੇ ਤਰਕ ਸੰਗਤ ਹੈ। ਪਰ, ਇਹ ਸਵੈ ਇਨਕਾਰ ਅਤੇ ਸਵੈ-ਵਿਰੋਧ ਵੀ ਹੈ। ਪਰ, ਅਜਨਬੀਅਤ ਜਾਂ ਬੇਗਾਨਗੀ ਆਪਣਾ ਨਿਖੇਧ ਵੀ ਆਪ ਕਰੇਗੀ। ਪੂੰਜੀਵਾਦੀ ਯੁੱਗ ਵਿਚ ਮਨੁੱਖ ਬੇਗਾਨਾ ਤੇ ਓਪਰਾ ਹੈ, ਆਪਣੇ ਆਪ ਤੋਂ ਵਿਜੋਗਿਆ ਹੋਇਆ। ਇਸ ਯੁੱਗ ਨੂੰ ਸਮਾਜਵਾਦੀ ਯੁੱਗ ਵਿਚ ਪਰਿਵਰਤਿਤ ਕਰ ਦੇਣ ਦਾ ਅਰਥ ਹੈ, ਮਨੁੱਖ ਕੋਲ ਉਹਦੀ ਮਨੁੱਖਤਾ ਵਾਪਸ ਲੈ ਆਉਣਾ, ਉਹਦਾ ਬੇਗਾਨਾਪਨ ਖਤਮ ਕਰ ਕੇ ਉਹਨੂੰ ਆਪਣਾਪਨ ਦੇਣਾ।

ਅਜਨਬੀਅਤ ਦੇ ਰਿਸ਼ਤਿਆਂ ਦੀ ਹੋਂਦ, ਵਿਕਾਸ ਤੇ ਵਿਕਾਸ ਦਾ ਅਧਿਐਨ ਕਰ ਲੈਣ ਪਿਛੋਂ ਹੁਣ ਅਸੀਂ ਬਰਤਾਨਵੀ ਪੰਜਾਬੀ ਕਹਾਣੀ ਵਿਚ ਪੇਸ਼ ਪਾਤਰਾਂ, ਸਥਿਤੀਆਂ ਤੇ ਘਟਨਾਵਾਂ ਵਲ ਪਰਤਾਂਗੇ ਅਤੇ ਵੇਖਾਂਗੇ ਕਿ ਸਾਡੇ ਕਹਾਣੀਕਾਰ ਉਹਨਾਂ ਨੂੰ ਕਿਵੇਂ ਵੇਖਦੇ ਹਨ।

ਹੁਣ ਅਜਨਬੀਅਤ ਦੇ ਰਿਸ਼ਤਿਆਂ ਵਾਲੇ ਸਮਾਜ ਵਿਚ ਲੇਖਕ ਦੀ ਥਾਂ ਦੇ ਪ੍ਰਸ਼ਨ ਨੂੰ ਲੈਂਦੇ ਹਾਂ। ਉਹ ਲੇਖਕ ਜਿਹੜਾ ਪੂੰਜੀਵਾਦੀ ਮੰਡੀ ਦੀਆਂ ਕਦਰਾਂ ਕੀਮਤਾਂ ਦੁਆਰਾ ਸੰਚਾਲਿਤ ਸਮਾਜ ਵਿਚ ਕਰਮਸ਼ੀਲ ਹੁੰਦਾ ਹੈ ਤੇ ਜਿਹਦੇ ਵਿਚ ਸਮਾਜਿਕ ਰਿਸ਼ਤੇ ਪੈਸਿਆਂ ਅਤੇ ਵਸਤੂਆਂ ਦੁਆਰਾ ਵਿਚੋਲਿਤ ਹੁੰਦੇ ਹਨ, ਸਿਰਜਣਾਤਮਕ ਕੰਮ ਦੁਆਰਾ ਹੀ ਆਪਣੇ ਆਪ ਨੂੰ ਅਜਨਬੀਕਰਨ ਦੀ ਲਪੇਟ 'ਚੋਂ ਬਾਹਰ ਰੱਖ ਸਕਦਾ ਹੈ। ਇਥੇ

ਸਿਰਜਣਾਤਮਿਕ ਕੰਮ ਆਪਣੇ ਆਪ ਵਿਚ ਹੀ ਬੇਗਾਨਗੀ ਦੇ ਖਿਲਾਫ ਸੰਘਰਸ਼ ਦਾ ਇਕ ਅਨਿਵਾਰੀ ਅੰਗ ਹੁੰਦਾ ਹੈ।

ਇਹਨਾਂ ਹੀ ਅਰਥਾਂ ਵਿਚ ਮਨੁੱਖ ਆਪਣੀ ਸਮਾਜਿਕ ਦੁਨੀਆ ਉਸਾਰਦਾ ਹੈ, ਉਹ ਪ੍ਰਕਿਰਤੀ ਅਤੇ ਸਮਾਜ ਨੂੰ ਬਦਲਣ ਦੇ ਨਾਲ ਨਾਲ ਸਵੈ ਨੂੰ ਵੀ ਬਦਲਦਾ ਤੇ ਢਾਲਦਾ ਹੈ। ਆਰਥਕ ਪ੍ਰਕਿਰਿਆ ਜੋ ਸਮਾਜ ਵਿਚ ਉਸ ਤੋਂ ਬਾਹਰ ਵਾਪਰ ਰਹੀ ਹੈ, ਦਾ ਮਨੁੱਖ ਸਿਰਫ ਪਿਛਲੱਗ ਨਹੀਂ ਹੁੰਦਾ ਅਤੇ ਨਾ ਹੀ ਬਾਹਰੀ ਨੇਮਾਂ ਅਤੇ ਪ੍ਰਵਿਰਤੀਆਂ ਦਾ ਕੇਵਲ ਕੈਦੀ ਹੁੰਦਾ ਹੈ। ਮਨੁੱਖੀ ਕਿਰਿਆ ਦਾ ਕੇਂਦਰ ਸਮਾਜਿਕ ਦੁਨੀਆ ਹੀ ਹੈ ਪਰ ਇਹ ਅਜਨਬੀਅਤ ਦੇ ਰਿਸ਼ਤਿਆਂ ਵਾਲੀ ਸਮਾਜਿਕ ਦੁਨੀਆ ਹੈ ਜਿਸ ਵਿਚ ਉਹ ਦੂਜਿਆਂ ਦੇ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਸਿਰਜਣਾਤਮਿਕਤਾ ਅਜਿਹੇ ਅਜਨਬੀਅਤ ਦੇ ਰਿਸ਼ਤਿਆਂ ਦਾ ਇਕ ਦਮ ਵਿਰੋਧੀ ਮੱਤ ਹੈ।

ਇਹੋ ਕਾਰਨ ਹੈ ਕਿ ਪੂੰਜੀਪਤੀ ਪਰਿਵੇਸ਼ ਵਿਚ ਕਰਮਸ਼ੀਲ ਲੇਖਕ ਬਹੁਤੀ ਵਾਰੀ ਆਪਣੇ ਆਪ ਨੂੰ ਟੁੱਟਣ ਨਹੀਂ ਦੇਂਦਾ। ਉਹ ਸਾਹਿਤ-ਕਿਰਤ ਪੈਦਾ ਕਰਦਾ ਹੈ ਜਿਹੜੀ ਉਹਦੇ ਨਾਮ ਨਾਲ ਜਾਣੀ ਜਾਂਦੀ ਹੈ। ਉਹਦੀ ਉਪਜਾਈ ਵਸਤੂ ਦਾ ਉਹਦੇ ਰਾਹੀਂ ਪਛਾਣਿਆ ਜਾਣਾ, ਉਹਦੇ ਸਵੈ ਨੂੰ ਉਹਦੇ ਤੋਂ ਬੇਗਾਨਾ ਨਹੀਂ ਹੋਣ ਦੇਂਦਾ ਭਾਵੇਂ ਪੂੰਜੀਵਾਦੀ ਮੰਡੀ ਵਿਚ ਉਹਦੀ "ਦੂਜੀ" ਮਿਹਨਤ ਉਹਦੇ ਘਟਾਅ ਦਾ ਕਾਰਨ ਬਣਦੀ ਹੈ। ਸਿਰਫ਼ ਸਾਹਿਤਕਾਰ ਹੀ ਨਹੀਂ, ਇਹ ਹਰ ਪ੍ਰਕਾਰ ਦੀ ਕਲਾ, ਸਾਹਿਤ, ਸ਼ਿਲਪਕਾਰੀ ਲਈ ਵੀ ਸੱਚ ਹੈ।

ਅਸੀਂ ਵੇਖਾਂਗੇ ਕਿ ਬਰਤਾਨਵੀ ਆਰਥਕ/ਸਮਾਜਕ ਪਰਿਵੇਸ਼ ਬਾਰੇ ਲਿਖੀਆਂ ਗਈਆਂ ਬਹੁਤੀਆਂ ਕਹਾਣੀਆਂ ਪੈਸੇ ਲਈ ਕਮਲੇ ਹੋਏ ਫਿਰਦੇ, ਇਕ ਦੂਜੇ ਨਾਲ ਧੋਖਾ-ਧੜੀ ਕਰ ਰਹੇ, ਆਪਣੇ ਖੋਲ ਵਿਚ ਸੁੰਗੜਦੇ ਜਾ ਰਹੇ, ਸਾਧਾਂ ਸੰਤਾਂ ਤੇ ਭਾਰਤ ਤੋਂ ਗਏ ਸਿਆਸੀ ਲੀਡਰਾਂ ਪਿਛੇ ਪਾਗਲ ਹੋਏ ਫਿਰਦੇ ਪਾਤਰਾਂ ਨੂੰ ਪੇਸ਼ ਕਰਦੀਆਂ ਹਨ। ਪਾਤਰਾਂ ਦੀ ਬਹੁਤਾਤ ਸ਼ੋਸ਼ਣ/ਅਜਨਬੀਅਤ ਬਾਰੇ ਚੇਤੰਨ ਨਹੀਂ। ਸ਼ੋਸ਼ਣ ਬਾਰੇ ਚੇਤਨਾ ਦਾ ਅਭਾਵ ਉਹਨਾਂ ਦੇ ਵਿਦਰੋਹ/ਗੁੱਸੇ ਦਾ ਕਾਰਨ ਬਣਨ ਦੀ ਥਾਂ ਉਹਨਾਂ ਦੇ ਥਿੜਕਣ/ਭਟਕਣ ਅਤੇ ਕੁਰਾਹੇ ਪੈਣ (Deviation) ਦਾ ਕਾਰਨ ਬਣਦਾ ਹੈ।

ਪ੍ਰੀਤਮ ਸਿੱਧੂ ਦੀਆਂ ਬਹੁਤ ਸਾਰੀਆਂ ਕਹਾਣੀਆਂ ਇਸੇ ਤਰ੍ਹਾਂ ਦੇ ਹੀ ਥਿੱਬੇ ਹੋ ਚੁੱਕੇ ਪਾਤਰਾਂ ਨੂੰ ਪੇਸ਼ ਕਰਦੀਆਂ ਹਨ ਜਿਵੇਂ 'ਦੁੱਖ ਪ੍ਰਦੇਸਾਂ ਦੇ' ਅਤੇ 'ਸਾਧ' ਆਦਿ। ਕਹਾਣੀ 'ਦੁੱਖ ਪ੍ਰਦੇਸਾਂ ਦੇ' ਵਿਚ ਪੂੰਜੀਵਾਦੀ ਪਰਿਵੇਸ਼ ਵਿਚ ਪੈਸੇ ਦੇ ਪੁੱਤ ਬਣੇ ਲੋਕ ਬਾਖੂਬੀ ਪੇਸ਼ ਹੁੰਦੇ ਹਨ। 'ਪਰਤਾਪੇ ਦਾ ਦਿਆਲਾ' ਤੇ ਉਹਦੀ ਪਤਨੀ ਬੁੱਢੇ ਬਾਪ ਨੂੰ ਭਾਰਤ ਤੋਂ ਮੰਗਵਾ ਤਾਂ ਲੈਂਦੇ ਹਨ ਪਰ ਸਿਰਫ ਏਸ ਕਰਕੇ ਕਿ ਉਹ ਕਮਾਈ ਕਰਕੇ ਪੈਸੇ ਉਹਨਾਂ ਨੂੰ ਦਿਆ ਕਰੇ। ਭਾਨ ਸਿੰਘ ਦਾ ਵਾਪਸ ਆਪਣੀ ਪਤਨੀ ਕਰਤਾਰੀ ਕੋਲ ਮੁੜ ਜਾਣ ਨੂੰ ਚਿੱਤ ਕਰਦਾ ਹੈ, ਪਰ ਪੈਸੇ ਹੈ ਨਹੀਂ। ਅਖੀਰ ਉਹ ਕਿਸੇ ਪੰਡਿਤ ਦੇ ਰੈਸਟੋਰੈਂਟ ਵਿਚ ਕੰਮ ਕਰਦਾ ਹੋਇਆ ਗੱਲੇ 'ਚੋਂ ਚੋਰੀ ਕਰਦਾ ਫੜ ਲਿਆ ਜਾਂਦਾ ਹੈ ਕਿਉਂਕਿ ਪੈਨੀ ਪੈਨੀ ਕਰ ਕੇ ਜੋੜੇ ਜਹਾਜ਼ ਦੇ ਕਿਰਾਏ 'ਚੋਂ ਅਜੇ ਅੱਸੀ ਪੌਂਡ

ਘਟਦੇ ਸਨ। ਇਸੇ ਤਰ੍ਹਾਂ ਸਿੱਧੂ ਦੀ ਕਹਾਣੀ 'ਧੂੰਏ ਦਾ ਬੁੱਲਾ' ਵਿਚ ਮਨੁੱਖ ਮਨੁੱਖ ਨਾਲੋਂ ਟੁਟਾ ਹੋਇਆ ਪੇਸ਼ ਹੁੰਦਾ ਹੈ। ਮੰਗਲ ਸਿੰਘ ਫੈਕਟਰੀਆਂ ਵਿਚ ਕੰਮ ਕਰ ਕਰ ਕੇ ਨਕਾਰਾ ਹੋ ਚੁੱਕਾ ਅਤੇ ਹਸਪਤਾਲ ਪਿਆ ਹੈ। ਬੰਤਾ ਸਿੰਘ, ਜਿਹਨੂੰ ਉਹ ਆਪਣਾ ਬੜਾ ਗੂੜ੍ਹਾ ਯਾਰ ਤੇ ਬੇਲੀ ਸਮਝਦਾ ਹੈ, ਉਹਦੀ ਫਿਊਨਰਲ ਤੇ ਬੈਠਾ ਉਹਦੀ ਬੀਮੇ ਵਾਲੀ ਰਕਮ ਨੂੰ ਹੜੱਪਣ ਦੀਆਂ ਵਿਉਂਤਾਂ ਬਣਾ ਰਿਹਾ ਹੈ। ਮੌਤ ਉਤੇ ਆਏ ਨੂੰ ਵੀ ਉਹਨੂੰ ਝੋਰਾ ਹੈ ਕਿ ਮੰਗਲ ਸੋਂਹ ਨਾ ਮਰਦਾ ਤਾਂ ਉਹਦੀ ਦਿਹਾੜੀ ਵੀ ਨਾ ਮਰਦੀ। ਇਹਨਾਂ ਚਰਿੱਤਰਾਂ ਦਾ ਅਜਨਬੀਕਰਨ ਹੋ ਚੁੱਕਿਆ ਹੈ। ਉਹਨਾਂ ਦਾ ਸਵੈ ਉਹਨਾਂ 'ਚੋਂ ਖਾਰਜ ਹੋ ਚੁੱਕਿਆ ਹੈ। ਉਹ ਪੈਸੇ ਦੇ ਗੁਲਾਮ ਬਣ ਚੁੱਕੇ ਹਨ। ਕਸੂਰ ਉਹਨਾਂ ਦਾ ਨਹੀਂ, ਪੈਸੇ ਵਾਲਾ ਸਮਾਜ ਉਹਨਾਂ ਦੀ ਘਾੜਤ ਹੀ ਇਸ ਤਰ੍ਹਾਂ ਦੀ ਕਰ ਰਿਹਾ ਹੈ।

ਸ਼ਿਵਚਰਨ ਗਿੱਲ ਦੀ ਕਹਾਣੀ 'ਪੱਛੋਂ ਦੀ 'ਵਾ' ਵਿਚਲਾ ਖੁਸ਼ੀ ਮੁਹੰਮਦ ਸਵੇਰੇ ਸ਼ਾਮ ਕਈ ਕਈ ਸ਼ਿਫਟਾਂ ਕੰਮ ਤੇ ਲਾ ਰਿਹਾ ਹੈ ਅਤੇ ਇਸੇ ਹੀ ਕਰਕੇ ਆਪਣੀਆਂ ਦੋ ਬੀਵੀਆਂ ਵਿਚੋਂ ਕਿਸੇ ਨੂੰ ਵੀ ਪਾਕਿਸਤਾਨ ਤੋਂ ਨਹੀਂ ਮੰਗਵਾਉਂਦਾ। ਫੈਕਟਰੀ ਵਿਚ ਵੀ ਉਹਦੇ ਅਤੇ ਨਾਜ਼ਰ ਸਿੰਘ ਵਿਚਕਾਰ ਸਾਰਾ ਸੰਵਾਦ ਕੇਵਲ ਪੈਸੇ/ਪੇਅ ਪੈਕਟ ਨੂੰ ਲੈ ਕੇ ਹੀ ਹੁੰਦਾ ਹੈ। ਖੁਸ਼ੀ ਮੁਹੰਮਦ ਅਤੇ ਦੂਸਰੇ ਪਾਤਰ ਆਪਣੇ ਆਪ ਨਾਲ ਬਹਿਣ ਨੂੰ ਤਿਆਰ ਹੀ ਨਹੀਂ। ਉਹ ਸਦਾ ਕੰਮ ਉਤੇ ਹਨ ਅਤੇ ਸਦਾ ਹੀ ਬੇਗਾਨੇ ਹਨ। ਜਦੋਂ ਕਿਰਤੀ ਕੰਮ ਨਹੀਂ ਕਰ ਰਿਹਾ ਹੁੰਦਾ ਤਾਂ ਉਹ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ ਪਰ ਜਦੋਂ ਕੰਮ ਕਰ ਰਿਹਾ ਹੁੰਦਾ ਹੈ ਤਾਂ ਉਹਦਾ ਸਵੈ ਉਹਦੇ ਸਵੈ 'ਚੋਂ ਖਾਰਜ ਹੋ ਜਾਂਦਾ ਹੈ।

ਸੁਰਿੰਦਰ ਦੇਹਲਵੀ ਦੀਆਂ ਦੋ ਕਹਾਣੀਆਂ 'ਮਕਾਨ' ਅਤੇ 'ਭਟਕਣ' ਅਜਨਬੀਅਤ ਦੇ ਰਿਸ਼ਤਿਆਂ ਨੂੰ ਇਹਨਾਂ ਦੀ ਚਰਮ ਸੀਮਾਂ ਤੱਕ ਪ੍ਰਦਰਸ਼ਿਤ ਕਰਦੀਆਂ ਹਨ। 'ਮਕਾਨ' ਕਹਾਣੀ ਵਿਚ ਹਰਜੀਤ ਮਕਾਨ ਕੀ ਖਰੀਦਦਾ ਹੈ, ਬੱਸ ਉਹਦੀਆਂ ਕਿਸ਼ਤਾਂ ਅਤੇ ਹੋਰ ਬਿੱਲਾਂ ਦੇ ਭੁਗਤਾਣ ਵਿਚ ਹੀ ਖੁਰਦਾ ਜਾ ਰਿਹਾ ਹੈ। ਪੂੰਜੀਵਾਦੀ ਪਰਿਵੇਸ਼ ਵਿਚ ਰਿਸ਼ਤਿਆਂ ਦੇ ਬਣਨ ਅਤੇ ਟੁੱਟਣ ਦਾ ਮੁੱਖ ਕਾਰਨ ਆਰਥਕਤਾ ਹੀ ਹੈ। ਪੂੰਜੀਪਤੀ ਅਤੇ ਉਪਜ ਦੇ ਸਾਧਨਾਂ ਦੇ ਮਾਲਕ ਆਪਣੇ ਜ਼ਾਤੀ ਲਾਭਾਂ ਲਈ ਲੋਕਾਂ ਦੀ ਕਮਾਈ ਦੀ ਦਰ ਤੋਂ ਕਿਤੇ ਵੱਧ ਵਸਤਾਂ ਦੀਆਂ ਕੀਮਤਾਂ ਵਧਾਉਂਦੇ ਹਨ। ਸਿੱਟੇ ਵਜੋਂ ਪਤੀ-ਪਤਨੀ ਨੂੰ ਰੋਜ਼ਗਾਰ 'ਚੋਂ ਏਨਾ ਸਮਾਂ ਹੀ ਨਹੀਂ ਮਿਲਦਾ ਜਿਹਨੂੰ ਉਹ ਇਕੱਠੇ ਗੁਜ਼ਾਰ ਸਕਣ। ਇਸ ਤਰ੍ਹਾਂ ਓਵਰ-ਟਾਈਮ ਅਤੇ ਰਾਤਾਂ ਦਾ ਕੰਮ ਮਨੁੱਖਾਂ ਦੀ ਮਜਬੂਰੀ ਹੈ, ਸੁਤੰਤਰ ਚੋਣ ਨਹੀਂ। ਮਨੁੱਖ ਨੂੰ ਇਕ ਮਸ਼ੀਨੀ ਪੁਰਜ਼ਾ ਬਣਾ ਦੇਣਾ ਅਤੇ ਉਹਦੇ ਸਵੈ ਤੋਂ ਬੇਗਾਨਾ ਕਰ ਦੇਣਾ ਪੂੰਜੀ ਲਈ ਮੁਨਾਫਾ ਕਮਾਉਣ ਦਾ ਹਥਿਆਰ ਹੈ : ਇਹ ਪ੍ਰਬੰਧ ਦਾ ਲਾਜ਼ਮੀ ਸਿੱਟਾ ਹੈ।

ਜਿੰਨੀ ਖੂਬਸੂਰਤੀ ਨਾਲ ਸੁਰਿੰਦਰ ਦੇਹਲਵੀ ਆਪਣੀ ਕਹਾਣੀ 'ਭਟਕਣ' ਵਿਚ ਅਜਨਬੀਅਤ ਨੂੰ ਪੇਸ਼ ਕਰ ਸਕਿਆ ਹੈ ਉਹ ਸਲਾਹੁਣਯੋਗ ਹੈ। ਇਸ ਕਹਾਣੀ ਦੀ

ਨਾਇਕਾ (ਇਕ ਅੰਗਰੇਜ਼ ਕੁੜੀ) ਪੂਰਨ ਰੂਪ ਵਿਚ ਸਵੈ-ਬਿਗਾਨਗੀ ਦਾ ਸ਼ਿਕਾਰ ਹੈ। ਮਿਹਨਤ ਦੀ ਅਸੀਮ ਵੰਡ ਅਤੇ ਮਨੁੱਖੀ ਸਿਰਜਣਾਤਮਿਕਤਾ ਨੂੰ ਖੋਹ ਲੈਣ ਵਾਲੇ ਪੈਸੇ ਦੇ ਇਸ ਸਮਾਜ ਵਿਚ ਵਿਅਕਤੀ ਟੋਟਿਆਂ ਵਿਚ ਵਿਭਾਜਤ ਹੋਣ ਲਈ ਮਜਬੂਰ ਹੈ। ਕੈਥੀ ਭਟਕਣ ਦਾ ਸ਼ਿਕਾਰ ਹੈ। ਪੈਸੇ ਦੀ ਸਰਦਾਰੀ ਵਾਲੇ ਇਸ ਮਾਹੌਲ ਨੇ ਮਨੁੱਖੀ ਕਿਰਦਾਰਾਂ ਨੂੰ ਚਿੱਥ-ਖੜਿੱਥੋ ਕਰ ਦਿੱਤਾ ਹੈ। ਕੈਥੀ ਨੂੰ ਅਜੇਹੇ ਸਮੇਂ ਉਸ ਚੇਤਨਾ ਦੀ ਜ਼ਰੂਰਤ ਹੈ ਜਿਸ ਨਾਲ ਉਹ ਬੇਗਾਨਗੀ ਦੇ ਕਾਰਨਾਂ ਨੂੰ ਸਮਝ ਕੇ, ਦੂਜੀਆਂ ਸ਼ਕਤੀਆਂ ਨਾਲ ਮਿਲ ਕੇ ਉਹਨਾਂ ਕਾਰਨਾਂ ਨਾਲ ਲੜ ਸਕੇ। ਉਹ ਭਟਕਣ ਦਾ ਹੱਲ ਪਲਾਇਣ ਵਿਚੋਂ ਵੇਖ ਰਹੀ ਹੈ। ਉਹ ਬੇਗਮਪੁਰਾ ਲੱਭ ਰਹੀ ਹੈ ਜੋ ਕਿਤੇ ਨਹੀਂ।

ਸਾਥੀ ਲੁਧਿਆਣਵੀ ਦੀ ਕਹਾਣੀ ''ਕੱਚ ਦੇ ਮਹਿਲ'' ਵਿਚ ਉਹ ਮੈਂਟਲ ਟੈਨਸ਼ਨ ਨੂੰ ਪੇਸ਼ ਕਰ ਰਿਹਾ ਹੈ। ਦਰਅਸਲ, ਇੰਗਲੈਂਡ ਦਾ ਪੰਜਾਬੀ ਦੋ ਮਾਰਾਂ ਝੱਲ ਰਿਹਾ ਹੈ: ਪਹਿਲੀ — ਉਹ ਬਰਤਾਨੀਆ ਦੇ ਸਮਾਜ ਦਾ ਮਰਕਜ਼ੀ ਮਨੁੱਖ ਨਹੀਂ ਸਗੋਂ ਇਸ ਦੇ ਹਾਸ਼ੀਏ ਤੇ ਖੜ੍ਹਾ ਹੈ, ਦੂਜੀ: ਉਹ ਪੈਸੇ ਦੇ ਇਸ ਸਮਾਜ ਵਿਚ ਅਜਨਬੀਅਤ ਦਾ ਸ਼ਿਕਾਰ ਹੈ ਬਲਕਿ ਅਜਨਬੀਅਤ ਦਾ ਸ਼ਿਕਾਰ ਹੋਣ ਕਰਕੇ ਹੀ ਉਹ ਹਾਸ਼ੀਏ ਤੇ ਖੜ੍ਹਾ ਹੈ। ਅਤੇ ਚੇਤਨਾ ਦੇ ਵਿਕਸਿਤ ਨਾ ਹੋਣ ਕਰਕੇ ਉਹ ਪਹਿਲਾਂ ਹੀ ਮਾਨਸਿਕ ਟੈਨਸ਼ਨ ਦਾ ਸ਼ਿਕਾਰ ਹੈ। ਉਹਦੀ ਧੀ ਦੇ ਗੋਰੇ ਨਾਲ ਘਰੋਂ ਭੱਜ ਜਾਣ ਨੇ ਤਾਂ ਕੇਵਲ ਉਸ ਮੈਂਟਲ ਟੈਨਸ਼ਨ ਨੂੰ ਸਤਾਹ ਉਤੇ ਲੈ ਆਂਦਾ ਹੈ ਕਿਉਂਕਿ ਉਹ ਇਹ ਮਾਰ ਝੱਲਣ ਦੇ ਸਮਰੱਥ ਨਹੀਂ ਸੀ।

ਹਰਜੀਤ ਅਟਵਾਲ ਦੀ ਕਹਾਣੀ 'ਫ਼ਰਕ' ਵਿਚਲਾ ਮੰਗਲ ਸਿੰਘ ਭਾਵੇਂ ਇਕ ਵਿਸ਼ੇਸ਼ ਪ੍ਰਕਾਰ ਦੀ ਜੱਟ-ਮਾਨਸਿਕਤਾ ਲਈ ਬੈਠਾ ਹੈ ਪਰ ਉਹਦੇ ਜੱਟਪੁਣੇ ਦਾ ਕੱਦ ਸਮਾਜਕ ਵਾਤਾਵਰਣ ਦੇ ਪੈਸੇ ਦੇ ਕੱਦ ਤੋਂ ਬਹੁਤਾ ਛੋਟਾ ਹੈ। ਉਹਦੇ ਨਵੇਂ ਸਿਆੜ, ਦੁਕਾਨ ਅਤੇ ਪੁਲੀਸ ਨੂੰ ਹਜ਼ਾਰ ਰੁਪਿਆ ਦੇ ਕੇ ਭਈਏ ਕਢਵਾਉਣ ਵਾਲੀ ਗੱਲ ਅਤੇ ਇਸੇ ਅਨੁਰੂਪ ਅੰਗਰੇਜ਼ ਗੁਆਂਢੀਆਂ ਨੂੰ ਸੁਧਾਰਨ ਵਾਲੀ ਗੱਲ, ਦਰਅਸਲ, ਪੈਸੇ ਕਰਕੇ ਹੈ। ਪੈਸਾ ਹੀ ਉਸ ਦਾ ਸਰਵਸਵ ਹੈ। ਪੈਸੇ ਕਰਕੇ ਹੀ ਉਹ ਮਨੁੱਖਾਂ ਨੂੰ ਕਾਲੇ, ਗੋਰੇ-ਭਈਏ, ਦੇਸੀ ਤੇ ਬਦੇਸੀ ਦੇ ਪ੍ਰਵਰਗਾਂ ਵਿਚ ਵੰਡ ਕੇ ਵੇਖਦਾ ਹੈ। ਪੈਸੇ ਦੇ ਹਿੱਤਾਂ ਵਾਲੇ ਮਾਹੌਲ ਵਿਚ ਉਹ ਏਦੂੰ ਵੱਧ ਕੁਝ ਹੋ ਹੀ ਨਹੀਂ ਸਕਦਾ।

ਗੁਰਨਾਮ ਗਿੱਲ ਦੀ ਕਹਾਣੀ ''ਆਪਣਾ ਪਿੰਡ, ਆਪਣਾ ਘਰ'' ਵੀ ਪੈਸੇ ਦੇ ਰਿਸ਼ਤਿਆਂ ਨੂੰ ਹੀ ਅਭਿਵਿਅਕਤੀ ਦੇ ਰਹੀ ਹੈ। ਤਰਸੇਮ ਨੀਲਗਿਰੀ ਦੀ ਕਹਾਣੀ ''ਦੋ ਕਿਨਾਰੇ'' ਵਿਚਲਾ ਪਾਖਰ ਸਿੰਘ ਇਸ ਬੇਗਾਨਗੀ ਤੋਂ ਡਰਦਾ ਭੱਜ ਜਾਂਦਾ ਹੈ ਅਤੇ ਅੰਤ ਪਿੰਡ ਜਾ ਕੇ ਸਾਹ ਲੈਂਦਾ ਹੈ ਜਿੱਥੇ ਉਹਦਾ ਬਾਪ ਫਿਰ ਉਹਨੂੰ ਵਾਪਸ ਵਲੈਤ ਜਾਣ ਤੇ ਕਮਾਈ ਕਰਕੇ ਘੱਲਣ ਲਈ ਮਜਬੂਰ ਕਰ ਰਿਹਾ ਹੈ। ਮੁਸ਼ਤਾਕ ਸਿੰਘ ਦੀ ਕਹਾਣੀ ''ਦਰਦ ਵੰਡਾਏ ਕੌਣ'' ਵੀ ਪੈਸੇ ਦੀ ਸਰਦਾਰੀ ਵਿਚ ਅਜਨਬੀਕ੍ਰਿਤ ਮਨੁੱਖ ਨੂੰ ਹੀ ਪੇਸ਼ ਕਰ ਰਹੀ ਹੈ।

ਰਘਬੀਰ ਢੰਡ ਦੀ ਕਹਾਣੀ 'ਨਾਗ' ਭਾਵੇਂ ਨਸਲਵਾਦ ਨੂੰ ਪੇਸ਼ ਕਰ ਰਹੀ ਹੈ

ਪਰ, ਅਜਨਬੀਅਤ ਦੇ ਰਿਸ਼ਤਿਆਂ ਨੂੰ ਵੀ ਭਰਪੂਰ ਪ੍ਰਗਟਾਵਾ ਦੇ ਰਹੀ ਹੈ, ਜਿਵੇਂ : "ਉਹ ਜਿਧਰ ਵੀ ਮੁੜਦਾ, ਉਹਦੀਆਂ ਨਜ਼ਰਾਂ ਸਾਹਵੇਂ ਪਸਰੀਆਂ ਚੀਜ਼ਾਂ ਉਸ ਨੂੰ ਘੂਰ ਘੂਰ ਕੇ ਵੇਖਦੀਆਂ । ਚੀਜ਼ਾਂ, ਬੜੀਆਂ ਜਾਣੀਆਂ ਪਛਾਣੀਆਂ ਹੋਈਆਂ । ਔਹ ਸਾਹਮਣੇ ਉੱਨ ਦੀ ਮਿੱਲ ਸੀ, ਜਿਸ ਵਿਚ ਪੰਜ ਸੌ ਤੋਂ ਵੱਧ ਭਾਰਤੀ ਅਤੇ ਪਾਕਿਸਤਾਨੀ ਭਰਾ ਕੰਮ ਕਰਦੇ ਸਨ । ਬਾਰਾਂ ਬਾਰਾਂ ਘੰਟੇ ਰੋਜ਼ । ਨਿਰੋਲ ਮਜ਼ਦੂਰੀ । ਪਤਾ ਨਹੀਂ ਕਿੰਨੇ ਸਾਲਾਂ ਤੋਂ ਉਹ ਇੰਜ ਹੀ ਕੰਮ ਕਰ ਰਹੇ ਸਨ ਤੇ ਪਤਾ ਨਹੀਂ ਕਿੰਨਾ ਚਿਰ ਤਕ ਇੰਜ ਹੀ ਕਰਦੇ ਰਹਿਣਗੇ । ਇਸ ਮਿੱਲ ਦੀ ਚਿਮਨੀ ਇਹਨਾਂ ਦੇ ਸਾਹਾਂ ਨੂੰ ਧੂੰਏਂ ਵਿਚ ਢਾਲਦੀ ਰਹੇਗੀ ਅਤੇ ਦੁਆਬੇ ਤੇ ਮੀਰਪੁਰ ਦੀਆਂ ਧਰਤੀਆਂ ਸੁੰਗੜ ਕੇ ਦੋ ਰੋਟੀਆਂ ਜਿੱਡੀਆਂ ਰਹਿ ਜਾਣਗੀਆਂ, ਜਿਹੜੀਆਂ ਪ੍ਰਦੇਸ ਵਿਚ ਵਧੀ ਭੁੱਖ ਨਹੀਂ ਮਿਟਾ ਸਕਣਗੀਆਂ ਅਤੇ ਰਾਣੀ ਦੀ ਮੂਰਤ ਵਾਲਾ ਪੌਂਡ, ਮੁਲਕ ਦੇ ਹੋਰ ਹਿੱਸਿਆਂ ਵੱਲ ਹਰਕਤ ਕਰਨੀ ਸ਼ੁਰੂ ਕਰ ਦਏਗਾ ।"

ਸੋ, ਅਸੀਂ ਵੇਖਦੇ ਹਾਂ ਕਿ ਕਿਵੇਂ ਮਨੁੱਖ ਬਾਰਾਂ-ਬਾਰਾਂ ਘੰਟੇ ਕੰਮ ਕਰਕੇ ਬੇਘਰ ਹੁੰਦਾ ਜਾਂਦਾ ਹੈ । ਮਨੁੱਖ ਦਿਨ-ਰਾਤ ਤੇ ਰਾਤ-ਦਿਨ ਪੈਸੇ ਦੀ ਗੁਲਾਮੀ ਕਰ ਰਿਹਾ ਹੈ । ਉਹ ਆਪਣੇ ਲਈ ਅਤੇ ਦੂਜਿਆਂ ਲਈ ਅਜਨਬੀ ਹੈ, ਸਿਰਫ਼ ਪੈਸਾ ਹੀ ਉਹਦੀ ਪਛਾਣ ਹੈ ਯਾਨਿ ਪੈਸਾ ਉਹਦੀਆਂ ਲੋੜਾਂ ਦਾ ਮਾਧਿਅਮ ਨਹੀਂ ਉਹਦਾ ਸਵੈ ਹੈ, ਅਤੇ ਉਹ ਆਪ ਕਿਤੇ ਵੀ ਨਹੀਂ ।

ਸਵਰਨ ਚੰਦਨ ਦੀਆਂ ਕਹਾਣੀਆਂ — 'ਦਾਲ ਖਾਣ ਵਾਲੇ', 'ਪਛਾਣ', 'ਖਾਲੀ ਪਲਾਂ ਦੀ ਸਾਂਝ' ਆਦਿ ਵੀ ਪੂੰਜੀਵਾਦੀ ਪਰਿਵੇਸ਼ ਵਿਚ ਅਜਨਬੀ ਹੋ ਚੁੱਕੇ ਮਨੁੱਖਾਂ ਨੂੰ ਪੇਸ਼ ਕਰਦੀਆਂ ਹਨ । 'ਦਾਲ ਖਾਣ ਵਾਲੇ' ਕਹਾਣੀ ਦੇ ਮਨਸਾ ਸਿੰਘ ਨੂੰ ਪਿੰਡ ਵਾਲੀਆਂ ਜਗੀਰੂ ਕਦਰਾਂ ਦੇ ਪਿਘਲ ਜਾਣ ਦਾ ਝੋਰਾ ਹੈ ਜਦੋਂ ਕਿ ਸੁਰੈਣ ਸਿੰਘ ਦੇ ਮੁੰਡੇ ਹੁਣ ਸ਼ਰਾਬ ਦੀਆਂ ਦੁਕਾਨਾਂ ਦੇ ਮਾਲਕ ਬਣ ਕੇ ਮਾੜੇ-ਧੀੜੇ ਨੂੰ ਸਿਆਣਦੇ ਹੀ ਨਹੀਂ । ਕਹਾਣੀ 'ਪਛਾਣ' ਵਿਚਲਾ ਦੇਵਿੰਦਰ ਸਿੰਘ ਹੁਣ ਜਾਣਦਾ ਹੀ ਨਹੀਂ ਕਿ ਪ੍ਰੀਤਮ ਸਿੰਘ ਕੌਣ ਹੈ — ਉਹ ਪ੍ਰੀਤਮ ਸਿੰਘ ਜਿਹਨੇ ਉਹਨੂੰ ਵਪਾਰ ਵਿਚ ਲਿਆਂਦਾ ਸੀ ਅਤੇ ਆਪ ਇਸ ਵਿਚੋਂ ਨਿਕਲ ਗਿਆ ਸੀ । 'ਖਾਲੀ ਪਲਾਂ ਦੀ ਸਾਂਝ' ਵਾਲੇ ਦੋਵੇਂ ਬਜ਼ੁਰਗ ਪਤੀ-ਪਤਨੀ ਆਖ਼ਰੀ ਉਮਰ ਕੱਲੇਕਾਰੇ, ਕੱਟੇ ਹੋਏ ਤੇ ਸੰਤਾਪੀ ਹੋਂਦ ਜਿਊਣ ਲਈ ਮਜਬੂਰ ਹਨ ।

ਮਰਹੂਮ ਸੁਰਜੀਤ ਵਿਰਦੀ ਇਕ ਪ੍ਰੌਢ ਕਹਾਣੀਕਾਰ ਸੀ । ਉਹਦੀ ਹਰ ਕਹਾਣੀ ਮਨੁੱਖੀ ਅਜਨਬੀਅਤ ਨੂੰ ਚਿੰਨਾਤਮਕ ਸ਼ੈਲੀ ਵਿਚ ਪੇਸ਼ ਕਰਦੀ ਜਾਪਦੀ ਹੈ । ਕਹਾਣੀ 'ਮੱਖੀਆਂ' ਵਿਚ ਉਹ ਮਨੁੱਖੀ ਬਿਗਾਨਗੀ ਦਾ ਰੂਪ ਇਉਂ ਸਿਰਜਦਾ ਹੈ :

> ਬਾਰ ਵਿਚ ਮੈਂ ਪਹਿਲਾ ਬੰਦਾ ਹਾਂ । ਰੋਜ਼ ਵਾਂਗ ਕੰਮ ਤੋਂ ਆ ਕੇ ਘਰ ਜਾਣ ਤੋਂ ਪਹਿਲਾਂ ਬੀਅਰ ਪੀਣ ਆਇਆ ਹਾਂ । ਬੀਅਰ ਦਾ ਗਲਾਸ ਦੇਣ ਲਗਿਆਂ ਬਾਰ ਦੇ ਮਾਲਕ ਦੀ ਕਾਊਂਟਰ ਪਿਛਿਉਂ ਆਈ ਤਜਾਰਤੀ ਮੁਸਕਰਾਹਟ, ਬਲਬਾਂ ਦੀ ਰੋਸ਼ਨੀ ਵਿਚ ਉਸਦੇ ਬਨਾਵਟੀ ਦੰਦਾਂ ਦਾ

ਲਿਸ਼ਕਣਾ। ਬਾਹਰ ਹਨੇਰੇ ਦਾ ਹੋਰ ਵੱਧਣਾ, ਅੰਦਰ ਰੌਸ਼ਨੀਆਂ ਦੀ
ਆਬਸ਼ਾਰ, ਕੰਧ ਉਪਰ ਲਟਕੇ ਘੜਿਆਲ ਦੀਆਂ ਸੂਈਆਂ ਦਾ ਤੇਜ਼
ਤੇਜ਼ ਤੁਰਨਾ, ਕੁਝ ਹੋਰ ਲੋਕਾਂ ਦਾ ਆ ਜਾਣਾ, ਸ਼ੁਕਰਵਾਰ ਦੀ ਸ਼ਾਮ,
ਤਨਖ਼ਾਹੀ ਰੌਣਕ।

ਰਤਨਾ ਤਾਰਿਆਂ ਵਿਚੋਂ ਇਕ ਤਾਰਾ ਹੈ ਤਾਰਿਆਂ ਜਿੰਨੀ ਦੂਰ। ਬਾਰ ਵਿਚ ਬਹੁਤ ਬੰਦੇ ਹਨ। ਮੈਂ ਸਮੂਹ ਦਾ ਟੁਕੜਾ ਹਾਂ, ਫੇਰ ਵੀ ਇਕੱਲਾ ਹੀ ਆਪਣੇ ਆਪ ਵਿਚ ਜਿਵੇਂ ਸਾਰੇ ਤਾਰੇ ਰਾਤ ਹਨ, ਪਰ ਕੱਲਾ ਤਾਰਾ, ਕੱਲਾ ਤਾਰਾ ਹੀ ਹੈ, ਹਰ ਤਾਰੇ ਤੋਂ ਦੂਰ।

ਮੈਂ ਦੀਵਾਰਾਂ ਵਲ ਵੇਖਦਾ ਹਾਂ, ਇਨ੍ਹਾਂ ਨਾਲ ਲਟਕੀਆਂ ਬੰਦੂਕਾਂ, ਤਲਵਾਰਾਂ, ਤਸਵੀਰਾਂ, ਖੋਪਰੀਆਂ ਅੰਦਰ ਧਸ ਗਈਆਂ ਲਗਦੀਆਂ ਹਨ। ਸੰਗਲਾਂ ਨਾਲ ਬੱਝੇ ਕੈਦੀਆਂ ਦੀ ਲੰਮੀ ਕਤਾਰ, ਤਪਦਾ ਰੇਗਿਸਤਾਨ — ਅਮੁੱਕ ਉਮਰ, ਸਾਗਰਾਂ ਦੀ ਡੂੰਘੀ ਚੁੱਪ ਦਾ ਸ਼ੋਰ, ਸਾਹਿਤ ਦੇ ਜੰਗਲ, ਭੁੱਲੇ ਰਸਤੇ ਭਟਕੇ ਰਾਹੀ, ਮਸ਼ੀਨਾਂ ਦੇ ਇਕ ਸੁਰ ਹਿਲਦੇ ਪੁਰਜ਼ੇ, ਡਰਾਉਣੇ ਖ਼ਾਬਾਂ ਨਾਲ ਭਰੀਆਂ ਨੀਂਦਾਂ — ਕਵਿਤਾ, ਕਹਾਣੀ, ਚਿਤਰ-ਜਿਉਂਦੇ ਰਹਿਣ ਦੇ ਤਰਲੇ। ਅਖ਼ਬਾਰਾਂ ਦੀਆਂ ਸੁਰਖ਼ੀਆਂ, ਖ਼ਬਰਾਂ, ਮਿੱਠੀਆਂ ਕੌੜੀਆਂ ਕਸੈਲੀਆਂ, ਫਿੱਕੀਆਂ, ਤਿੱਖੀਆਂ, ਪੂਦਨੇ ਦੇ ਸਤ ਵਾਲੀਆਂ, ਟੁੱਟੇ ਸ਼ੀਸ਼ੇ ਤਿੜਕੇ ਅਕਸ।

ਦਰਸ਼ਨ ਸਿੰਘ ਧੀਰ ਦੀ ਕਹਾਣੀ 'ਰਿਸ਼ਤਿਆਂ ਦਾ ਰੰਗ' ਪੂੰਜੀ-ਕੇਂਦਰਿਤ ਸਮਾਜ ਦੇ ਪੈਸਾ-ਉਨਮੁੱਖ ਰਿਸ਼ਤਿਆਂ ਨੂੰ ਰੂਪਮਾਨ ਕਰਦੀ ਹੈ। 'ਕੱਪਰੀ ਬਦਲੀ' ਵਿਚ ਧੀਰ ਇੰਗਲੈਂਡ ਦੀ ਮੁਸ਼ੱਕਤ ਭਰੀ ਜ਼ਿੰਦਗੀ ਨੂੰ ਰੂਪਬੱਧ ਕਰਦਾ ਹੈ ਜਿਸ ਵਿਚ ਹਰ ਪੌਂਡ ਬਦਲੇ ਮਨੁੱਖ ਆਪਣੀ ਹੋਂਦ ਦਾ ਕੁਝ ਹਿੱਸਾ ਮਾਰ ਲੈਂਦਾ ਜਾਂ ਗੁਆ ਲੈਂਦਾ ਹੈ। ਇਸੇ ਤਰ੍ਹਾਂ 'ਸਿਰ ਹਾਰ ਗਿਆ' ਨਾਮਿਕ ਕਹਾਣੀ ਵੀ ਪੈਸੇ ਦੀ ਸਰਦਾਰੀ ਨੂੰ ਕਿਸੇ ਹੋਰ ਪ੍ਰਕਣ ਵਿਚ ਪੇਸ਼ ਕਰ ਰਹੀ ਹੈ। 'ਪਾੜਾ' ਕਹਾਣੀ ਭਾਰਤੀਆਂ ਦੇ ਦੋਹਰੇ ਮੁੱਲਾਂ ਨੂੰ ਪੇਸ਼ ਕਰਦੀ ਹੈ ਜੋ ਚੇਤਨਾਹੀਣ ਅਜਨਬੀ ਮਨੁੱਖ ਦਾ ਵਿਸ਼ੇਸ਼ ਲੱਛਣ ਹੁੰਦਾ ਹੈ।


ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬਰਤਾਨਵੀ ਪੰਜਾਬੀ ਕਹਾਣੀ ਸਮੁੱਚੇ ਰੂਪ ਵਿਚ ਪੂੰਜੀਵਾਦੀ ਪਰਿਵੇਸ਼ ਦੀ ਪੈਸਾ-ਪ੍ਰਧਾਨ ਰੁੱਚੀ ਨੂੰ ਇਸਦੇ ਵੱਖ ਵੱਖ ਪੱਖਾਂ ਵਿਚ ਪੇਸ਼ ਕਰਨ ਵਲ ਪ੍ਰਵਿਰਤ ਹੈ। ਅਜਨਬੀਕਰਨ ਦੀ ਪ੍ਰਕਿਰਿਆ ਦਾ ਪੈਸਾ-ਪ੍ਰਧਾਨ ਪੱਖ ਕੇਵਲ ਇਕ ਪੱਖ ਹੈ, ਜਦੋਂ ਕਿ ਮਨੁੱਖ ਦਾ ਫੈਕਟਰੀ ਫਲੋਰ ਉਤੇ ਤਿਆਰ ਕੀਤੀ ਆਪਣੀ ਕਿਰਤ ਤੋਂ ਟੁੱਟ ਜਾਣਾ, ਆਪਣੀ ਬਹੁਦਿਸ਼ਾਵੀ ਯੋਗਤਾ ਤੋਂ ਹੱਥ ਧੋ ਬਹਿਣਾ, ਮਿਹਨਤ ਦੀ ਵੰਡ ਨਾਲ ਕੰਮ ਦੀ ਇਕ ਵਿਸ਼ੇਸ਼ ਕਿਰਿਆ ਤਕ ਸੀਮਤ ਹੋ ਕੇ ਅਪੰਗ ਹੋ ਜਾਣਾ ਆਦਿ ਦੂਸਰੇ ਅਨੇਕਾਂ ਪੱਖ ਹਨ। ਪਰ, ਬਰਤਾਨਵੀ ਪੰਜਾਬੀ ਕਹਾਣੀ ਨੇ ਅਜੇ ਇਹਨਾਂ ਪੱਖਾਂ ਨੂੰ ਨਹੀਂ ਲਿਆ। ਬਰਤਾਨਵੀ ਪੰਜਾਬੀ ਕਹਾਣੀਕਾਰ ਉਥੋਂ ਦੇ ਭਾਰਤੀ ਪੰਜਾਬੀ ਸਮਾਜ ਨੂੰ ਇਹਨਾਂ ਸਾਰੇ ਰੰਗਾਂ ਵਿਚ ਵੇਖ ਚੁੱਕੇ ਹਨ — ਨਾ ਸਿਰਫ ਏਹੋ ਹੀ ਸਗੋਂ ਆਪ ਇਸ ਤਰਜ਼ੇ ਜ਼ਿੰਦਗੀ ਨੂੰ ਹੰਢਾ ਚੁੱਕੇ ਹਨ। ਪਰ ਉਤਪਾਦਨ ਦੀ ਬਾਹਰੋਂ ਠੋਸੀ ਇਸ ਪ੍ਰਕਿਰਿਆ ਵਿਚ ਮਨੁੱਖ ਦੇ ਇਕ ਅਣੂ ਤਕ ਘਟਾਅ ਨੂੰ

ਉਹ ਕਹਾਣੀ ਵਿਚ ਰੂਪਬਧ ਨਹੀਂ ਕਰ ਸਕੇ। ਹਾਂ, ਸੁਰਿੰਦਰ ਦੇਹਲਵੀ ਦੀ ਕਹਾਣੀ 'ਭਟਕਣ', ਰਘਬੀਰ ਢੰਡ ਦੀਆਂ ਕਹਾਣੀਆਂ ਦੇ ਕੁਝ ਅੰਸ਼ ਅਤੇ ਸਵਰਨ ਚੰਦਨ ਦੀਆਂ ਕੁਝ ਕਹਾਣੀਆਂ ਮਨੁੱਖ ਦੇ ਅਜਨਬੀਕਰਨ ਨੂੰ ਕਿਸੇ ਹੱਦ ਤਕ ਪੇਸ਼ ਕਰਦੀਆਂ ਹਨ, ਜਦੋਂ ਕਿ ਬਹੁਤੇ ਕਹਾਣੀਕਾਰਾਂ ਨੇ ਸਿਰਫ ਪੈਸੇ ਦੀ ਸਰਦਾਰੀ ਰਾਹੀਂ ਮਨੁੱਖ ਦੇ ਅਮਾਨਵੀਕਰਨ ਨੂੰ ਹੀ ਕਹਾਣੀ-ਰੂਪ ਵਿਚ ਪੇਸ਼ ਕਰਨ ਦੀ ਚੇਸ਼ਟਾ ਕੀਤੀ ਹੈ।

ਸ਼ਾਇਦ, ਬਾਵਜੂਦ ਉਹਨਾਂ ਦੇ ਅਜਿਹੀ ਹੋਂਦ ਜਿਉਣ ਦੇ, ਬਰਤਾਨਵੀ ਕਹਾਣੀਕਾਰਾਂ ਨੇ ਇਹਨੂੰ ਵਿਸਤਾਰ ਵਿਚ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਉਹਨਾਂ ਨੇ ਮਨੁੱਖ ਨੂੰ ਬੀਮਾਰ ਹੋਇਆ ਵੇਖਿਆ ਹੈ — ਮਾਨਸਿਕ ਰੋਗੀ, ਸਰੀਰਕ ਰੋਗੀ, ਵਿਸ਼ਾਦ ਗ੍ਰਸਤ ਅਤੇ ਕੁਰਾਹੇ ਪਿਆ। ਉਹਨਾਂ ਨੇ ਵੇਖਿਆ ਹੈ ਕਿ ਬਰਤਾਨੀਆ ਦਾ ਔਸਤ ਮਨੁੱਖ ਨਸ਼ਿਆਂ, ਕੁਰੀਤੀਆਂ ਦੇ ਹਵਾਲੇ ਵੀ ਹੋ ਗਿਆ ਹੈ। ਲੁੱਟ-ਮਾਰ, ਚੋਰੀ, ਅੱਗਜ਼ਨੀ, ਪਾਗਲਪਨ, ਆਤਮਘਾਤ, ਸੈਕਸ, ਨਸ਼ੇ, ਸਨਕ, ਫਿਕਰ, ਚਿੰਤਾ — ਇਹ ਸਾਰੀਆਂ ਬਿਮਾਰੀਆਂ ਵੱਧ ਰਹੀਆਂ ਹਨ। ਇਹ ਸਭ ਕੁਝ ਸਾਹਮਣੇ ਹੈ — ਦ੍ਰਿਸ਼ਟਮਾਨ, ਮੂਰਤ। ਪਰ ਮਰਜ਼/ਬਿਮਾਰੀ ਆਦ੍ਰਿਸ਼ਟਮਾਨ ਹਨ, ਅਮੂਰਤ। ਸ਼ਾਇਦ ਸਾਡੇ ਕਹਾਣੀਕਾਰ ਬਿਮਾਰੀਆਂ ਦੇ ਲੱਛਣਾਂ ਨਾਲ ਘੁਲ ਰਹੇ ਹਨ, ਇਹਨਾਂ ਦੇ ਕਾਰਨਾਂ ਨਾਲ ਨਹੀਂ। ਅਮੂਰਤ ਨੂੰ ਫੜਨ ਤੋਂ ਬਿਨਾ ਕਹਾਣੀ ਨਹੀਂ ਬਣ ਸਕਦੀ। ਸ਼ਾਇਦ ਸਾਡਾ ਇਹ ਲੇਖ ਬ੍ਰਤਾਨਵੀ ਪੰਜਾਬੀ ਕਹਾਣੀਕਾਰਾਂ ਦਾ ਧਿਆਨ ਇਸ ਅਮੂਰਤ/ਅਦ੍ਰਿਸ਼ਟਮਾਨ ਵੱਲ ਦੁਆ ਸੱਕਣ ਦੇ ਯੋਗ ਹੋ ਸਕੇ — ਇਸੇ ਆਸ ਨਾਲ ਅਸੀਂ ਆਪਣੀ ਗੱਲ ਖ਼ਤਮ ਕਰਦੇ ਹਾਂ।

1. ਇਹ ਪੇਪਰ ਮਾਰਚ 1989 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕੀਤੇ ਗਏ ਸੈਮੀਨਾਰ ਵਿਚ ਪੇਸ਼ ਕੀਤਾ ਗਿਆ।
2. ਸ਼ਿਆਮ ਸੁੰਦਰ ਦੀਪਤੀ, ਸਮਾਜ ਤੇ ਮਾਨਸਿਕ ਰੋਗ, ਸ਼ਬਦ ਲੋਕ, ਅਬੋਹਰ, 1984।

⊙



ਨਾਮ : ਸਵਰਨ ਚੰਦਨ

ਜਨਮ : 2 ਸਤੰਬਰ, 1941, ਜ਼ਿਲਾ : ਅੰਮ੍ਰਿਤਸਰ

ਵਿਦਿਆ : ਬੀ. ਐਸ. ਸੀ, ਏ. ਐਲ. ਏ, ਐਮ. ਏ, ਪੀ. ਐਚ. ਡੀ.

ਕਿਤਾ : ਕੁੱਲ-ਵਕਤੀ ਲੇਖਣ

ਸਨਮਾਨ : ਭਾਈ ਮੋਹਨ ਸਿੰਘ ਵੈਦ ਪੁਰਸਕਾਰ, 1981
ਬਾਵਾ ਬਲਵੰਤ ਯਾਦਗਾਰੀ ਸਨਮਾਨ, ਢੁੱਡੀਕੇ ਟ੍ਰਸਟ 1986
ਸ੍ਰੋਮਣੀ ਸਾਹਿਤਕਾਰ (ਬਦੇਸ਼ੀ), ਭਾਸ਼ਾ ਵਿਭਾਗ, ਪਟਿਆਲਾ, 1987
ਸ੍ਰੋਮਣੀ ਸਮੀਖਿਆਕਾਰ ਐਵਾਰਡ, ਭਾਰਤੀ ਮਜ਼ਦੂਰ ਸਭਾ, ਯੂ. ਕੇ, 1988

ਨਾਵਲ : ਨਵੇਂ ਰਿਸ਼ਤੇ, ਕੱਚੇ ਘਰ, ਕੱਖ-ਕਾਨ ਤੇ ਦਰਿਆ, ਕਦਰਾਂ ਕੀਮਤਾਂ, ਕੰਜਕਾਂ।

ਨਾਵਲੈੱਟ : ਅਤੀਤ, ਸ਼ਤਰੰਜ, ਹਸਤ-ਰੇਖਾ।

ਕਹਾਣੀ-ਸੰਗ੍ਰਿਹ : ਉਜੜਿਆ ਖੂਹ, ਪੁੰਨ ਦਾ ਸਾਕ, ਖਾਲੀ ਪਲਾਂ ਦੀ ਸਾਂਝ, ਲਾਲ ਚੌਂਕ, ਕੁਆਰ ਗੰਦਲ।

ਸਮੀਖਿਆ : ਸੰਵੇਦਨਾ ਤੇ ਸਾਹਿਤ, ਅੰਮ੍ਰਿਤਾ ਪ੍ਰੀਤਮ ਦੀ ਗਲਪ ਅਤੇ ਕਾਵਿ-ਚੇਤਨਾ, ਦਵੰਦਵਾਦੀ ਸਮੀਖਿਆ ਪ੍ਰਣਾਲੀ।

ਸਫ਼ਰਨਾਮਾ : ਆਪਣੀ ਧਰਤੀ।

ਕਵਿਤਾ : ਚਾਨਣ ਦੀ ਲਕੀਰ, ਦੂਸਰਾ ਪੜਾਅ

ਪਤਾ : 1743-Outram Line
G.T.B. Nagar (Kingsway Camp)
Delhi-110009